ਮੰਗਲਵਾਰ, 25 ਮਾਰਚ, 2025
12 ਚੇਤ { ਨਾਨਕਸ਼ਾਹੀ 557 / ਬਿਕਰਮੀ 2081
ਜਿਲਦ/VOL. : 73
ਅੰਕ/NO. : 293

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 25 MARCH, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12




# ਕਾਮਰਾ ਦੀ ਪੈਰੋਡੀ ਤੋਂ ਸ਼ਿੰਦੇ ਦੇ ਸੈਨਿਕ ਭੜਕੇ

**ਮੁੰਬਈ** : ਪੁਲਸ ਨੇ ਸੋਮਵਾਰ ਉੱਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਦੇ ਯੁਵਾ ਧੜੇ ਯੁਵਾ ਸੈਨਾ ਦੇ 11 ਮੈਂਬਰਾਂ ਨੂੰ ਹੈਬੀਟੈਟ ਕਾਮੇਡੀ ਸਥਾਨ ਦੀ ਭੰਨਤੋੜ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਇਹ ਸਮੂਹ ਸਟੈਂਡਅੱਪ ਕਾਮੇਡੀਅਨ ਕੁਨਾਲ ਕਾਮਰਾ ਵੱਲੋਂ ਯੂਟਿਊਬ 'ਤੇ ਅਪਲੋਡ ਕੀਤੇ ਗਏ ਆਪਣੇ ਹਾਲ ਹੀ ਦੇ ਕਾਮੇਡੀ ਵਿਸ਼ੇਸ਼ 'ਨਯਾ ਭਾਰਤ' 'ਤੇ ਕੀਤੀਆਂ ਗਈਆਂ ਕਥਿਤ ਅਪਮਾਨਜਨਕ ਟਿੱਪਣੀਆਂ ਦਾ ਵਿਰੋਧ ਕਰ ਰਿਹਾ ਸੀ।

ਪੁਲਸ ਅਨੁਸਾਰ ਨੌਜਵਾਨ ਸਮੂਹ ਉਸ ਸਮੇਂ ਸਥਾਨ ਦੇ ਅੰਦਰ ਗਿਆ, ਜਦੋਂ ਕਾਮੇਡੀਅਨ ਰਜਤ ਸੂਦ ਦਾ ਲਾਈਵ ਸ਼ੋਅ ਚੱਲ ਰਿਹਾ ਸੀ, ਉਸ ਨੂੰ ਸ਼ੋਅ ਰੋਕਣ ਲਈ ਮਜਬੂਰ ਕੀਤਾ ਗਿਆ ਅਤੇ ਭੰਨਤੋੜ ਕੀਤੀ ਗਈ। ਸ਼ਿਵ ਸੈਨਾ ਨੇ ਕਾਮਰਾ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ 'ਤੇ ਸਖਤ ਇਤਰਾਜ਼ ਜਤਾਇਆ ਹੈ।

ਕਾਮਰਾ ਨੇ ਸ਼ਿੰਦੇ ਨੂੰ ਗ਼ੱਦਾਰ ਕਹਿ ਕੇ ਦਿਲ ਤੋਂ ਪਾਗਲ ਹੈ ਫਿਲਮ ਦੇ ਗਾਣੇ ਦੀ ਪੈਰੋਡੀ ਗਾਈ ਸੀ। ਇਸ ਵਿੱਚ 2022 ਵਿੱਚ ਸ਼ਿੰਦੇ ਵੱਲੋਂ ਆਪਣੇ ਪ੍ਰਧਾਨ ਊਧਵ ਠਾਕਰੇ ਵਿਰੁੱਧ ਬਗਾਵਤ ਦਾ ਜ਼ਿਕਰ ਸੀ।

ਇਸ ਦੌਰਾਨ ਮਹਾਰਾਸ਼ਟਰ ਵਿੱਚ ਵਿਰੋਧੀ ਗੱਠਜੋੜ ਨੇ ਕਾਨੂੰਨ ਵਿਵਸਥਾ ਦੇ ਵਿਗੜਨ ਲਈ ਮਹਾਯੁਤੀ ਸਰਕਾਰ ਦੀ ਆਲੋਚਨਾ ਕੀਤੀ ਹੈ ਅਤੇ ਸ਼ਿਵ ਸੈਨਾ (ਯੂ ਬੀ ਟੀ) ਦੇ ਅਰਵਿੰਦ ਸਾਵੰਤ ਨੇ ਕਿਹਾ ਹੈ ਕਿ ਕਾਮਰਾ ਵੱਲੋਂ ਬੋਲਿਆ ਗਿਆ ਹਰ ਸ਼ਬਦ ਸਹੀ ਹੈ। ਸ਼ਿੰਦੇ ਸੈਨਾ ਦੇ ਸੰਜੇ ਨਿਰੂਪਮ ਨੇ ਦੋਸ਼ ਲਗਾਇਆ ਕਿ ਜਿਸ ਥਾਂ 'ਤੇ ਇਹ ਸ਼ੋਅ ਰਿਕਾਰਡ ਕੀਤਾ ਗਿਆ ਸੀ, ਉਸ ਦੀ ਬੁਕਿੰਗ ਦਾ ਪੈਸਾ ਊਧਵ ਠਾਕਰੇ ਦੇ ਘਰ ਮਾਤੋਸ਼੍ਰੀ ਤੋਂ ਆਇਆ ਸੀ ਅਤੇ ਇਸੇ ਲਈ ਏਕਨਾਥ ਸ਼ਿੰਦੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਨ੍ਹਾ ਅੱਗੇ ਦੋਸ਼ ਲਗਾਇਆ ਕਿ ਕਾਮਰਾ 'ਰਾਹੁਲ ਗਾਂਧੀ ਅਤੇ ਕਾਂਗਰਸ ਈਕੋ ਸਿਸਟਮ' ਦਾ ਹਿੱਸਾ ਹੈ। ਪੁਲਸ ਨੇ ਕੁਨਾਲ ਕਾਮਰਾ ਖਿਲਾਫ ਵੀ ਕੇਸ ਦਰਜ ਕੀਤਾ ਹੈ। ਇਹੀ ਨਹੀਂ, ਪੁਲਸ ਨੇ ਸ਼ਿਵ ਸੈਨਾ ਦੇ ਉਨ੍ਹਾਂ 40 ਵਰਕਰਾਂ ਖਿਲਾਫ ਵੀ ਕੇਸ ਦਰਜ ਕੀਤਾ ਹੈ, ਜਿਨ੍ਹਾਂ ਮੁੰਬਈ ਦੇ ਖਾਰ ਇਲਾਕੇ ਵਿਚ ਹੈਬੀਟੈਟ ਸਟੂਡੀਓ ਤੇ ਹੋਟਲ ਦੀ ਕਥਿਤ ਭੰਨਤੋੜ ਕੀਤੀ। ਦਾਅਵਾ ਕੀਤਾ ਜਾਂਦਾ ਹੈ ਕਿ ਕਾਮਰਾ ਦਾ ਸ਼ੋਅ 'ਗੱਦਾਰ' ਇਸੇ ਸਟੂਡੀਓ ਵਿੱਚ ਫਿਲਮਾਇਆ ਗਿਆ ਸੀ, ਜਿਸ ਵਿੱਚ ਸ਼ਿੰਦੇ ਖਿਲਾਫ ਕਥਿਤ ਟਿੱਪਣੀਆਂ ਕੀਤੀਆਂ ਗਈਆਂ ਸਨ। ਪੁਲਸ ਨੇ ਕਿਹਾ ਕਿ ਵੱਡੀ ਗਿਣਤੀ ਸ਼ਿਵ ਸੈਨਾ ਵਰਕਰ ਐਤਵਾਰ ਰਾਤ ਨੂੰ ਹੋਟਲ ਦੇ ਬਾਹਰ ਇਕੱਤਰ ਹੋ ਗਏ। ਉਨ੍ਹਾਂ ਹੋਟਲ ਤੇ ਇਸ ਵਿਚਲੇ ਸਟੂਡੀਓ ਦੀ ਕਥਿਤ ਭੰਨਤੋੜ ਕੀਤੀ। ਕਾਬਿਲੇਗੌਰ ਹੈ ਕਿ ਹੈਬੀਟੈਟ ਸਟੂਡੀਓ ਉਹੀ ਥਾਂ ਹੈ, ਜਿੱਥੇ • ਬਾਕੀ ਸਫਾ 2 'ਤੇ




ਸ਼ਿਵ ਸੈਨਾ ਵਰਕਰ ਹੈਬੀਟੈਟ ਸਟੂਡੀਓ ਦੀ ਭੰਨਤੋੜ ਕਰਦੇ ਹੋਏ (ਸੱਜੇ) ਸਟੂਡੀਓ ਨੂੰ ਢਾਹੁੰਦੇ ਨਿਗਮ ਮੁਲਾਜ਼ਮ।

## ਸ਼ਿੰਦੇ ਤੋਂ ਮੁਆਫੀ ਨਹੀਂ ਮੰਗਾਂਗਾ : ਕਾਮਰਾ

ਕੁਨਾਲ ਕਾਮਰਾ ਨੇ ਕਿਹਾ ਹੈ ਕਿ ਜਦੋਂ ਤੱਕ ਕੋਰਟ ਹਦਾਇਤ ਨਹੀਂ ਕਰਦੀ, ਉਹ ਉੱਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਤੋਂ ਆਪਣੀ 'ਗ਼ੱਦਾਰ' ਟਿੱਪਣੀ ਲਈ ਮੁਆਫੀ ਨਹੀਂ ਮੰਗਣਗੇ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਸੀ ਕਿ ਕਾਮਰਾ ਸ਼ਿੰਦੇ ਤੋਂ ਮੁਆਫੀ ਮੰਗੇ।



# ਹਿੰਸਾ ਦੇ ਖਤਰੇ ਕਾਰਨ ਸ਼ੰਭੂ ਤੇ ਖਨੌਰੀ ਮੋਰਚੇ ਹਟਾਏ : ਪੰਜਾਬ ਸਰਕਾਰ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਆਪਣੇ ਐਕਸ਼ਨ ਨੂੰ ਦਰੁੱਸਤ ਕਰਾਰ ਦਿੰਦਿਆਂ ਸੋਮਵਾਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਇੰਟੈਲੀਜੈਂਸ ਇਨਪੁੱਟ ਤੋਂ ਸੰਕੇਤ ਮਿਲਿਆ ਸੀ ਕਿ ਸ਼ੰਭੂ ਤੇ ਖਨੌਰੀ ਮੋਰਚਿਆਂ 'ਤੇ ਡਟੇ ਕਿਸਾਨ ਬੈਰੀਕੇਡ ਤੋੜ ਕੇ ਦਿੱਲੀ ਵੱਲ ਮੁੜ ਮਾਰਚ ਸ਼ੁਰੂ ਕਰ ਸਕਦੇ ਹਨ। ਪਟਿਆਲਾ ਦੇ ਐੱਸ ਐੱਸ ਪੀ ਨਾਨਕ ਸਿੰਘ ਵੱਲੋਂ ਦਾਖਲ ਹਲਫਨਾਮੇ ਵਿੱਚ ਕਿਹਾ ਗਿਆ ਕਿ ਸੂਬਾਈ ਇੰਟੈਲੀਜੈਂਸ ਵਿੰਗ ਸਮੇਤ ਵੱਖ-ਵੱਖ ਵਸੀਲਿਆਂ ਤੋਂ ਇਕੱਤਰ ਸੂਹਾਂ ਮੁਤਾਬਕ ਕਿਸਾਨਾਂ ਵੱਲੋਂ ਬੈਰੀਕੇਡ ਤੋੜਨ ਲਈ ਹਿੰਸਕ ਕੋਸ਼ਿਸ਼ ਕਰਨ ਦੀ ਸੰਭਾਵਨਾ ਹੈ। ਕਿਸਾਨ ਆਗੂਆਂ ਤੇ ਕੇਂਦਰੀ ਮੰਤਰੀਆਂ ਵਿਚਾਲੇ 19 ਮਾਰਚ ਨੂੰ ਹੋਈ ਗੱਲਬਾਤ ਤੋਂ ਬਾਅਦ ਸਥਿਤੀ ਵਿਗੜ ਗਈ ਸੀ। ਕਿਸਾਨ ਨੁਮਾਇੰਦਿਆਂ ਨੇ ਮੀਟਿੰਗ ਨੂੰ 'ਨਾਕਾਮ' ਸਮਝਿਆ ਸੀ। ਹਲਫਨਾਮੇ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਨੇ ਮੋਰਚਿਆਂ ਵਿੱਚ ਅਮਨ ਭੰਗ ਹੋਣ ਦੀਆਂ ਨਾਜ਼ੁਕ ਤੇ ਚਿੰਤਾਜਨਕ ਰਿਪੋਰਟਾਂ ਤੋਂ ਬਾਅਦ 19-20 ਮਾਰਚ ਦੀ ਰਾਤ ਨੂੰ ਸਥਿਤੀ ਵਿਗੜਨੋਂ ਰੋਕਣ ਲਈ ਕਦਮ ਚੁੱਕਿਆ। ਸੜਕਾਂ 'ਤੇ ਰੋਕਾਂ ਕਾਰਨ ਲੋਕਾਂ ਨੂੰ ਆ ਰਹੀ ਮੁਸ਼ਕਲ ਨੂੰ ਹੱਲ ਕਰਨ ਲਈ ਇਹ ਐਕਸ਼ਨ ਜ਼ਰੂਰੀ ਸੀ। ਪ੍ਰੋਟੈਸਟ ਵਾਲੀਆਂ ਥਾਂਵਾਂ ਨੂੰ ਸਾਫ ਕਰਾਉਣ ਦਾ ਫੈਸਲਾ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਸੀ, ਜਿਸ ਨੇ ਕਿਹਾ ਸੀ ਕਿ ਸੂਬਾਈ ਅਥਾਰਟੀ ਸਥਿਤੀ ਨੂੰ ਸੰਭਾਲੇ। ਇਹ ਹਲਫਨਾਮਾ ਕਿਸਾਨ ਆਗੂ ਗੁਰਮੁਖ ਸਿੰਘ ਵੱਲੋਂ ਜਗਜੀਤ ਸਿੰਘ ਡੱਲੇਵਾਲ ਦੀ ਰਿਹਾਈ ਲਈ ਹਾਈ ਕੋਰਟ ਵਿੱਚ ਦਾਇਰ ਹੈਬੀਅਸ ਕੋਰਪਸ ਪਟੀਸ਼ਨ ਦੇ ਜਵਾਬ ਵਿੱਚ ਦਾਖਲ ਕੀਤਾ ਗਿਆ। ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਪੁਲਸ ਦੀ ਹਿਰਾਸਤ ਵਿੱਚ ਨਹੀਂ ਹਨ ਤੇ ਉਹ ਕਿਤੇ ਵੀ ਜਾਣ ਲਈ ਆਜ਼ਾਦ ਹਨ। ਪੰਜਾਬ ਸਰਕਾਰ ਨੇ ਦਾਅਵਾ ਕੀਤਾ ਕਿ ਡੱਲੇਵਾਲ ਨੂੰ ਉਨ੍ਹਾ ਦੀ ਮਰਜ਼ੀ ਮੁਤਾਬਕ ਪਟਿਆਲਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਜਸਟਿਸ ਮਨੀਸ਼ਾ ਬੱਤਰਾ ਦੀ ਬੈਂਚ ਨੇ ਪੰਜਾਬ ਸਰਕਾਰ ਦੇ ਉਪਰੋਕਤ ਦਾਅਵੇ ਤੇ ਪਟੀਸ਼ਨਰ ਵੱਲੋਂ ਪੇਸ਼ ਵਕੀਲਾਂ ਦੀਆਂ ਦਲੀਲਾਂ ਦਾ ਨੋਟਿਸ ਲੈਂਦਿਆਂ ਸੂਬਾ ਸਰਕਾਰ ਨੂੰ ਹਦਾਇਤ ਦਿੱਤੀ ਕਿ ਉਹ ਡੱਲੇਵਾਲ ਨੂੰ ਉਨ੍ਹਾ ਦੇ ਪਰਵਾਰਕ ਜੀਆਂ ਨਾਲ ਬਿਨਾਂ ਕਿਸੇ ਰੋਕ-ਟੋਕ ਦੇ ਮਿਲਾਉਣ ਲਈ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ।

ਹਾਈ ਕੋਰਟ ਡੱਲੇਵਾਲ ਦੀ ਰਿਹਾਈ ਨੂੰ ਲੈ ਕੇ ਦਾਖਲ ਹੈਬੀਅਸ ਕੋਰਪਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਪੰਜਾਬ ਸਰਕਾਰ ਵੱਲੋਂ ਪੇਸ਼ ਵਕੀਲ ਨੇ ਸੁਪਰੀਮ ਕੋਰਟ ਵੱਲੋਂ ਜਾਰੀ ਹਦਾਇਤਾਂ ਦੇ ਹਵਾਲੇ ਨਾਲ ਕਿਹਾ ਕਿ ਕਿਸਾਨ ਆਗੂ ਦੀ ਸਿਹਤ ਸੰਭਾਲ ਲਈ ਸੂਬਾ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾ ਕਿਹਾ ਕਿ ਡੱਲੇਵਾਲ ਨੇ ਹੀ ਹਸਪਤਾਲ ਵਿਚ ਦਾਖਲ ਕਰਵਾਉਣ ਦੀ ਇੱਛਾ ਜਤਾਈ ਸੀ ਤੇ ਉਹ ਕਿਤੇ ਵੀ ਜਾਣ ਲਈ ਆਜ਼ਾਦ ਹਨ।

## ਹੋਰ 450 ਕਿਸਾਨ ਛੱਡਣ ਦਾ ਐਲਾਨ

ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)-ਕਿਸਾਨ ਯੂਨੀਅਨਾਂ ਵੱਲੋਂ ਲਗਾਏ ਜਾ ਰਹੇ ਦੋਸ਼ਾਂ ਵਿਚਕਾਰ ਪੰਜਾਬ ਪੁਲਸ ਨੇ ਸੋਮਵਾਰ 450 ਹੋਰ ਕਿਸਾਨਾਂ ਨੂੰ ਤੁਰੰਤ ਰਿਹਾਅ ਕਰਨ ਦਾ ਐਲਾਨ ਕੀਤਾ। ਕਿਸਾਨਾਂ ਦਾ ਦੋਸ਼ ਹੈ ਕਿ ਪਿਛਲੇ ਹਫਤੇ ਪੁਲਸ ਵੱਲੋਂ ਹਿਰਾਸਤ ਵਿੱਚ ਲਏ ਗਏ ਕਈ ਕਿਸਾਨ ਅਜੇ ਵੀ ਲਾਪਤਾ ਹਨ। ਕਿਸਾਨ ਯੂਨੀਅਨਾਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿੱਚ ਲਾਪਤਾ ਕਿਸਾਨਾਂ ਦੀ ਰਿਹਾਈ ਤੇ ਉਨ੍ਹਾਂ ਦਾ ਪਤਾ ਲਗਾਉਣ ਦੀ ਮੰਗ ਕੀਤੀ ਗਈ ਸੀ। ਆਈ ਜੀ ਪੀ ਹੈੱਡਕੁਆਰਟਰ ਡਾ. ਸੁਖਚੈਨ ਸਿੰਘ ਗਿੱਲ ਨੇ ਪੁਸ਼ਟੀ ਕੀਤੀ ਕਿ ਲਗਭਗ 800 ਕਿਸਾਨਾਂ ਨੂੰ ਪਹਿਲਾਂ ਹੀ ਰਿਹਾਅ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਔਰਤਾਂ, ਅਪਾਹਜ ਵਿਅਕਤੀਆਂ, ਡਾਕਟਰੀ ਸਥਿਤੀਆਂ ਵਾਲੇ ਕਿਸਾਨਾਂ ਤੇ 60 ਸਾਲ ਤੋਂ ਵੱਧ ਉਮਰ ਦੇ ਕਿਸਾਨਾਂ ਆਦਿ ਦੀ ਤੁਰੰਤ ਰਿਹਾਈ ਦੇ ਨਿਰਦੇਸ਼ ਦਿੱਤੇ ਹਨ। ਸੋਮਵਾਰ ਲਗਭਗ 450 ਕਿਸਾਨਾਂ ਨੂੰ ਰਿਹਾਅ ਕੀਤਾ ਜਾ ਰਿਹਾ ਹੈ। ਗਿੱਲ ਨੇ ਕਿਹਾ ਕਿ ਕਿਸਾਨਾਂ ਦਾ ਸਮਾਨ ਚੁੱਕੇ ਜਾਣ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਐੱਸ ਪੀ ਪਟਿਆਲਾ ਜਸਬੀਰ ਸਿੰਘ ਨੂੰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ। ਕਿਸਾਨ ਤੁਰੰਤ ਸਹਾਇਤਾ ਲਈ ਉਨ੍ਹਾਂ ਨਾਲ ਸਿੱਧਾ 90713-00002 'ਤੇ ਸੰਪਰਕ ਕਰ ਸਕਦੇ ਹਨ। ਪਟਿਆਲਾ ਪੁਲਸ ਨੇ ਇਸ ਮਾਮਲੇ ਨਾਲ ਸੰਬੰਧਤ ਤਿੰਨ ਐੱਫ ਆਈ ਆਰ ਦਰਜ ਕਰ ਲਈਆਂ ਹਨ।

ਵਕੀਲ ਨੇ ਕਿਹਾ ਕਿ ਕਿਸਾਨ ਆਗੂ ਦਾ ਪਰਵਾਰ ਸੁਰੱਖਿਆ ਨੇਮਾਂ ਮੁਤਾਬਕ ਉਨ੍ਹਾ ਨੂੰ ਮਿਲ ਸਕਦਾ ਹੈ। ਉਧਰ ਡੱਲੇਵਾਲ ਦੇ ਵਕੀਲ ਨੇ ਦਾਅਵਾ ਕੀਤਾ ਕਿ ਅਧਿਕਾਰੀ ਕਿਸਾਨ ਆਗੂ ਨੂੰ ਉਨ੍ਹਾ ਦੇ ਪਰਵਾਰ ਨਾਲ ਮਿਲਣ ਤੋਂ ਰੋਕ ਰਹੇ ਹਨ। ਡੱਲੇਵਾਲ ਪਾਣੀ ਵੀ ਨਹੀਂ ਪੀ ਰਹੇ ਤੇ ਕਿਸੇ ਨੂੰ ਵੀ ਉਨ੍ਹਾ ਨੂੰ ਮਿਲਣ ਤੋਂ ਰੋਕਿਆ ਜਾ ਰਿਹਾ ਹੈ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਜਸਟਿਸ ਬੱਤਰਾ ਨੇ ਕਿਹਾ, 'ਸਰਕਾਰੀ ਵਕੀਲ ਨੇ ਦਾਅਵਾ ਕੀਤਾ ਹੈ ਕਿ ਪਟੀਸ਼ਨਰ ਕਾਨੂੰਨੀ ਜਾਂ ਗੈਰਕਾਨੂੰਨੀ ਕਿਸੇ ਵੀ ਤਰੀਕੇ ਨਾਲ ਪੁਲਸ ਦੀ ਹਿਰਾਸਤ ਵਿਚ ਨਹੀਂ ਹੈ। ਕਿਸਾਨ ਆਗੂ ਨੂੰ ਉਸ ਦੀ ਇੱਛਾ ਮੁਤਾਬਕ ਪਟਿਆਲਾ ਦੇ ਪਾਰਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਧਰ ਇਸੇ ਪੜਾਅ 'ਤੇ ਪਟੀਸ਼ਨਰ ਦੇ ਵਕੀਲ ਨੇ ਦਾਅਵਾ ਕੀਤਾ ਹੈ ਕਿ ਕਿਸਾਨ ਆਗੂ ਨੂੰ ਉਸ ਦੇ ਪਰਵਾਰ ਨਾਲ ਮਿਲਣ ਤੋਂ ਰੋਕਿਆ ਜਾ ਰਿਹਾ ਹੈ। ਲਿਹਾਜ਼ਾ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਤਾਂ ਕਿ ਕਿਸਾਨ ਆਗੂ ਦਾ ਪਰਵਾਰ ਹਸਪਤਾਲ ਵਿਚ ਉਨ੍ਹਾ ਨੂੰ ਮਿਲ ਸਕੇ।'

## 191 ਮੁਨਸ਼ੀਆਂ ਦੇ ਤਬਾਦਲੇ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਵੱਡੀ ਗਿਣਤੀ ਵਿੱਚ ਤਹਿਸੀਲਦਾਰਾਂ ਦੇ ਤਬਾਦਲੇ ਤੋਂ ਬਾਅਦ ਸਰਕਾਰ ਨੇ ਹੁਣ 191 ਥਾਣਿਆਂ ਦੇ ਮੁਨਸ਼ੀਆਂ ਦੇ ਤਬਾਦਲੇ ਕੀਤੇ ਹਨ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਰਕਾਰ ਨੂੰ ਕੁਝ ਸ਼ਿਕਾਇਤਾਂ ਮਿਲੀਆਂ ਸਨ ਕਿ ਮੁਨਸ਼ੀ 15-20 ਸਾਲ ਤੋਂ ਇਕ ਹੀ ਥਾਣੇ ਵਿਚ ਹਨ, ਜਿਸ ਕਾਰਨ ਭ੍ਰਿਸ਼ਟਾਚਾਰ ਵਿਚ ਵਾਧਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਸਰਕਾਰ ਨੇ ਇਹ ਵੱਡਾ ਫੈਸਲਾ ਲਿਆ ਹੈ ਕਿ ਕੋਈ ਵੀ ਮੁਨਸ਼ੀ ਇੱਕ ਥਾਣੇ ਵਿੱਚ 2 ਸਾਲ ਤੋਂ ਵੱਧ ਨਹੀਂ ਰਹਿ ਸਕਦਾ ਅਤੇ ਜੇਕਰ 2 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਤਾਂ ਉਸ ਦਾ ਥਾਣਾ ਤੁਰੰਤ ਬਦਲ ਦਿੱਤਾ ਜਾਵੇਗਾ। ਇਸ ਫੈਸਲੇ ਤਹਿਤ 191 ਮੁਨਸ਼ੀਆਂ ਦੇ ਤਬਾਦਲੇ ਕਰਕੇ ਉਨ੍ਹਾਂ ਦੇ ਸਟੇਸ਼ਨ ਬਦਲ ਦਿੱਤੇ ਹਨ।

## ਜੱਜ ਤੋਂ ਕੰਮ ਵਾਪਸ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ ਸੋਮਵਾਰ ਐਲਾਨ ਕੀਤਾ ਕਿ ਜਸਟਿਸ ਯਸ਼ਵੰਤ ਵਰਮਾ, ਜਿਸ ਦੇ ਸਰਕਾਰੀ ਨਿਵਾਸ ਸਥਾਨ 'ਤੇ ਅੱਗ ਲੱਗਣ ਤੋਂ ਬਾਅਦ ਕਥਿਤ ਤੌਰ 'ਤੇ ਨਕਦੀ ਦਾ ਵੱਡਾ ਭੰਡਾਰ ਮਿਲਿਆ ਸੀ, ਦਾ ਨਿਆਂਇਕ ਕੰਮ ਅਗਲੇ ਹੁਕਮਾਂ ਤੱਕ ਤੁਰੰਤ ਪ੍ਰਭਾਵ ਨਾਲ ਵਾਪਸ ਲੈ ਲਿਆ ਗਿਆ ਹੈ।

## ਖਹਿਰਾ ਨੂੰ ਬੋਲਣ ਦਾ ਮੌਕਾ ਨਾ ਦੇਣ 'ਤੇ ਕਾਂਗਰਸੀ ਵਿਧਾਇਕਾਂ ਵੱਲੋਂ ਵਾਕਆਊਟ

**ਚੰਡੀਗੜ੍ਹ** : ਕਾਂਗਰਸ ਦੇ ਵਿਧਾਇਕਾਂ ਨੇ ਸੋਮਵਾਰ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਕਥਿਤ ਤੌਰ 'ਤੇ ਸਦਨ ਵਿੱਚ ਬੋਲਣ ਦਾ ਮੌਕਾ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਪੰਜਾਬ ਵਿਧਾਨ ਸਭਾ ਵਿੱਚੋਂ ਵਾਕਆਊਟ ਕੀਤਾ। ਸਿਫਰ ਕਾਲ ਦੌਰਾਨ ਭੁਲੱਥ ਦੇ ਵਿਧਾਇਕ ਖਹਿਰਾ ਨੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਧਿਆਨ ਸਦਨ ਵਿੱਚ ਮੁੱਦੇ ਉਠਾਉਣ ਦੀ ਇਜਾਜ਼ਤ ਦੇਣ ਲਈ ਮੰਗਿਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਖਹਿਰਾ ਦੇ ਸਮਰਥਨ ਵਿੱਚ ਖੜ੍ਹੇ ਹੋ ਗਏ ਅਤੇ ਸਪੀਕਰ ਨੂੰ ਉਨ੍ਹਾ ਨੂੰ ਬੋਲਣ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ। ਜਦੋਂ ਖਹਿਰਾ ਸਪੀਕਰ ਤੋਂ ਉਨ੍ਹਾ ਨੂੰ ਬੋਲਣ ਦੀ ਇਜਾਜ਼ਤ ਦੇਣ ਦੀ ਮੰਗ ਕਰਦੇ ਰਹੇ ਸੀ ਤਾਂ ਸੰਧਵਾਂ ਨੇ ਵਿਧਾਇਕ ਨੂੰ ਕਿਹਾ ਕਿ ਇਹ ਉਨ੍ਹਾ ਦਾ ਅਧਿਕਾਰ ਹੈ ਕਿ ਸਦਨ ਵਿੱਚ ਕਿਸ ਨੂੰ ਬੋਲਣ ਦਾ ਮੌਕਾ ਦਿੱਤਾ ਜਾਵੇ। ਬੋਲਣ ਦਾ ਮੌਕਾ ਨਾ ਮਿਲਣ 'ਤੇ ਕਾਂਗਰਸੀ ਵਾਕਆਊਟ ਕਰ ਗਏ।

# ਸ਼ਿਮਲਾ ਨੇੜੇ ਜਹਾਜ਼ ਹਾਦਸਾ ਟਲਿਆ

**ਸ਼ਿਮਲਾ** : ਦਿੱਲੀ ਤੋਂ ਆਇਆ ਜਹਾਜ਼, ਜਿਸ ਵਿੱਚ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਅਤੇ ਡੀ ਜੀ ਪੀ ਅਤੁਲ ਵਰਮਾ ਸ਼ਾਮਲ ਸਵਾਰ ਸਨ, ਸੋਮਵਾਰ ਸਵੇਰੇ ਜੁਬਰਹੱਟੀ ਹਵਾਈ ਅੱਡੇ 'ਤੇ ਲੈਂਡਿੰਗ ਸਥਾਨ ਤੋਂ ਪਾਰ ਚਲਾ ਗਿਆ। ਚਸ਼ਮਦੀਦਾਂ ਦੇ ਅਨੁਸਾਰ ਜਹਾਜ਼ ਰਨਵੇਅ ਪਾਰ ਕਰ ਗਿਆ ਅਤੇ ਹਵਾਈ ਪੱਟੀ ਦੇ ਕਿਨਾਰੇ 'ਤੇ ਸਟੱਡਜ਼ ਨਾਲ ਟਕਰਾ ਗਿਆ। ਨਿਯਮਤ ਜਾਂਚ ਤੋਂ ਬਾਅਦ ਜਹਾਜ਼ ਦਿੱਲੀ ਤੋਂ ਰਵਾਨਾ ਹੋਇਆ ਸੀ ਅਤੇ ਇੰਜੀਨੀਅਰ ਜਹਾਜ਼ ਦੀ ਜਾਂਚ ਕਰ ਰਹੇ ਹਨ ਕਿ ਕੀ ਕੋਈ ਤਕਨੀਕੀ ਖਰਾਬੀ ਸੀ। ਅਧਿਕਾਰੀ ਨੇ ਕਿਹਾ—ਰਨਵੇਅ ਛੋਟਾ ਹੈ ਅਤੇ ਅਸੀਂ ਇਸ ਤੱਥ ਤੋਂ ਇਨਕਾਰ ਨਹੀਂ ਕਰ ਸਕਦੇ। ਇੱਕ ਆਮ ਆਦਮੀ ਦੇ ਤੌਰ 'ਤੇ ਮੈਂ ਕਹਿ ਸਕਦਾ ਹਾਂ ਕਿ ਲੈਂਡਿੰਗ ਕਰਦੇ ਸਮੇਂ ਜਹਾਜ਼ ਉੱਥੇ ਜ਼ਮੀਨ 'ਤੇ ਨਹੀਂ ਆਇਆ, ਜਿੱਥੇ ਇਸ ਨੂੰ ਉਤਰਨਾ ਚਾਹੀਦਾ ਸੀ ਅਤੇ ਹਵਾਈ ਪੱਟੀ ਦੇ ਅੰਤ 'ਤੇ ਆ ਗਿਆ।



ਹਾਲਾਂਕਿ ਜਹਾਜ਼ ਰਨਵੇਅ ਤੋਂ ਨਹੀਂ ਹਟਿਆ, ਜਿਸ ਨਾਲ ਇੱਕ ਗੰਭੀਰ ਹਾਦਸਾ ਹੋਣ ਤੋਂ ਬਚ ਗਿਆ। ਅਚਾਨਕ ਲੈਂਡਿੰਗ ਦੇ ਪ੍ਰਭਾਵ ਕਾਰਨ ਜਹਾਜ਼ ਦਾ ਇੱਕ ਟਾਇਰ ਫਟ ਗਿਆ। ਇਸ ਘਟਨਾ ਦੇ ਮੱਦੇਨਜ਼ਰ ਅਧਿਕਾਰੀਆਂ • ਬਾਕੀ ਸਫਾ 2 'ਤੇ

# ਅਕਾਲ ਤਖ਼ਤ ਦੇ ਪੱਕੇ ਜਥੇਦਾਰ ਦੀ ਨਿਯੁਕਤੀ ਛੇਤੀ : ਐਡਵੋਕੇਟ ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ/ ਕੰਵਲਜੀਤ ਸਿੰਘ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੌਜੂਦਾ ਸਮੇਂ ਬਣੇ ਹਾਲਾਤ ਦੇ ਮੱਦੇਨਜ਼ਰ ਇੱਕ ਅਹਿਮ ਐਲਾਨ ਕਰਦਿਆਂ ਕਿਹਾ ਕਿ ਸਿੱਖ ਪੰਥ ਅੰਦਰ ਸਿੰਘ ਸਾਹਿਬਾਨ ਤੇ ਹਰ ਜਥੇਬੰਦੀ ਦਾ ਸਤਿਕਾਰ ਕਾਇਮ ਰੱਖਿਆ ਜਾਵੇਗਾ। ਜਥੇਦਾਰਾਂ ਦੀਆਂ ਪਦਵੀਆਂ ਸੰਬੰਧੀ ਭਵਿੱਖ ਵਿੱਚ ਸਿੱਖ ਸੰਪਰਦਾਵਾਂ ਦੇ ਰਾਏ-ਮਸ਼ਵਰੇ ਨੂੰ ਅਣਡਿੱਠ ਨਹੀਂ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਸੋਮਵਾਰ ਇਥੇ ਸ਼੍ਰੋਮਣੀ ਕਮੇਟੀ ਦਫਤਰ ਵਿਖੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਅਤੇ ਸੇਵਾ-ਮੁਕਤੀ ਸੰਬੰਧੀ ਜਲਦ ਹੀ ਨਿਯਮ ਤੈਅ ਕੀਤੇ ਜਾਣਗੇ ਅਤੇ ਇਸ ਕਾਰਜ ਵਾਸਤੇ ਉੱਚ ਪੱਧਰੀ ਕਮੇਟੀ ਕਾਇਮ ਹੋਵੇਗੀ। ਇਸ ਸੰਬੰਧੀ ਆਉਂਦੇ ਬਜਟ ਅਜਲਾਸ ਵਿਚ ਮਤਾ ਲਿਆ ਕੇ ਪ੍ਰਵਾਨਗੀ ਲਈ ਜਾਵੇਗੀ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਜਥੇਦਾਰਾਂ ਦੀਆਂ ਇਨ੍ਹਾਂ ਸਤਿਕਾਰਤ ਪਦਵੀਆਂ 'ਤੇ ਇੱਕ ਵਿਅਕਤੀ ਇੱਕ ਅਹੁਦਾ ਦੀ ਨੀਤੀ ਲਾਗੂ ਕੀਤੀ • ਬਾਕੀ ਸਫਾ 2 'ਤੇ

# ਵਿਦਿਆਰਥੀ ਖੁਦਕੁਸ਼ੀਆਂ ਰੋਕਣ ਲਈ ਕੌਮੀ ਟਾਸਕ ਫੋਰਸ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਉੱਚ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਦੇ ਵਾਰ-ਵਾਰ ਸਾਹਮਣੇ ਆ ਰਹੇ ਮਾਮਲਿਆਂ ਦਾ ਨੋਟਿਸ ਲਿਆ ਅਤੇ ਵਿਦਿਆਰਥੀਆਂ ਦੀਆਂ ਮਾਨਸਿਕ ਸਿਹਤ ਚਿੰਤਾਵਾਂ ਨੂੰ ਹੱਲ ਕਰਨ ਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਇੱਕ ਨੈਸ਼ਨਲ ਟਾਸਕ ਫੋਰਸ (ਐੱਨ ਟੀ ਐੱਫ) ਦਾ ਗਠਨ ਕੀਤਾ। ਇਸ ਦੇ ਨਾਲ ਹੀ ਜਸਟਿਸ ਜੇ ਬੀ ਪਾਰਦੀਵਾਲਾ ਅਤੇ ਆਰ ਮਹਾਦੇਵਨ 'ਤੇ ਆਧਾਰਤ ਬੈਂਚ ਨੇ ਦਿੱਲੀ ਪੁਲਸ ਨੂੰ 2023 ਵਿੱਚ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਦਿੱਲੀ ਵਿੱਚ ਪੜ੍ਹਦੇ ਸਮੇਂ ਖੁਦਕੁਸ਼ੀ ਕਰਕੇ ਮਰਨ ਵਾਲੇ ਦੋ ਵਿਦਿਆਰਥੀਆਂ ਦੇ ਪਰਵਾਰਕ ਮੈਂਬਰਾਂ ਦੀਆਂ ਸ਼ਿਕਾਇਤਾਂ 'ਤੇ ਐੱਫ ਆਈ ਆਰ ਦਰਜ ਕਰਨ ਦੇ ਹੁਕਮ ਦਿੱਤੇ। ਬੈਂਚ ਨੇ ਕਿਹਾ ਕਿ ਵੱਖ-ਵੱਖ ਵਿਦਿਅਕ ਅਦਾਰਿਆਂ ਤੋਂ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਦੇ ਪ੍ਰੇਸ਼ਾਨਕੁੰਨ ਪੈਟਰਨ ਸਾਹਮਣੇ ਆ ਰਹੇ ਹਨ। ਜੱਜਾਂ ਨੇ ਕਿਹਾ ਕਿ ਇਹ ਦੁਖਾਂਤ ਵਿਦਿਆਰਥੀਆਂ ਨੂੰ ਆਪਣੀ ਜਾਨ ਲੈਣ ਲਈ ਮਜਬੂਰ ਕਰਨ ਵਾਲੇ ਵੱਖ-ਵੱਖ ਕਾਰਕਾਂ ਨੂੰ ਹੱਲ ਕਰਨ ਲਈ ਇੱਕ ਹੋਰ ਮਜ਼ਬੂਤ, ਵਿਆਪਕ ਅਤੇ ਜਵਾਬਦੇਹ ਵਿਧੀ ਦੀ ਤੁਰੰਤ ਲੋੜ ਨੂੰ ਉਭਾਰਦੇ ਹਨ। ਬੈਂਚ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ, 'ਉੱਚ ਸਿੱਖਿਆ ਸੰਸਥਾਵਾਂ, ਜਿਨ੍ਹਾਂ ਵਿੱਚ ਨਿੱਜੀ ਸਿੱਖਿਆ ਸੰਸਥਾਵਾਂ ਵੀ ਸ਼ਾਮਲ ਹਨ, ਵਿੱਚ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਦੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ, ਕੈਂਪਸਾਂ ਵਿੱਚ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਚਿੰਤਾਵਾਂ ਨੂੰ ਹੱਲ ਕਰਨ ਅਤੇ ਵਿਦਿਆਰਥੀਆਂ ਨੂੰ ਖੁਦਕੁਸ਼ੀਆਂ ਵਰਗਾ ਸਿਰੇ ਦਾ ਕਦਮ ਚੁੱਕਣ ਤੋਂ ਰੋਕਣ ਲਈ ਮੌਜੂਦਾ ਕਾਨੂੰਨੀ ਅਤੇ ਸੰਸਥਾਗਤ ਢਾਂਚੇ ਦੀ ਅਯੋਗਤਾ ਤੇ ਨਕਾਰਾਪਣ ਨੂੰ ਉਭਾਰਦੀਆਂ ਹਨ। ਹੁਕਮਾਂ ਵਿਚ ਕਿਹਾ ਗਿਆ ਹੈ ਕਿ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਐੱਸ ਰਵਿੰਦਰ ਭੱਟ ਐੱਨ ਟੀ ਐੱਫ ਦੇ ਚੇਅਰਪਰਸਨ ਹੋਣਗੇ। ਇਸ ਦੇ ਨਾਲ ਹੀ ਸੂਬਿਆਂ ਦੇ ਮਹਿਲਾ ਤੇ ਬਾਲ ਵਿਕਾਸ, ਉੱਚ ਸਿੱਖਿਆ ਵਿਭਾਗ, ਸਮਾਜਕ ਨਿਆਂ ਤੇ ਸਸ਼ਕਤੀਕਰਨ ਅਤੇ ਕਾਨੂੰਨੀ ਮਾਮਲਿਆਂ ਬਾਰੇ ਵਿਭਾਗਾਂ ਦੇ ਸਕੱਤਰ ਇਸ ਦੇ ਅਹੁਦੇਦਾਰ ਮੈਂਬਰ ਹੋਣਗੇ। ਬੈਂਚ ਨੇ ਕਿਹਾ ਕਿ ਐੱਨ ਟੀ ਐੱਫ ਇੱਕ ਵਿਆਪਕ ਰਿਪੋਰਟ ਤਿਆਰ ਕਰੇਗੀ, ਜਿਸ 'ਚ ਵਿਦਿਆਰਥੀਆਂ ਵੱਲੋਂ ਖੁਦਕੁਸ਼ੀਆਂ ਕਰਨ ਵਾਲੇ ਮੁੱਖ ਕਾਰਨਾਂ ਦੀ ਪਛਾਣ, ਮੌਜੂਦਾ ਨਿਯਮਾਂ ਦਾ ਵਿਸ਼ਲੇਸ਼ਣ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸਿਫਾਰਸ਼ਾਂ ਆਦਿ ਕਰਨਾ ਸ਼ਾਮਲ ਹੈ।

## ਸੰਗੀਤ ਗਾਇਨ ਵਿਸ਼ੇ 'ਤੇ ਲਈ ਪ੍ਰੀਖਿਆ ਰੱਦ

**ਮੋਹਾਲੀ (ਗੁਰਜੀਤ ਬਿੱਲਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਸ਼੍ਰੇਣੀ ਦੇ ਸੰਗੀਤ ਗਾਇਨ ਵਿਸ਼ੇ (ਵਿਸ਼ਾ ਕੋਡ 30) ਦੀ 12 ਮਾਰਚ ਨੂੰ ਲਈ ਗਈ ਪ੍ਰੀਖਿਆ ਨੂੰ ਤਕਨੀਕੀ ਕਾਰਨਾਂ ਕਰਕੇ ਰੱਦ ਕਰ ਦਿੱਤਾ ਗਿਆ ਹੈ। ਬੋਰਡ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਸੰਗੀਤ ਗਾਇਨ (ਵਿਸ਼ਾ ਕੋਡ 30) 41 ਦੀ ਪ੍ਰੀਖਿਆ ਰੱਦ ਨਹੀਂ ਕੀਤੀ ਗਈ ਹੈ।ਸਧਾਰਨ ਪ੍ਰੀਖਿਆਰਥੀਆਂ ਦੀ ਸੰਗੀਤ ਗਾਇਨ (ਵਿਸ਼ਾ ਕੋਡ 30) ਦੀ ਰੱਦ ਕੀਤੀ ਗਈ ਪ੍ਰੀਖਿਆ 5 ਅਪ੍ਰੈਲ ਨੂੰ ਪਹਿਲਾਂ ਨਿਰਧਾਰਿਤ ਪ੍ਰੀਖਿਆ ਕੇਂਦਰਾਂ 'ਚ, ਪਹਿਲਾਂ ਵਾਲੇ ਸਮੇਂ ਅਨੁਸਾਰ ਹੀ ਲਈ ਜਾਵੇਗੀ।ਇਸ ਬਾਰੇ ਬੋਰਡ ਅਧਿਕਾਰੀਆਂ ਵੱਲੋਂ ਵਿਸ਼ੇਸ਼ ਜਾਣਕਾਰੀ ਦਿੰਦੇ ਹੋਏ ਸਪਸ਼ਟ ਕੀਤਾ ਗਿਆ ਹੈ ਕਿ 28-03-25 ਨੂੰ ਸੰਗੀਤਵਾਦਨ (ਮਿਊਜ਼ੀਕਲ ਇੰਸਟਰੂਮੈਂਟਲ) (ਵਿਸ਼ਾ ਕੋਡ 31) ਵਿਸ਼ੇ ਦੀ ਪ੍ਰੀਖਿਆ ਪਹਿਲਾਂ ਜਾਰੀ ਸ਼ਡਿਊਲ ਅਨੁਸਾਰ ਹੀ ਲਈ ਜਾਵੇਗੀ।

# ਪਾਦਰੀ ਮੁੜ ਸੁਰਖੀਆਂ 'ਚ



**ਜਲੰਧਰ** : ਜਿਨਸੀ ਸ਼ੋਸ਼ਣ ਦੇ ਮਾਮਲੇ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਪਾਦਰੀ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵੱਡੇ ਪੱਧਰ 'ਤੇ ਵਾਇਰਲ ਹੋਣ ਤੋਂ ਬਾਅਦ ਉਹ ਮੁੜ ਸੁਰਖੀਆਂ ਵਿੱਚ ਆ ਗਿਆ ਹੈ। ਇੱਕ ਸਵੈ-ਘੋਸ਼ਿਤ ਈਸਾਈ ਪ੍ਰਚਾਰਕ ਪਾਸਟਰ ਬਜਿੰਦਰ ਸਿੰਘ (42) 'ਤੇ ਪਹਿਲਾਂ 28 ਫਰਵਰੀ ਨੂੰ 22 ਸਾਲ ਕੁੜੀ ਦੀ ਸ਼ਿਕਾਇਤ ਦੇ ਆਧਾਰ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਹੇਠ ਐੱਫ ਆਈ ਆਰ ਦਰਜ ਕੀਤੀ ਗਈ ਸੀ। ਇਸ ਤੋਂ ਬਾਅਦ ਪੁਲਸ ਨੇ ਉਸ ਵਿਰੁੱਧ ਦੋਸ਼ਾਂ ਦੀ ਜਾਂਚ ਲਈ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਬਣਾਈ ਸੀ। ਇਸ ਸੰਬੰਧੀ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਮਾਮਲੇ ਦਾ ਖੁਦ ਨੋਟਿਸ ਲੈਂਦਿਆਂ ਸ਼ਿਕਾਇਤਕਰਤਾ ਨੂੰ ਸੁਰੱਖਿਆ ਪ੍ਰਦਾਨ ਕਰਨ ਦੇ ਨਿਰਦੇਸ਼ ਜਾਰੀ ਕੀਤੇ ਸਨ।

ਹਾਲ ਹੀ ਵਿੱਚ ਆਈ ਵੀਡੀਓ, ਜੋ ਕਿ ਇੱਕ ਕਮਰੇ ਦੀ ਸੀ ਸੀ ਟੀ ਵੀ ਫੁਟੇਜ਼ ਜਾਪਦੀ ਹੈ ਤੇ ਕਥਿਤ ਤੌਰ 'ਤੇ 14 ਫਰਵਰੀ ਦੀ ਹੈ, ਵਿੱਚ ਬਜਿੰਦਰ ਸਿੰਘ ਨੂੰ ਔਰਤ ਨੂੰ ਥੱਪੜ ਮਾਰਨ ਤੋਂ ਪਹਿਲਾਂ ਬਹਿਸ ਕਰਦੇ ਅਤੇ ਕਾਗਜ਼ਾਂ ਦਾ ਥੱਬਾ ਸੁੱਟਦੇ ਦੇਖਿਆ ਜਾ ਰਿਹਾ ਹੈ। ਵੀਡੀਓ ਵਿੱਚ ਉਸ ਨੂੰ ਕਥਿਤ ਤੌਰ 'ਤੇ ਇੱਕ ਆਦਮੀ ਨੂੰ ਕਈ ਵਾਰ ਥੱਪੜ ਮਾਰਦੇ ਵੀ ਦੇਖਿਆ ਜਾ ਰਿਹਾ ਹੈ। ਪੁਲਸ ਨੇ ਕਿਹਾ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਨੂੰ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਸ਼ਿਕਾਇਤ ਨਹੀਂ ਮਿਲੀ, ਹਾਲਾਂਕਿ ਵੀਡੀਓ ਦੀ ਪ੍ਰਮਾਣਿਕਤਾ, ਘਟਨਾ ਦੇ ਸਥਾਨ ਅਤੇ ਸਮੇਂ ਦਾ ਪਤਾ ਲਗਾਉਣ ਲਈ ਇੱਕ ਤਸਦੀਕ ਪ੍ਰਕਿਰਿਆ ਚੱਲ ਰਹੀ ਹੈ। ਉਕਤ ਸਵੈ-ਘੋਸ਼ਿਤ ਈਸਾਈ ਪ੍ਰਚਾਰਕ ਦੋ ਚਰਚਾਂ ਦਾ ਸੰਚਾਲਨ ਕਰਦਾ ਹੈ, ਜਿਨ੍ਹਾਂ ਵਿਚ ਇੱਕ 'ਚਰਚ ਆਫ ਗਲੋਰੀ ਐਂਡ ਵਿਜ਼ਡਮ' ਜਲੰਧਰ ਦੇ ਤਾਜਪੁਰ ਵਿਖੇ ਅਤੇ ਦੂਜਾ ਮੁਹਾਲੀ ਦੇ ਮਾਜਰੀ ਵਿੱਚ ਸਥਿਤ ਹੈ। ਬਜਿੰਦਰ ਸਿੰਘ 2012 ਵਿਚ ਈਸਾਈ ਪ੍ਰਚਾਰਕ ਬਣਿਆ ਅਤੇ ਉਸ ਦੇ ਸਮਰਥਕਾਂ ਦਾ ਦਾਅਵਾ ਹੈ ਕਿ ਉਸ ਦੇ ਚਰਚ ਦੀਆਂ ਭਾਰਤ ਅਤੇ ਵਿਦੇਸ਼ਾਂ ਵਿੱਚ ਬਹੁਤ ਸਾਰੀਆਂ ਸ਼ਾਖਾਵਾਂ ਹਨ।

ਗੌਰਤਲਬ ਹੈ ਕਿ ਚਰਚ ਵਿੱਚ ਵੱਡੀ ਗਿਣਤੀ ਲੋਕ ਆਪਣੀਆਂ ਬਿਮਾਰੀਆਂ ਦੇ ਇਲਾਜ ਦੀ ਉਮੀਦ ਵਿੱਚ ਆਉਂਦੇ ਹਨ। ਇਨ੍ਹਾਂ ਸਮਾਗਮਾਂ ਦਾ ਸਿੱਧਾ ਪ੍ਰਸਾਰਨ ਪਾਸਟਰ ਦੇ ਯੂਟਿਊਬ ਚੈਨਲ 'ਤੇ ਕੀਤਾ ਜਾਂਦਾ ਹੈ, ਜਿਸ ਦੇ 37.4 ਲੱਖ ਫਾਲੋਅਰ ਹਨ।

## ਅੱਜ-ਨਾਮਾ

ਬਣਦਾ ਹੁੰਦਾ ਕੋਈ ਮੁੱਦਾ ਕਿ ਨਹੀਂ ਮੁੱਦਾ,
ਮੁੱਦਿਆਂ ਬਾਝ ਵੀ ਬਹਿਸ ਹੈ ਹੋਈ ਜਾਂਦੀ।
ਵਿਰੋਧੀ ਧਿਰ ਸਰਕਾਰ ਦੀ ਛਿੱਲ ਲਾਹੁੰਦੀ,
ਆਪਣੇ ਰੋਣ ਵੀ ਨਾਲੋ-ਨਾਲ ਰੋਈ ਜਾਂਦੀ।
ਧਿਰ ਵਿਰੋਧੀ ਨਾਲ ਕੋਈ ਨਾ ਗੱਲ ਕਰਦੀ,
ਅੰਦਰ ਦਾ ਨੁਕਸ ਸਰਕਾਰ ਲੁਕੋਈ ਜਾਂਦੀ।
ਦੋਵਾਂ ਧਿਰਾਂ ਲਈ ਕਾਫੀ ਤਾਂ ਨਰਮ ਜਨਤਾ,
ਜਿਹੜੀ ਦੋਵਾਂ ਦਾ ਬੋਝ ਜਿਹਾ ਢੋਈ ਜਾਂਦੀ।
ਰੌਲਾ-ਗੌਲਾ ਜਿਹਾ ਰਹਿ ਗਿਆ ਲੋਕਤੰਤਰ,
ਚਰਚਾ ਵਿੱਚ ਹੀ ਲੋਕਾਂ ਦਾ ਹਿੱਤ ਹੈ ਨਹੀਂ।
ਵਿਰੋਧੀ ਪੱਖ ਤੇ ਸਰਕਾਰ ਦੇ ਆਗੂਆਂ 'ਚੋਂ,
ਦਿਲ ਤੋਂ ਲੋਕਾਂ ਦਾ ਲੱਭਦਾ ਮਿੱਤ ਹੈ ਨਹੀਂ।

-ਤੀਸ ਮਾਰ ਖਾਂ

# ਮਸ਼ਾਲਾਂ ਬਾਲ ਕੇ ਰੱਖਣਾ, ਜਦੋਂ ਤੱਕ ਰਾਤ ਬਾਕੀ ਹੈ



**ਸ਼ਾਹਕੋਟ (ਗਿਆਨ ਸੈਦਪੁਰੀ)**

ਸੰਸਾਰ ਪ੍ਰਸਿੱਧ ਇਨਕਲਾਬੀ ਕਵੀ ਪਾਸ਼ ਦੇ ਪਿੰਡ ਤਲਵੰਡੀ ਸਲੇਮ ਵਿੱਚ ਕੌਮੀ ਮੁਕਤੀ ਲਹਿਰ ਦੇ ਸ਼ਹੀਦਾਂ ਅਤੇ ਪਾਸ਼ ਤੇ ਉਸ ਦੇ ਦੋਸਤ ਹੰਸ ਰਾਜ ਦਾ ਸ਼ਹੀਦੀ ਦਿਨ, 'ਮਸ਼ਾਲਾਂ ਬਾਲ ਕੇ ਰੱਖਣਾ, ਜਦੋਂ ਤੱਕ ਰਾਤ ਬਾਕੀ ਹੈ' ਦਾ ਸੰਗਰਾਮੀ ਸੁਨੇਹਾ ਦੇ ਗਿਆ। ਇਸ ਸਮਾਗਮ ਵਿੱਚ ਪੇਸ਼ ਕੀਤਾ ਗਿਆ ਉਪੇਰਾ ਨਾਟਕ ਤੇ ਇਨਕਲਾਬੀ ਕਾਰਕੁੰਨਾਂ ਦੀਆਂ ਤਕਰੀਰਾਂ ਅੰਦਰਲਾ ਸੁਨੇਹਾ ਸ਼ਹੀਦਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਦੇਣ ਲਈ ਪ੍ਰੇਰਨਾ ਦੇ ਗਿਆ, ਉੱਥੇ ਲੁਟੇਰੇ ਨਿਜ਼ਾਮ ਨੂੰ ਬਦਲ ਕੇ ਲੋਕਾਂ ਦੀ ਪੁੱਗਤ ਵਾਲਾ ਸਮਾਜ ਸਿਰਜਣ ਲਈ ਲੋਕ ਮਨਾਂ ਅੰਦਰ ਤਾਂਘ ਵੀ ਪੈਦਾ ਕਰ ਗਿਆ। ਸਮਾਗਮ ਦਾ ਆਗਾਜ਼ ਇਨਕਲਾਬੀ ਗੀਤਾਂ ਤੇ ਕਵਿਤਾਵਾਂ ਨਾਲ ਹੋਇਆ। ਮੀਨਾਕਸ਼ੀ ਮਾਲੜੀ ਨੇ ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਸੁਣਾਈ। ਸਾਥੀ ਸ਼ੰਭੂ ਨੇ ਸੰਤ ਰਾਮ ਉਦਾਸੀ ਦਾ ਗੀਤ 'ਅਸੀਂ ਜੜ੍ਹ ਨਾ ਗੁਲਾਮੀ ਵਾਲੀ ਛੱਡਣੀ, ਸਾਡੀ ਭਾਵੇਂ ਜੜ੍ਹ ਨਾ ਰਹੇ' ਪੇਸ਼ ਕੀਤਾ। ਆਮੀਸ਼ ਬਾਗਪੁਰ ਨੇ ਆਪਣੀ ਕਵਿਤਾ ਰਾਹੀਂ ਕਿਸਾਨਾਂ, ਮਜ਼ਦੂਰਾਂ ਨੂੰ ਉਤਸ਼ਾਹੀ ਸੁਨੇਹਾ ਦਿੱਤਾ। ਨਮਰਤਾ ਸਾਦਕ ਪੁਰੀ ਨੇ ਆਪਣੇ ਗੀਤ ਰਾਹੀਂ ਭਗਤ ਸਿੰਘ ਨੂੰ 'ਵਾਜ਼ਾਂ' ਮਾਰੀਆਂ। ਬਿਅੰਤ ਔਜਲਾ ਨੇ ਅੰਤਰਰਾਸ਼ਟਰੀ ਗੀਤ 'ਲਹਿਰਾਂ ਬਣ ਉੱਠੋ ਭੁੱਖਾਂ ਦੇ ਲਿਤਾੜਿਓ, ਦੁਨੀਆ ਦਾ ਸਾਰਾ ਦੁੱਖ ਪੀਣ ਵਾਲਿਓ' ਦੇ ਅਧਾਰਤ ਕੋਰੀਓਗ੍ਰਾਫੀ ਦੀ ਖ਼ੂਬਸੂਰਤ ਪੇਸ਼ਕਾਰੀ ਕਰਵਾਈ। ਆਗੂਆਂ ਵੱਲੋਂ ਸ਼ਹੀਦਾਂ ਨੂੰ ਫੁੱਲ ਅਰਪਣ ਕਰਨ ਉਪਰੰਤ ਅਮੋਲਕ ਸਿੰਘ ਦੀ ਰਚਨਾ 'ਰੰਗ ਸੰਗਰਾਮਾਂ ਦੇ' ਉਪੇਰਾ ਪੀਪਲਜ਼ ਆਰਟਸ ਪਟਿਆਲਾ ਵੱਲੋਂ ਸੱਤਪਾਲ ਬੰਗਾ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤਾ ਗਿਆ। ਇਸ ਉਪੇਰੇ ਵਿੱਚ ਫਲਸਤੀਨ ਦੇ ਫੁੱਲਾਂ ਵਰਗੇ ਬੱਚਿਆਂ ਨੂੰ ਗੋਲੀਆਂ ਨਾਲ ਭੁੰਨੇ ਜਾਣ ਦੀ ਦਰਦਨਾਕ ਵਿੱਥਿਆ ਪੇਸ਼ ਕਰਦਿਆਂ ਤਕੜੇ ਹੋ ਕੇ ਜ਼ਾਲਮਾਂ ਦੇ ਬੁਥਾੜ ਭੰਨਣ ਦਾ ਹੋਕਾ ਦਿੱਤਾ ਗਿਆ।

ਕੌਮਾਂਤਰੀ ਪਾਸ਼ ਯਾਦਗਾਰੀ ਟਰੱਸਟ ਦੇ ਕਨਵੀਨਰ ਸੁਰਿੰਦਰ ਧੰਜਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 94 ਸਾਲ ਪਹਿਲਾਂ ਬਰਤਾਨਵੀ ਸਾਮਰਾਜ ਨੇ ਭਗਤ ਸਿੰਘ, ਰਾਜਗੁਰ ਤੇ ਸੁਖਦੇਵ ਨੂੰ ਸਾਡੇ ਕੋਲੋਂ ਖੋਹਿਆ • ਬਾਕੀ ਸਫਾ 2 'ਤੇ

## ਆਂਗਨਵਾੜੀ ਸੈਂਟਰਾਂ 'ਚ ਭੇਜੇ ਜਾ ਰਹੇ ਖਰਾਬ ਮੁਰਮੁਰਿਆਂ ਦਾ ਮਾਮਲਾ ਭਖਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**- ਮਾਰਕਫੈਡ ਵਿਭਾਗ ਤੋਂ ਸ੍ਰੀ ਹਰਿਹਰ ਸਿੰਘ ਲੈਬ ਇੰਚਾਰਜ ਮਾਰਕਫੈਡ ਕੈਨਰੀ ਪਲਾਂਟ ਜਲੰਧਰ, ਪ੍ਰਿਆ ਗਰਗ ਖਾਦ ਪੂਰਤੀ ਇੰਚਾਰਜ ਮਾਰਕਫੈਡ, ਬਾਲ ਵਿਕਾਸ ਪ੍ਰੋਜੈਕਟ ਅਫਸਰ ਸ੍ਰੀ ਤੇ ਮਿਸ ਸ਼ਾਲਿਨੀ ਸੁਪਰਵਾਈਜ਼ਰ ਦਫ਼ਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਬਲਾਕ ਸ੍ਰੀ ਮੁਕਤਸਰ ਸਾਹਿਬ ਦੇ ਆਂਗਨਵਾੜੀ ਸੈਂਟਰਾਂ ਵਿੱਚ ਜਾ ਕੇ ਆਂਗਨਵਾੜੀ ਵਰਕਰਾਂ, ਹੈਲਪਰਾਂ ਤੇ ਲਾਭਪਾਤਰੀਆ ਦੀ ਹਾਜ਼ਰੀ ਵਿੱਚ ਮੁਰਮੁਰਿਆਂ ਦੀ ਚੈਕਿੰਗ ਕੀਤੀ ਗਈ ਅਤੇ ਚੈਕਿੰਗ ਦੌਰਾਨ ਮੁਰਮੁਰਿਆਂ ਦੀ ਕੁਆਲਿਟੀ ਠੀਕ ਤੇ ਖਾਣਯੋਗ ਪਾਈ ਗਈ ਅਤੇ ਪਿੰਡ ਭਾਗਸਰ ਦੀ ਜੋ ਵੀਡੀਓ ਸ੍ਰੀਮਤੀ ਸ਼ਿੰਦਰਪਾਲ ਕੌਰ ਆਂਗਨਵਾੜੀ ਵਰਕਰ ਵੱਲੋਂ ਬਣਾਈ ਗਈ ਸੀ, ਉਸ ਦੇ ਸਬੰਧ ਵਿੱਚ ਪਿੰਡ ਭਾਗਸਰ ਜਾ ਕੇ ਸੁਪਰਵਾਈਜ਼ਰ ਵੱਲੋਂ ਆਂਗਨਵਾੜੀ ਵਰਕਰਾਂ, ਹੈਲਪਰਾਂ ਤੇ ਲਾਭਪਾਤਰੀਆਂ ਦੀ ਹਾਜ਼ਰੀ ਵਿੱਚ ਮੁਰਮੁਰਿਆਂ ਦੀ ਚੈਕਿੰਗ ਕੀਤੀ ਗਈ ਤੇ ਮੁਰਮੁਰਿਆਂ ਦੀ ਕੁਆਲਟੀ ਠੀਕ ਤੇ ਖਾਣਯੋਗ ਪਾਈ ਗਈ, ਇਸ ਲਈ ਸ੍ਰੀਮਤੀ ਸ਼ਿੰਦਰਪਾਲ ਕੌਰ ਆਂਗਨਵਾੜੀ ਵਰਕਰ ਵੱਲੋਂ ਫੈਲਾਈ ਗਈ ਖ਼ਬਰ ਸਹੀ ਨਹੀਂ ਹੈ। ਇਹ ਖ਼ਬਰ ਸਿਰਫ ਵਿਭਾਗ ਦਾ ਅਕਸ ਖਰਾਬ ਕਰਨ ਦੇ ਮਨਸ਼ੇ ਨਾਲ ਲਾਈ ਗਈ ਹੈ।ਵਿਭਾਗ ਦੇ ਅਧਿਕਾਰੀਆਂ ਵੱਲੋਂ ਇਸ ਖ਼ਬਰ ਦਾ ਖੰਡਨ ਕੀਤਾ ਗਿਆ ਹੈ।

## ਤਰਕਸ਼ੀਲ ਸੁਸਾਇਟੀ ਦੀ ਚੋਣ 'ਚ ਰਾਜਿੰਦਰ ਰਾਜੂ ਬਣੇ ਪ੍ਰਧਾਨ



**ਧੂਰੀ (ਸੁਖਦੇਵ ਧੂਰੀ)**-ਵਿਗਿਆਨਕ ਸੋਚ ਦੇ ਪ੍ਰਚਾਰ-ਪ੍ਰਸਾਰ ਲਈ ਚਾਰ ਦਹਾਕਿਆਂ ਤੋਂ ਸਰਗਰਮ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਦੀ ਧੂਰੀ ਇਕਾਈ ਦੀ ਚੋਣ ਨਗਰ ਕੌਂਸਲ ਦੇ ਪਾਰਕ ਵਿੱਚ ਰਤਨ ਸਿੰਘ ਭੰਡਾਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜ਼ੋਨ ਦੇ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਤੇ ਮੀਡੀਆ ਮੁਖੀ ਜੀਤਾ ਰਾਮ ਬਾਲਦ ਕਲਾਂ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਦੀ ਸ਼ੁਰੂਆਤ ਮੌਕੇ 23 ਮਾਰਚ ਦੇ ਮਹਾਨ ਸ਼ਹੀਦਾਂ, ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਉਸੇ ਦਿਨ ਫ਼ਿਰਕਾਪ੍ਰਸਤੀ ਦੀ ਭੇਂਟ ਚੜ੍ਹੇ ਅਵਤਾਰ ਪਾਸ਼ ਦੇ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਭੇਂਟ ਕੀਤੀ ਗਈ।ਉਪਰੰਤ ਸੁਸਾਇਟੀ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਕੰਮਾਂ 'ਤੇ ਚਰਚਾ ਕੀਤੀ ਗਈ ਅਤੇ ਅਗਲੇ ਸੈਸ਼ਨ ਲਈ ਹੋਰ ਵੀ ਤਨਦੇਹੀ ਨਾਲ ਕੰਮ ਕਰਨ ਬਾਰੇ ਵਿਉਂਤਬੰਦੀ ਕੀਤੀ ਗਈ।ਦੋ ਸਾਲਾ ਸੈਸ਼ਨ ਦੀ ਸ਼ੁਰੂਆਤ ਮੌਕੇ ਪਿਛਲੀ ਟੀਮ ਨੂੰ ਭੰਗ ਕਰਕੇ ਨਵੀਂ ਚੋਣ ਲਈ ਵਿਚਾਰ ਦੌਰਾਨ ਸਰਬਸੰਮਤੀ ਨਾਲ ਰਾਜਿੰਦਰ ਰਾਜੂ ਨੂੰ ਜਥੇਬੰਦਕ ਮੁਖੀ, ਚੰਦ ਸਿੰਘ ਵਿੱਤ ਮੁਖੀ, ਰਤਨ ਸਿੰਘ ਭੰਡਾਰੀ ਮੀਡੀਆ ਮੁਖੀ, ਮੰਗਲ ਸਿੰਘ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਤੇ ਸੱਭਿਆਚਾਰਕ ਵਿਭਾਗ ਦਾ ਮੁਖੀ ਕੁਲਵੰਤ ਸਿੰਘ ਕਾਲਾ ਨੂੰ ਚੁਣਿਆ ਗਿਆ।ਇਸ ਦੇ ਨਾਲ ਹੀ ਡੈਲੀਗੇਟ ਵਜੋਂ ਰਤਨ ਭੰਡਾਰੀ ਦੀ ਚੋਣ ਕੀਤੀ ਗਈ।

## ਲੋਹਗੜ੍ਹ 'ਚ ਵਿਸ਼ਾਲ ਖ਼ੂਨਦਾਨ ਕੈਂਪ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ 24ਵਾਂ ਵਿਸ਼ਾਲ ਖੂਨਦਾਨ ਕੈਂਪ ਪ੍ਰੈੱਸ ਕਲੱਬ ਰਜਿ: ਵੱਲੋਂ ਗ੍ਰਾਮ ਪੰਚਾਇਤ, ਗੁਰਦੁਆਰਾ ਕਮੇਟੀਆਂ, ਯੂਥ ਕਲੱਬਾਂ ਦੇ ਸਹਿਯੋਗ ਨਾਲ ਪਿੰਡ ਲੋਹਗੜ੍ਹ (ਬਰਨਾਲਾ) ਵਿਖੇ ਲਾਇਆ ਗਿਆ, ਜਿਸ ਦਾ ਉਦਘਾਟਨ ਮੁੱਖ ਮਹਿਮਾਨ ਸਾਬਕਾ ਮੈਂਬਰ ਪਾਰਲੀਮੈਂਟ ਰਾਜਦੇਵ ਸਿੰਘ ਖ਼ਾਲਸਾ ਤੇ ਸਮੂਹ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਕੀਤਾ।ਖ਼ਾਲਸਾ ਨੇ ਪ੍ਰਬੰਧਕਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਆਪਣੇ ਵੱਲੋਂ ਹਰ ਤਰ੍ਹਾਂ ਸਹਿਯੋਗ ਦਾ ਵਿਸ਼ਵਾਸ ਦਿਵਾਇਆ।ਪ੍ਰੈੱਸ ਕਲੱਬ ਦੇ ਸਰਪ੍ਰਸਤ ਅਵਤਾਰ ਸਿੰਘ ਅਣਖੀ, ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਨੇ ਮਹਾਨ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਉਨ੍ਹਾਂ ਦੇ ਉਦੇਸ਼ਾਂ ਅਨੁਸਾਰ ਜੀਵਨ ਜਿਊਣ ਦੀ ਅਪੀਲ ਕੀਤੀ।ਕਾਂਗਰਸ ਦੇ ਸੀਨੀ: ਆਗੂ ਰਾਜਿੰਦਰ ਸਿੰਘ ਮੌੜ, 'ਆਪ' ਆਗੂ ਰਿਕਾ ਕੁਤਬਾ ਬਾਹਮਣੀਆਂ, ਜਥੇ: ਮਨਜੀਤ ਸਿੰਘ ਲੋਹਟਬੱਦੀ, ਜਥੇ: ਨਾਥ ਸਿੰਘ ਹਮੀਦੀ ਨੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ।ਖੂਨਦਾਨੀਆਂ ਤੋਂ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਦੀ ਟੀਮ ਨੇ 40 ਯੂਨਿਟ ਖ਼ੂਨਦਾਨ ਕੀਤਾ ਗਿਆ। ਪ੍ਰਬੰਧਕਾਂ ਨੇ ਮੁੱਖ ਮਹਿਮਾਨ, ਖੂਨਦਾਨੀਆਂ, ਵੱਖ-ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।

## ਛਾਜਲੀ 'ਚ ਮੁੱਖ ਮੰਤਰੀ ਦਾ ਪੁਤਲਾ ਫੂਕਿਆ



**ਦਿੜ੍ਹਬਾ (ਜਸਵੀਰ ਲਾਡੀ)**-ਪਿੰਡ ਛਾਜਲੀ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਗਿਆ। ਕਿਸਾਨ ਜਥੇਬੰਦੀਆਂ ਵੱਲੋਂ ਪਿੰਡ ਦੇ ਵਿੱਚ ਰੋਸ ਮੁਜ਼ਾਹਰਾ ਕੀਤਾ ਤੇ ਪੰਜਾਬ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਸੰਤ ਰਾਮ ਸਿੰਘ ਛਾਜਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ 'ਤੇ ਸ਼ਾਂਤਮਈ ਢੰਗ ਨਾਲ ਚੱਲ ਰਹੇ ਕਿਸਾਨੀ ਮੰਗਾਂ ਨੂੰ ਲੈ ਕੇ ਕਿਸਾਨਾਂ ਦੇ ਧਰਨਿਆਂ 'ਤੇ ਰਾਤ ਨੂੰ 11 ਵਜੇ ਮੋਰਚਿਆਂ 'ਤੇ ਹਮਲਾ ਕਰ ਦਿੱਤਾ, ਜਿਨ੍ਹਾਂ ਨੇ ਜੇਸੀਬੀ ਨਾਲ ਕਿਸਾਨਾਂ ਦੇ ਤੰਬੂ ਪੱਟ ਦਿੱਤੇ ਤੇ ਟੈਂਟ ਸਮੇਤ ਉਖਾੜ ਦਿੱਤੇ। ਪੁਲਸ ਪ੍ਰਸ਼ਾਸਨ ਵੱਲੋਂ ਕਿਸਾਨਾਂ ਦਾ ਸਾਮਾਨ ਚੋਰੀ ਕਰ ਲੈਣ ਦਾ ਵੀ ਕਥਿਤ ਤੌਰ 'ਤੇ ਦੋਸ਼ ਲਾਇਆ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਉੱਪਰ ਜ਼ੁਲਮ ਢਾਹੁੰਦੇ ਹੋਏ ਉਨ੍ਹਾਂ ਦੀਆਂ ਸਾਰੀਆਂ ਹੱਦਾਂ ਹੀ ਪਾਰ ਕਰ ਦਿੱਤੀਆਂ। ਕਿਸਾਨਾਂ ਨੂੰ ਮੀਟਿੰਗ ਦੇ ਦੌਰਾਨ ਗੱਲਬਾਤ ਬਹਾਨੇ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਜੇਲ੍ਹਾਂ ਵਿੱਚ ਡੱਕ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸਰਕਾਰ ਕਿਸਾਨਾਂ ਦੀ ਆਵਾਜ਼ ਦਬਾਉਣਾ ਚਾਹੁੰਦੀ ਹੈ ਪਰ ਅਸੀਂ ਦਬਣ ਵਾਲੇ ਨਹੀਂ ਹਾਂ। ਅਸੀਂ ਆਪਣੇ ਕਿਸਾਨ ਆਗੂਆਂ ਨੂੰ ਜੇਲ੍ਹਾਂ ਵਿੱਚੋਂ ਰਿਹਾ ਕਰਾ ਕੇ ਹੀ ਦਮ ਲਵਾਂਗੇ ਤੇ ਆਪਣੀਆਂ ਕਿਸਾਨੀ ਮੰਗਾਂ ਨੂੰ ਹਰ ਹਾਲਤ ਦੇ ਵਿੱਚ ਮਨਵਾਵਾਂਗੇ।

## ਸ਼ਹੀਦਾਂ ਨੂੰ ਸਮਰਪਤ ਸੈਮੀਨਾਰ ਕਰਾਇਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਦੇਸ਼ ਭਗਤ ਯਾਦਗਾਰ ਵੱਲੋਂ 23 ਮਾਰਚ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਤ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਸੰਸਥਾ ਦੇ ਪ੍ਰਧਾਨ ਬਲਬੀਰ ਲੌਂਗੋਵਾਲ ਵੱਲੋਂ ਸਾਰਿਆਂ ਨੂੰ ਜੀ ਆਇਆਂ ਕਿਹਾ ਤੇ ਸੰਸਥਾ ਦੇ ਕਾਰਜਾਂ ਬਾਰੇ ਜਾਣੂ ਕਰਾਉਂਦਿਆਂ ਆਜ਼ਾਦ ਸ਼ਹੀਦਾਂ ਵੱਲੋਂ ਆਖ਼ਰ ਹਰ ਤਰ੍ਹਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਨ, ਲੋਕਤੰਤਰ ਦੀਆਂ ਬੇਰਹਿਮੀ ਨਾਲ ਧੱਜੀਆਂ ਉਡਾਉਣ ਅਤੇ ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ਤੇ ਚਰਚਾ ਕੀਤੀ।ਮੁੱਖ ਬੁਲਾਰੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਵਕੀਲ ਅਮਨਦੀਪ ਕੌਰ ਨੇ ਨਵੇਂ ਲੋਕ ਮਾਰੂ ਕਾਲੇ ਕਾਨੂੰਨਾਂ ਦੀ ਬਰੀਕੀ ਨਾਲ ਵਿਆਖਿਆ ਕਰਦਿਆਂ ਕਿਹਾ ਨਵੇਂ ਬਣਾਏ ਕਾਨੂੰਨਾਂ ਵਿੱਚ ਪੁਲਸ ਨੂੰ ਅਥਾਹ ਸ਼ਕਤੀਆਂ ਦਿੱਤੀਆਂ ਗਈਆਂ ਹਨ, ਜੋ ਕਿ ਬਹੁਤ ਹੀ ਖ਼ਤਰਨਾਕ ਹਨ। ਮਜ਼ਦੂਰ ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ ਦੇ ਹੱਕੀ ਸੰਘਰਸ਼ਾਂ ਨੂੰ ਦਬਾ ਕੇ ਕਾਰਪੋਰੇਟ ਨੀਤੀਆਂ ਦੇ ਪੱਖ ਵਿੱਚ ਭੁਗਤਣ ਵਿੱਚ ਸਰਕਾਰ ਸਿੱਧ ਰਹੀ।ਉਨ੍ਹਾਂ ਕਿਹਾ ਕੋਈ ਵੀ ਕਾਨੂੰਨ, ਹਕੂਮਤ ਲੋਕਾਂ ਦੀ ਤਾਕਤ ਤੋਂ ਵੱਡੀ ਨਹੀਂ ਹੋ ਸਕਦੀ, ਇਤਿਹਾਸ ਇਸ ਦਾ ਗਵਾਹ ਹੈ।ਨਾਲ ਹੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ 'ਤੇ ਚਾਨਣਾ ਪਾਉਂਦਿਆਂ ਇਸ ਲੋਕ ਮਾਰੂ ਸਰਕਾਰੀ ਰੋਲ ਦਾ ਲੋਕ ਏਕਤਾ ਨਾਲ ਟਾਕਰਾ ਕਰਨ ਦਾ ਸੁਨੇਹਾ ਵੀ ਦਿੱਤਾ।ਸਵਾਲ ਜਵਾਬ ਸੈਸ਼ਨ ਵਿੱਚ ਬੁਲਾਰੇ ਵੱਲੋਂ ਸਵਾਲਾਂ ਦੇ ਜਵਾਬ ਤਸੱਲੀ ਪੂਰਵਕ ਦਿੱਤੇ ਗਏ।ਮੰਚ ਸੰਚਾਲਨ ਸੰਸਥਾ ਦੇ ਜਨਰਲ ਸਕੱਤਰ ਜੁਝਾਰ ਲੌਂਗੋਵਾਲ ਵੱਲੋਂ ਕੀਤਾ ਗਿਆ।

## ਸਮਾਜ ਅੰਦਰ ਵਰਤ ਰਹੇ ਵਰਤਾਰਿਆਂ ਨੂੰ ਨਸ਼ਰ ਕਰਨਾ ਮੀਡੀਆ ਦਾ ਉੱਤਮ ਕਾਰਜ : ਮਾ. ਵਿਸ਼ਵਿੰਦਰ

**ਦੋਰਾਹਾ (ਹਰਮਿੰਦਰ ਸੇਠ)**-ਪੱਤਰਕਾਰਤਾ ਦੁਆਰਾ ਇਨਸਾਨ ਹਰ ਮੰਜ਼ਲ ਤੇ ਆਸ਼ੇ ਸਰ ਕਰ ਸਕਦਾ ਹੈ ਅਤੇ ਸੁਚੱਜੀ ਪੱਤਰਕਾਰਤਾ ਸਮਾਜ ਦਾ ਸ਼ੀਸ਼ਾ ਦਿਖਾ ਕੇ ਸੰਤੁਲਨ ਬਣਾਉਣ ਲਈ ਕਾਰਗਰ ਸਾਬਤ ਹੁੰਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਜਰਨਲਿਸਟ ਲਾਲ ਸਿੰਘ ਮਾਂਗਟ ਨੇ ਪੀ ਐਮ ਸ੍ਰੀ ਸਰਕਾਰੀ ਹਾਈ ਸਕੂਲ ਬੇਗੋਵਾਲ ਵਿਖੇ ਪੱਤਰਕਾਰਤਾ ਉਪਰ ਕਰਵਾਏ ਲੈਕਚਰ ਦੌਰਾਨ ਵਿਚਾਰ ਸਾਂਝੇ ਕਰਦਿਆਂ ਕੀਤਾ।ਜ਼ਿਕਰਯੋਗ ਹੈ ਕਿ ਸਰਕਾਰੀ ਹਾਈ ਸਕੂਲ ਬੇਗੋਵਾਲ ਨੂੰ ਪੀ ਐਮ ਸ੍ਰੀ ਯੋਜਨਾ ਲਿਆਂਦਾ ਗਿਆ ਹੈ, ਜਿਸ ਲਈ ਕੇਂਦਰ ਸਰਕਾਰ ਵੱਲੋਂ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਸਕੂਲ ਸਟਾਫ਼ ਰਾਹੀਂ ਗ੍ਰਾਂਟਾਂ ਦੇ ਜ਼ਰੀਏ ਕਈ ਸਰਗਰਮੀਆਂ ਕਰਵਾਈਆਂ ਜਾਂਦੀਆਂ ਹਨ। ਵਿਦਿਆਰਥੀਆਂ ਨੂੰ ਖ਼ਬਰਾਂ ਇਕੱਠੀਆਂ ਕਰਨ, ਖ਼ਬਰਾਂ ਲਿਖਣ ਸਬੰਧੀ ਨੁਕਤਿਆਂ ਨੂੰ ਸਾਂਝਾ ਕਰਦਿਆਂ ਮਾਂਗਟ ਨੇ ਕਿਹਾ ਕਿ ਅਜੋਕੀ ਪੱਤਰਕਾਰਤਾ ਅਧੁਨਿਕ ਸਮੇਂ ਦੇ ਨਾਲ ਇਕ ਉੱਚ ਦਰਜੇ ਦੇ ਮੁਕਾਮ ਉਪਰ ਪੁੱਜ ਗਈ ਹੈ।ਪ੍ਰਿੰਟ ਮੀਡੀਆ ਦੇ ਮੁਕਾਬਲਤਨ ਇਲੈਕਟ੍ਰਾਨਿਕ ਮੀਡੀਆ ਵਿੱਚ ਉਛਾਲ ਆਉਣਾ ਸਮੇਂ ਦੀ ਮੰਗ ਬਣ ਗਈ ਹੈ।ਪੱਤਰਕਾਰਤਾ ਸਬੰਧੀ ਕਰਾਏ ਲੈਕਚਰ ਨੂੰ ਰੂਪ-ਰੇਖਾ ਪ੍ਰਦਾਨ ਕਰਦਿਆਂ ਇੰਚਾਰਜ ਹਰਿੰਦਰ ਕੌਰ ਤੇ ਮਾਸਟਰ ਵਿਸ਼ਵਿੰਦਰ ਵਸ਼ਿਸ਼ਟ ਨੇ ਕਿਹਾ ਕਿ ਸਮਾਜ ਅੰਦਰ ਵਰਤ ਰਹੇ ਵਰਤਾਰਿਆਂ ਪ੍ਰਤੀ ਮੀਡੀਆ ਦਾ ਨਜ਼ਰੀਆ ਉੱਤਮ ਸਥਰ ਵਜੋਂ ਦੇਖਿਆ ਜਾਂਦਾ ਹੈ। ਇਸ ਦੌਰਾਨ ਕੁੱਝ ਵਿਦਿਆਰਥੀਆਂ ਨੇ ਸੁਆਲ ਕੀਤੇ, ਜਿਨ੍ਹਾਂ ਦੇ ਵਿਦਿਆਰਥੀਆਂ ਨੂੰ ਤਸੱਲੀ ਬਖ਼ਸ਼ ਜੁਆਬ ਦਿੱਤੇ ਗਏ।ਸਕੂਲ ਸਟਾਫ਼ ਵੱਲੋਂ ਬੁਲਾਰੇ ਨੂੰ ਸਨਮਾਨ ਦੇ ਕੇ ਨਿਵਾਜਿਆ ਗਿਆ ਤੇ ਧੰਨਵਾਦ ਕੀਤਾ।

# ਸ਼ਹੀਦਾਂ ਨੂੰ ਸਮਰਪਤ ਦਾਣਾ ਮੰਡੀ ਵਿਖੇ ਬੀਬੀਆਂ ਦੀ ਵਿਸ਼ਾਲ ਕਨਵੈਨਸ਼ਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੀ ਜ਼ਿਲ੍ਹਾ ਕਮੇਟੀ ਦੀ ਪ੍ਰਧਾਨਗੀ ਹੇਠ ਹਜ਼ਾਰਾਂ ਕਿਸਾਨਾਂ, ਮਜ਼ਦੂਰਾਂ ਤੇ ਬੀਬੀਆਂ ਵੱਲੋਂ ਫਿਰੋਜ਼ਪੁਰ ਦੀ ਛਾਉਣੀ ਦਾਣਾ ਮੰਡੀ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਮਰਪਤ ਸ਼ਹੀਦਾਂ ਨੂੰ ਯਾਦ ਕਰਦਿਆਂ ਬੀਬੀਆਂ ਦੀ ਜ਼ਿਲ੍ਹਾ ਪੱਧਰੀ ਕਮੇਟੀ ਦਾ ਗਠਨ ਕਰਦਿਆਂ ਸਟੇਜ ਸਕੱਤਰ ਦੀ ਭੂਮਿਕਾ ਰਣਬੀਰ ਸਿੰਘ ਰਾਣਾ ਨੇ ਨਿਭਾਈ।ਕਿਸਾਨ ਆਗੂਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਸਤਨਾਮ ਸਿੰਘ ਪੰਨੂ, ਸੁਖਜੀਤ ਕੌਰ ਬੁੱਕਣ ਵਾਲਾ, ਹਰਮੀਤ ਕੌਰ ਬਾਘਾ ਪੁਰਾਣਾ, ਸੁਖਵਿੰਦਰ ਕੌਰ ਮਾਹਲਾ ਖੁਰਦ ਨੇ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਦੀ ਮਾਨ ਸਰਕਾਰ ਵੱਲੋਂ ਕੀਤੇ ਸ਼ੰਭੂ, ਖਨੌਰੀ ਬਾਰਡਰਾਂ 'ਤੇ ਕੀਤੇ ਜਬਰ ਦੀ ਸਖਤ ਨਿਖੇਧੀ ਕਰਦਿਆਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਗ੍ਰਿਫਤਾਰ ਕੀਤੇ ਕਿਸਾਨਾਂ, ਮਜ਼ਦੂਰਾਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ ਤੇ ਕਿਸਾਨਾਂ ਮਜ਼ਦੂਰਾਂ ਦੇ ਸਾਮਾਨ ਦੀ ਕੀਤੀ ਭੰਨਤੋੜ ਦੀ ਭਰਪਾਈ ਵੀ ਸਰਕਾਰ ਵੱਲੋਂ ਕਰਵਾਈ ਜਾਵੇਗੀ।ਸੂਬਾ ਆਗੂਆਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰਨਾਂ ਜ਼ਿਲ੍ਹਿਆਂ ਵਿੱਚ ਵੀ ਬੀਬੀਆਂ ਦੇ ਸੰਗਠਨ ਬਣਾਏ ਜਾਣਗੇ ਤੇ ਭਗਵੰਤ ਮਾਨ ਦੀ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਦੀ ਪੁਲਸ ਵੱਲੋਂ ਕੀਤੇ ਬਾਰਡਰਾਂ 'ਤੇ ਦੁਖਦਾਈ ਵਰਤਾਰੇ ਵਿਰੁੱਧ 25 ਮਾਰਚ ਤੱਕ ਲਗਾਤਾਰ ਪਿੰਡ ਪੱਧਰੀ ਭਗਵੰਤ ਮਾਨ ਸਰਕਾਰ ਦੇ ਪੁਤਲੇ ਫੂਕੇ ਜਾਣਗੇ।ਕਿਸਾਨ ਆਗੂਆਂ ਗੁਰਮੇਲ ਸਿੰਘ ਫੱਤੇਵਾਲਾ, ਧਰਮ ਸਿੰਘ ਸਿੱਧੂ, ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ, ਰਣਜੀਤ ਸਿੰਘ ਖੱਚਰਵਾਲਾ, ਨਰਿੰਦਰਪਾਲ ਸਿੰਘ ਜਤਾਲਾ ਨੇ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਸਿਰਜਣ ਤੇ ਆਪਣੀਆਂ ਹੱਕੀ ਮੰਗਾਂ ਲਈ ਕਿਰਤੀ ਕਾਮਿਆਂ ਕਿਸਾਨਾਂ, ਮਜ਼ਦੂਰਾਂ, ਛੋਟੇ ਦੁਕਾਨਦਾਰਾਂ, ਵਪਾਰੀਆਂ, ਮੁਲਾਜ਼ਮਾਂ ਤੇ ਆਮ ਲੋਕਾਂ ਨੂੰ ਇਕੱਠੇ ਹੋ ਕੇ ਲੜਨਾ ਹੀ ਪਵੇਗਾ।ਇਸ ਮੌਕੇ ਸੁਰਜੀਤ ਸਿੰਘ ਫੌਜੀ, ਅਮਨਦੀਪ ਸਿੰਘ ਕੱਚਰਭੰਨ, ਹਰਫੂਲ ਸਿੰਘ ਦੂਲੇਵਾਲਾ, ਬੀਬੀ ਸੁਖਬੀਰ ਕੌਰ ਕਾਮਲ ਵਾਲਾ, ਹਰਜਿੰਦਰ ਕੌਰ ਜੀਆਂ ਬੱਗਾ, ਮਨਜੀਤ ਕੌਰ ਬਾਹਰਵਾਲੀ, ਮਹਿੰਦਰ ਕੌਰ ਲੱਖਾ ਹਾਜੀ, ਮਨਜੀਤ ਕੌਰ ਕਮਾਲਾ ਬੋਦਲਾਂ, ਸੰਦੀਪ ਕੌਰ ਹਜ਼ਾਰਾਂ ਸਿੰਘ ਵਾਲਾ, ਸਵਰਨ ਕੌਰ ਖਾਈ ਫੇਮੇਕੀ, ਪਿਆਰ ਕੌਰ ਸੰਤੂ ਵਾਲਾ, ਅਮਰਜੀਤ ਕੌਰ ਮਾਦੀਕੇ,ਬਲਰਾਜ ਸਿੰਘ ਫੇਰੋਕੇ, ਵੀਰ ਸਿੰਘ ਨਿਜਾਮਦੀਨ ਵਾਲਾ, ਗੁਰਬਖ਼ਸ਼ ਸਿੰਘ ਪੰਜਗਰਾਈਂ, ਮੱਖਣ ਸਿੰਘ ਵਾੜਾ, ਗੁਰਨਾਮ ਸਿੰਘ ਅਲੀਕੇ, ਮੰਗਲ ਸਿੰਘ ਸਵਾਈਕੇ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਤ ਸਾਹਿਤਕ ਸਮਾਗਮ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**- ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਸਿੱਖਿਆ ਦੇ ਖੇਤਰ ਵਿੱਚ ਵਿਲੱਖਣ ਪਹਿਚਾਣ ਰੱਖਣ ਵਾਲੀ ਸੰਸਥਾ ਬੱਤਰਾ ਅਕੈਡਮੀ ਵੱਲੋਂ ਪੰਜਾਬੀ ਸਾਹਿਤ ਸਭਾ ਪਾਤੜਾਂ ਦੇ ਸਹਿਯੋਗ ਨਾਲ ਨੌਜਵਾਨਾਂ ਵਿੱਚ ਸਾਹਿਤਕ ਰੁਚੀਆਂ ਪ੍ਰਫੁੱਲਤ ਕਰਨ ਲਈ ਬੱਤਰਾ ਅਕੈਡਮੀ ਵਿਖੇ ਨੌਜਵਾਨ ਸਾਹਿਤਕ ਸਮਾਗਮ ਕਰਵਾਇਆ ਗਿਆ।ਸਮਾਗਮ ਵਿੱਚ ਸਾਹਿਤਕ ਮੱਸ ਰੱਖਣ ਵਾਲੇ ਵੱਡੀ ਗਿਣਤੀ ਵਿੱਚ ਨੌਜਵਾਨ ਮੁੰਡੇ-ਕੁੜੀਆਂ ਵੱਲੋਂ ਸ਼ਮੂਲੀਅਤ ਕਰਕੇ ਰਚਨਾਵਾਂ ਦੀ ਪੇਸ਼ਕਾਰੀ ਕੀਤੀ।ਇਸ ਦੌਰਾਨ ਨਵੇਂ ਸਾਹਿਤਕਾਰਾਂ ਵੱਲੋਂ ਪੇਸ਼ ਕੀਤੀਆਂ ਗਈਆਂ ਰਚਨਾਵਾਂ ਦਾ ਲੇਖਾ ਜੋਖਾ ਕਰਨ ਲਈ ਸਾਹਿਤ ਸਭਾ ਦੇ ਪ੍ਰਧਾਨ ਤਰਸੇਮ ਸਿੰਘ ਖਾਸਪੁਰੀ, ਗੁਰਨਾਮ ਸਿੰਘ ਚੌਹਾਨ ਤੇ ਮਾਸਟਰ ਜਤਿੰਦਰ ਭਾਰਦਵਾਜ ਨੇ ਜੱਜ ਦੀ ਭੂਮਿਕਾ ਨਿਭਾਈ।ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਪੁੱਜੇ ਪ੍ਰੋਫੈਸਰ ਪ੍ਰਭਜੋਤ ਸਿੰਘ ਘੱਗਾ ਨੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਸਮੇਂ ਦੇ ਹਾਕਮਾਂ ਵਿਰੁੱਧ ਬਗਾਵਤ ਕਰਨ ਵਾਲਿਆਂ ਨੂੰ ਹਕੂਮਤਾਂ ਕਦੇ ਸਹਿਣ ਨਹੀਂ ਕਰਦੀਆਂ, ਸਗੋਂ ਬਾਗੀਆਂ ਨੂੰ ਦਬਾਉਣ ਲਈ ਹਰ ਹੀਲਾ ਵਰਤਦੀਆਂ ਹਨ।ਉਨ੍ਹਾਂ ਕਿਹਾ ਕਿ ਸੱਤਾ ਵਿਰੋਧੀ ਚੱਲਣ ਵਾਲਿਆਂ ਦੀਆਂ ਵਿਚਾਰਧਰਾਵਾਂ ਵਿੱਚ ਅਸਮਾਨਤਾ ਹੋ ਸਕਦੀ ਹੈ, ਪਰ ਸੱਤਾਧਾਰੀਆਂ ਵਿਰੁੱਧ ਗੱਲ ਕਰਨ ਵਾਲੇ ਸਦਾ ਹਕੂਮਤਾਂ ਦੇ ਨਿਸ਼ਾਨੇ 'ਤੇ ਰਹਿੰਦੇ ਹਨ। ਸਮਾਗਮ ਦੌਰਾਨ ਹਾਜ਼ਰ ਨੌਜਵਾਨ ਸਾਹਿਤਕਾਰਾਂ ਮਨਿੰਦਰਜੀਤ ਸਿੰਘ ਮੌਲਵੀਵਾਲਾ, ਰਵਨੀਤ ਕੌਰ ਪਾਤੜਾਂ, ਸੁਮਨ ਦੀਦ ਸ਼ੁਤਰਾਣਾ, ਵਿਨੋਦ ਕੁਮਾਰ, ਬਲਜਿੰਦਰ ਕੌਰ, ਸਿਮਰਨ ਕੌਰ, ਅਰੁਣ ਕੁਮਾਰ, ਅਨੁਰੰਜਣ ਰਾਣੀ, ਸ਼ੈਂਟੀ ਸਿੰਘ ਬਾਦਲਗੜ੍ਹ, ਲਵਨੀਤ ਕੌਰ, ਰਵੀਨਾ ਰਾਣੀ, ਲਖਵਿੰਦਰ ਰਾਮ, ਰਵਿੰਦਰ ਸਿੰਘ ਦਫਤਰੀਵਾਲਾ, ਮੁਸਕਾਨ ਰਾਣੀ, ਕੁਲਦੀਪ ਕੁਮਾਰ ਸ਼ਰਮਾ, ਗੁਰਜੀਤ ਸਿੰਘ ਮੂਨਕ, ਸਰਬਜੀਤ ਸਿੰਘ ਕੁਦਨੀ, ਪਰਮਜੀਤ ਕੌਰ ਚੁਨਾਗਰਾ, ਅਨੀਸ਼ਾ ਰਾਣੀ ਖਨੌਰੀ, ਨਵਜੋਤ ਕੌਰ, ਅਮਨਿੰਦਰ ਕੌਰ, ਜਸ਼ਨਦੀਪ ਸਿੰਘ, ਦਮਨਪ੍ਰੀਤ ਗਿੱਲ, ਜਸ਼ਨਦੀਪ ਦਿੜਬਾ, ਅੰਕਿਤ ਕੁਮਾਰ, ਬਲਜੀਤ ਸਿੰਘ, ਸੁਖਦੀਪ ਸਿੰਘ, ਹਰਮਨ ਕੌਰ ਹਰਿਆਊ, ਇੰਦਰਜੀਤ ਸਿੰਘ, ਮਨਿੰਦਰ ਕਾਫਰ, ਮਮਤਾ ਰਾਣੀ, ਰਮਨ ਧਨੋਆ ਤੇ ਮਮਤਾ ਰਾਣੀ ਯਾਦ ਨੇ ਰਚਨਾਵਾਂ ਪੇਸ਼ ਕੀਤੀਆਂ, ਜਿਨ੍ਹਾਂ ਵਿੱਚੋਂ ਪਰਮਜੀਤ ਕੌਰ ਚੁਨਾਗਰਾ ਤੇ ਅਨੁਰਾਧਾ ਨੇ ਪਹਿਲਾ ਸਥਾਨ, ਸੁਮਨ ਦੀਦ ਨੇ ਦੂਜਾ ਤੇ ਅਨੀਸ਼ਾ ਰਾਣੀ ਖਨੌਰੀ ਨੇ ਤੀਜਾ ਸਥਾਨ ਹਾਸਲ ਕੀਤਾ।

ਇਨ੍ਹਾਂ ਨੂੰ ਬੱਤਰਾ ਅਕੈਡਮੀ ਵੱਲੋਂ ਟਰਾਫੀਆਂ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਮੰਚ ਸੰਚਾਲਨ ਰਵੀ ਘੱਗਾ ਨੇ ਬਾਖੂਬੀ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾ ਮੁਕਤ ਪ੍ਰਿੰਸੀਪਲ ਬੇਅੰਤ ਸਿੰਘ ਧਾਲੀਵਾਲ, ਬਲਵੀਰ ਸਿੰਘ ਸ਼ੁਤਰਾਣਾ, ਭੁਪਿੰਦਰਜੀਤ ਮੌਲਵੀਵਾਲਾ, ਲਾਲ ਸਿੰਘ ਚੋਪੜਾ, ਪਰਮਿੰਦਰਜੀਤ ਮੌਦਗਿੱਲ, ਦਰਸ਼ਨ ਲਾਡ ਵਣਜਾਰਾ, ਰਾਮਫਲ ਰਾਜਲਹੇੜੀ ਤੇ ਪ੍ਰੀਤ ਮੁਸਾਫਰ ਆਦਿ ਹਾਜ਼ਰ ਸਨ।

# ਲੋਕ ਸੇਵਾ ਸੁਸਾਇਟੀ ਨੇ 26ਵਾਂ ਸਮੂਹਕ ਕੰਨਿਆ ਦਾਨ ਮਹਾਂ ਯੱਗ ਕਰਵਾਇਆ



**ਜਗਰਾਓਂ (ਅਮਿਤ ਖੰਨਾ)**-ਜਗਰਾਉਂ ਦੀ ਸਭ ਤੋਂ ਵੱਡੀ ਸਮਾਜ ਸੇਵੀ ਸੰਸਥਾ ਲੋਕ ਸੇਵਾ ਸੁਸਾਇਟੀ ਵੱਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ 26ਵਾਂ ਸਮੂਹਕ ਕੰਨਿਆ ਦਾਨ ਮਹਾਂ ਯੱਗ ਸਨਮਤੀ ਮਾਤਰੀ ਹਾਲ ਜਗਰਾਓਂ ਵਿਖੇ ਕਰਵਾਇਆ ਗਿਆ।ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਹੇਠ ਕਰਵਾਏ ਸਮਾਗਮ ਦੇ ਮੁੱਖ ਮਹਿਮਾਨ ਕਮਿੱਕਰ ਸਿੰਘ ਯੂ ਐੱਸ ਏ, ਰਾਜ ਜੈਨ, ਗੁਰਚਰਨ ਸਿੰਘ ਗਿੱਲ, ਕੁਲਵੰਤ ਕੌਰ ਗਿੱਲ, ਹਰੀਸ਼ ਕੁਮਾਰ ਗੁਪਤਾ ਜੈਪੁਰ, ਹਰਪ੍ਰੀਤ ਹੈਪੀ ਯੂ ਐੱਸ ਏ, ਅਰੁਣ ਗੋਇਲ ਡਾਇਰੈਕਟਰ ਏ ਪੀ ਰਿਫਾਇਨਰੀ, ਬਲਵੰਤ ਸਿੰਘ ਕੈਨੇਡਾ, ਕ੍ਰਿਸ਼ਨ ਕੁਮਾਰ ਅਗਰਵਾਲ, ਯਸ਼ਪਾਲ ਅਗਰਵਾਲ ਯੂ ਐੱਸ ਏ, ਰਵੀ ਗੋਇਲ ਐੱਮ ਡੀ ਏ ਪੀ ਰਿਫਾਇਨਰੀ ਸਨ, ਜਦਕਿ ਸਮਾਗਮ ਵਿੱਚ ਹਲਕਾ ਵਿਧਾਇਕ ਸਰਬਜੀਤ ਕੌਰ ਮਾਣੂਕੇ, ਸਾਬਕਾ ਵਿਧਾਇਕ ਐੱਸ ਆਰ ਕਲੇਰ, ਸਾਬਕਾ ਚੇਅਰਮੈਨ ਕਮਲਜੀਤ ਮੱਲ੍ਹਾ, ਨਗਰ ਕੌਂਸਲ ਪ੍ਰਧਾਨ ਜਤਿੰਦਰ ਪਾਲ ਸਿੰਘ ਰਾਣਾ, ਮੇਜਰ ਸਿੰਘ ਭੈਣੀ ਸਾਬਕਾ ਚੇਅਰਮੈਨ, ਰਾਜੇਸ਼ ਕਤਿਆਲ, ਵਿਸ਼ਾਲ ਜੈਨ, ਪ੍ਰਿੰਸੀਪਲ ਡਾਕਟਰ ਵੇਦ ਵਰਤ ਪਲਾਹ, ਪ੍ਰਿੰਸੀਪਲ ਡਾਕਟਰ ਸਤੀਸ਼ ਸ਼ਰਮਾ, ਵਿਜ਼ਡਮ ਇੰਟਰਨੈਸ਼ਨਲ ਸਕੂਲ ਦੇ ਚੇਅਰਮੈਨ ਸਤੀਸ਼ ਕਾਲੜਾ, ਡਾਕਟਰ ਸਤੀਸ਼ ਕੁਮਾਰ ਸ਼ਰਮਾ ਐਕਸ ਡਾਇਰੈਕਟਰ ਡੀਏਵੀ ਕਾਲਜ, ਮਨੀਸ਼ ਜੈਨ, ਹਰਸ਼ ਜੈਨ, ਇਸ਼ਾਤ ਗੋਇਲ ਏਪੀ ਰਿਫਾਇਨਰੀ, ਨਵਜੋਤ ਸਿੰਘ ਮੱਲ੍ਹੀ, ਡਾਕਟਰ ਵਿਵੇਕ ਗੋਇਲ, ਅਜੇ ਗੋਇਲ, ਬਲਵਿੰਦਰ ਬਾਂਸਲ, ਸੁਨੀਲ ਗੁਪਤਾ ਟੀਟੂ, ਭਵੁਨ ਗੋਇਲ ਏ ਪੀ ਰਿਫਾਇਨਰੀ, ਕਾਂਤਾ ਰਾਣੀ ਸਿੰਘਲਾ ਪ੍ਰਧਾਨ ਸਨਮਤੀ ਬਿਮਲ ਜੈਨ ਸੇਵਾ ਸੰਮਤੀ, ਐੱਮ ਸੀ ਅਮਰਜੀਤ ਸਿੰਘ ਮਾਲਵਾ, ਡਾਕਟਰ ਗੁਰਭੇਜ ਸਿੰਘ, ਡਾਕਟਰ ਰਮਿੰਦਰ ਕੌਰ, ਪ੍ਰੋਫੈਸਰ ਸੁਖਵਿੰਦਰ ਸਿੰਘ, ਡਾਕਟਰ ਨਰਿੰਦਰ ਸਿੰਘ, ਡੀ ਕੇ ਸ਼ਰਮਾ ਐੱਮ ਡੀ ਸ਼ਿਵਾਲਿਕ ਸਕੂਲ ਆਦਿ ਤੋਂ ਇਲਾਵਾ ਹੋਰ ਬਹੁਤ ਸਾਰੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਸਮਾਗਮ ਵਿੱਚ ਸ਼ਮੂਲੀਅਤ ਕਰਦਿਆਂ ਨਵ-ਜੋੜਿਆਂ ਨੂੰ ਅਸ਼ੀਰਵਾਦ ਪ੍ਰਦਾਨ ਕੀਤਾ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਵਿੱਤਰ ਹਜ਼ੂਰੀ ਵਿੱਚ ਆਨੰਦ ਕਾਰਜ ਦੀ ਅਹਿਮ ਰਸਮ ਭਾਈ ਹਰਮੀਤ ਸਿੰਘ ਨੇ ਪੂਰੇ ਧਾਰਮਿਕ ਰੀਤੀ ਰਿਵਾਜ਼ਾਂ ਅਨੁਸਾਰ ਅਦਾ ਅਦਾ ਕੀਤੀ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸੋਸਾਇਟੀ ਵੱਲੋਂ ਹਰੇਕ ਸਾਲ ਸਮੂਹ ਕੰਨਿਆ ਦਾਨ ਮਹਾਂਯਗ ਕਰਵਾਇਆ ਜਾਂਦਾ ਹੈ ਤੇ ਇਸ ਵਾਰ ਨੌਂ ਪਰਵਾਰਾਂ ਦੀਆਂ ਲੜਕੀਆਂ ਦੇ ਸਮੂਹਕ ਕੰਨਿਆ ਦਾਨ ਕਰਵਾਏ ਗਏ।ਇਸ ਮੌਕੇ ਸੋਸਾਇਟੀ ਦੇ ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਸੀਨੀਅਰ ਵਾਈਸ ਪ੍ਰਧਾਨ ਮਦਨ ਲਾਲ, ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਵਾਈਸ ਚੇਅਰਮੈਨ ਕੰਵਲ ਕੱਕੜ, ਪੀ ਆਰ ਓ ਨੀਰਜ ਮਿੱਤਲ ਤੇ ਚਰਨਜੀਤ ਸਿੰਘ ਭੰਡਾਰੀ, ਅਮਿਤ ਅਰੋੜਾ, ਅਨਿਲ ਮਲਹੋਤਰਾ, ਅੰਸ਼ੂ ਗੋਇਲ, ਅਨੀਸ਼ ਕੁਮਾਰ ਤੋਂ ਇਲਾਵਾ ਸੋਸਾਇਟੀ ਸਮੁੱਚੇ ਮੈਂਬਰ ਹਾਜ਼ਰ ਸਨ।

# ਕੌਮੀ ਸ਼ਹੀਦਾਂ ਦੀ ਯਾਦ 'ਚ ਖ਼ੂਨਦਾਨ ਕੈਂਪ



**ਲਹਿਰਾ ਮੁਹੱਬਤ (ਪੱਤਰ ਪ੍ਰੇਰਕ)**

ਮਨੁੱਖਤਾ ਭਲਾਈ ਸੰਸਥਾ ਵੱਲੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸੰਸਥਾ ਦੇ ਵਿਛੜੇ ਸਾਥੀਆਂ ਸੁਖਦੀਪ ਸਿੰਘ ਕਾਲਾ ਤੇ ਮਲਕੀਤ ਸਿੰਘ ਪਿੱਦਾ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਲਾਇਆ ਗਿਆ। ਸੰਸਥਾ ਦੇ ਮੈਂਬਰ ਮਾਸਟਰ ਬਲਕਰਨ ਸਿੰਘ ਵੱਲੋਂ ਆਪਣੀ ਮਾਤਾ ਸਵ. ਗੁਰਦੇਵ ਕੌਰ ਦੀ ਯਾਦ ਵਿੱਚ ਸਪਾਂਸਰ ਕੀਤੇ ਕੈਂਪ ਦੀ ਸ਼ੁਰੂਆਤ ਬਾਬਾ ਤੇਜ ਰਾਮ ਜੀ (ਮੁੱਖ ਸੇਵਾਦਾਰ ਡੇਰਾ ਬਾਬਾ ਬਹਾਲੀ ਰਾਮ ਜੀ) ਦੁਆਰਾ ਖ਼ੂਨਦਾਨੀਆਂ ਨੂੰ ਆਸ਼ੀਰਵਾਦ ਦੇਣ ਨਾਲ ਹੋਈ। ਇਸ ਦੌਰਾਨ ਵਾਦੀ ਬਲੱਡ ਬੈਂਕ ਬਠਿੰਡਾ ਦੀ ਟੀਮ ਨੇ 35 ਖ਼ੂਨਦਾਨੀਆਂ ਦਾ ਬਲੱਡ ਇਕੱਤਰ ਕੀਤਾ। ਖ਼ੂਨਦਾਨੀਆਂ ਲਈ ਦੁੱਧ, ਕੇਲਿਆਂ ਤੇ ਜੂਸ ਦਾ ਪ੍ਰਬੰਧ ਕੀਤਾ ਗਿਆ। ਖ਼ੂਨਦਾਨੀਆਂ ਨੂੰ ਮੈਡਲ ਸਮੇਤ ਸਰਟੀਫਿਕੇਟ ਦੇ ਕੇ ਸਨਮਾਨ ਕੀਤਾ ਗਿਆ। ਸੰਸਥਾ ਨੇ ਆਪਣੇ ਵਿਛੜੇ ਸਰਗਰਮ ਮੈਂਬਰਾਂ ਸੁਖਦੀਪ ਸਿੰਘ ਕਾਲਾ ਤੇ ਮਲਕੀਤ ਸਿੰਘ ਪਿੱਦਾ ਦੇ ਪਰਵਾਰਕ ਮੈਂਬਰਾਂ ਨੂੰ ਵੀ ਉਚੇਚੇ ਤੌਰ 'ਤੇ ਸਨਮਾਨਤ ਕੀਤਾ। ਸੀ.ਐਸ.ਸੀ. ਦੇ ਜ਼ਿਲ੍ਹਾ ਇੰਚਾਰਜ ਤਰਸੇਮ ਸਿੰਘ ਬਰਾੜ, ਵਿਛੜੇ ਮੈਂਬਰਾਂ ਦੇ ਪਿਤਾ ਮਲਕੀਤ ਸਿੰਘ ਤੇ ਅਵਤਾਰ ਸਿੰਘ, ਬਾਬਾ ਭਾਈ ਜੀ ਸਾਹਿਬ ਸਮਾਜ ਭਲਾਈ ਕਲੱਬ ਦੇ ਸਾਬਕਾ ਪ੍ਰਧਾਨ ਜਗਜੀਤ ਸਿੰਘ, ਰਿਟਾ. ਬਾਗਵਾਨੀ ਅਫ਼ਸਰ ਰੂੜ ਸਿੰਘ (ਸਾਬਕਾ ਪ੍ਰਧਾਨ ਸਹਿਕਾਰੀ ਸਭਾ), ਸਵ. ਡਾ. ਯਾਦਵਿੰਦਰ ਸਿੰਘ ਬਠਿੰਡਾ ਦੇ ਪਿਤਾ ਬਲਵੀਰ ਸਿੰਘ, ਡਾ. ਬਲਦੇਵ ਸਿੰਘ ਸੇਖੋਂ, ਸੀਨੀਅਰ ਪੱਤਰਕਾਰ ਭੀਮ ਸੈਨ ਹਦਵਾਰੀਆ ਤੋਂ ਇਲਾਵਾ ਪਤਵੰਤੇ ਸੱਜਣਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਨਿਰਮਲ ਸਿੰਘ, ਜਨਰਲ ਸਕੱਤਰ ਮਾ. ਗੁਰਪ੍ਰੀਤ ਸਿੰਘ, ਖ਼ਜ਼ਾਨਚੀ ਚਰਨਜੀਤ ਸਿੰਘ ਪੱਤਰਕਾਰ, ਸਲਾਹਕਾਰ ਮਾ. ਬਲਕਰਨ ਸਿੰਘ, ਪੀ. ਆਰ. ਓ. ਸੁਖਪ੍ਰੀਤ ਸਿੰਘ, ਮੈਂਬਰਜ਼ ਲਖਵੀਰ ਸਿੰਘ ਲੱਖੀ, ਸਤਨਾਮ ਸਿੰਘ, ਗੁਰਵੀਰ ਸਿੰਘ, ਗੁਰਿੰਦਰਪਾਲ ਸਿੰਘ ਤੇ ਲਖਵੀਰ ਸਿੰਘ ਸੋਨੂੰ ਨੇ ਕੌਮੀ ਸ਼ਹੀਦਾਂ ਦੇ ਪੂਰਨਿਆਂ 'ਤੇ ਚੱਲਣ ਦਾ ਅਹਿਦ ਲਿਆ। ਪ੍ਰਧਾਨ ਨਿਰਮਲ ਸਿੰਘ ਨੇ ਕੈਂਪ 'ਚ ਪਹੁੰਚੇ ਖ਼ੂਨਦਾਨੀਆਂ ਤੋਂ ਇਲਾਵਾ ਬਲਜਿੰਦਰ ਸਿੰਘ, ਜੱਸਾ ਸਿੰਘ, ਪਰਗਟ ਸਿੰਘ, ਕੌਂਸਲਰਜ਼ ਗੁਰਸੇਵਕ ਸਿੰਘ, ਜਸਪਾਲ ਕੌਰ ਤੇ ਹਰਬੰਸ ਕੌਰ, ਸਹਿਯੋਗੀ ਸੱਜਣਾਂ ਤੇ ਬਲੱਡ ਬੈਂਕ ਟੀਮ ਦਾ ਧੰਨਵਾਦ ਕੀਤਾ।

# ਵਲੰਟੀਅਰਾਂ ਦਾ ਸਾਲਾਨਾ ਟੂਰ ਤੇ ਟ੍ਰੈਕਿੰਗ ਕੈਂਪ



**ਰਾਜਪੁਰਾ (ਰਮੇਸ਼ ਕਟਾਰੀਆ)**

ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਰਾਜਪੁਰਾ ਵਿੱਚ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ, ਡਾ. ਮਨਦੀਪ ਸਿੰਘ, ਪ੍ਰੋ. ਵੰਦਨਾ ਗੁਪਤਾ ਦੀ ਅਗਵਾਈ ਵਿੱਚ ਅਤੇ ਪ੍ਰੋਗਰਾਮ ਅਫਸਰ ਪ੍ਰੋ. ਅਵਤਾਰ ਸਿੰਘ, ਡਾ. ਗੁਰਜਿੰਦਰ ਸਿੰਘ ਤੇ ਡਾ. ਗਗਨਦੀਪ ਕੌਰ ਦੀ ਦੇਖ ਰੇਖ ਹੇਠ ਕਾਲਜ ਦੇ ਐੱਨ. ਐੱਸ. ਐੱਸ., ਰੈੱਡ ਕਰਾਸ ਤੇ ਰੈੱਡ ਰਿਬਨ ਕਲੱਬ ਦੇ ਲਗਭਗ 30 ਵਲੰਟੀਅਰਾਂ ਲਈ ਹਿਮਾਚਲ ਪ੍ਰਦੇਸ ਦਾ ਚਾਰ ਦਿਨ ਦਾ ਸਾਲਾਨਾ ਟੂਰ ਤੇ ਟ੍ਰੈਕਿੰਗ ਕੈਂਪ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਅਫਸਰਾਂ ਨੇ ਦੱਸਿਆ ਕਿ ਇਸ ਕੈਂਪ ਵਿੱਚ ਵਲੰਟੀਅਰਾਂ ਨੂੰ ਹਿਮਾਚਲ ਪ੍ਰਦੇਸ ਦੀਆਂ ਵੱਖ ਵੱਖ ਇਤਿਹਾਸਕ ਤੇ ਰਮਣੀਕ ਥਾਵਾਂ ਸ੍ਰੀ ਅਨੰਦਪੁਰ ਸਾਹਿਬ, ਸ਼ੋਭਾ ਸਿੰਘ ਆਰਟ ਗੈਲਰੀ ਅੰਧਰੇਟਾ, ਜਿੱਥੇ ਵਲੰਟੀਅਰਾਂ ਨੂੰ ਭਾਰਤ ਦੇ ਮਹਾਨ ਆਰਟਿਸਟ ਦੁਆਰਾ ਬਣਾਈਆਂ ਕਲਾ ਕ੍ਰਿਤੀਆਂ ਦਿਖਾਈਆਂ ਗਈਆਂ।ਇਸ ਦੇ ਨਾਲ ਹੀ ਵਲੰਟੀਅਰਾਂ ਨੂੰ ਪਾਲਮਪੁਰ ਚਾਹ ਦੇ ਬਾਗਾਂ ਦਾ ਦੌਰਾ ਕਰਵਾਇਆ ਗਿਆ।ਇਸੇ ਦੌਰਾਨ ਵਾਰ ਮੈਮੋਰੀਅਲ ਧਰਮਸ਼ਾਲਾ, ਮਕਲੌਡਗੰਜ ਬੋਧੀ ਮੰਦਰ ਆਦਿ ਦਾ ਦੌਰਾ ਕਰਵਾਇਆ ਗਿਆ।ਉਨ੍ਹਾਂ ਕਿਹਾ ਕਿ ਇਸ ਕੈਂਪ ਦੌਰਾਨ ਹੀ ਵਲੰਟੀਅਰਾਂ ਨੇ ਰਿਜਨਲ ਮਾਉਂਟ੍ਰੇਨਿੰਗ ਸੈਂਟਰ ਮਕਲੌਡਗੰਜ ਤੋਂ ਟ੍ਰਿਉਂਡ ਟ੍ਰੈਕ ਤੱਕ 20 ਕਿਲੋਮੀਟਰ ਦੀ ਟ੍ਰੈਕਿੰਗ ਕੀਤੀ।ਟ੍ਰੈਕਿੰਗ ਦੌਰਾਨ ਵਲੰਟੀਅਰਾਂ ਨੇ ਕੁਦਰਤੀ ਦ੍ਰਿਸ਼ਾਂ ਦਾ ਅਨੰਦ ਮਾਣਿਆ ਤੇ ਟ੍ਰਿਉਂਡ ਬਰਫਬਾਰੀ ਦੇ ਮਜ਼ੇ ਲਏ।ਇਹ ਕੈਂਪ ਵਲੰਟੀਅਰਾਂ ਲਈ ਬੜਾ ਹੀ ਉਤਸ਼ਾਹ ਭਰਪੂਰ ਰਿਹਾ।

# ਪੰਜਾਬ ਏਜੰਟ ਫਾਰਮਰ ਐਸੋਸੀਏਸ਼ਨ ਦੀ ਸੂਬਾ ਕਮੇਟੀ ਦੀ ਚੋਣ




**ਮੋਗਾ (ਇਕਬਾਲ ਸਿੰਘ ਖਹਿਰਾ)**- ਇੱਥੇ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਮਿਲਕ ਕਮਿਸ਼ਨ ਏਜੰਟਾਂ ਦਾ ਸੂਬਾਈ ਅਜਲਾਸ ਹੋਇਆ।ਇਹ ਅਜਲਾਸ 23 ਮਾਰਚ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸੀ।ਇਸ ਮੌਕੇ ਪੂਰੇ ਪੰਜਾਬ ਵਿੱਚੋਂ ਮਿਲਕ ਕਮਿਸ਼ਨ ਏਜੰਟਾਂ ਨੇ ਹਿੱਸਾ ਲਿਆ।ਇਕ ਸਮੇਂ ਵੱਖ-ਵੱਖ ਕਮਿਸ਼ਨ ਏਜੰਟਾਂ ਨੇ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਮਾਸਟਰ ਗੁਰਚਰਨ ਸਿੰਘ ਆਕਲੀਆ ਅਧਿਆਪਕ ਆਗੂ ਤੇ ਟਰੇਡ ਯੂਨੀਅਨ ਆਗੂ ਜਗਸੀਰ ਸਿੰਘ ਖੋਸਾ ਨੇ ਆਪਣੇ ਸੰਬੋਧਨ ਵਿੱਚ 23 ਮਾਰਚ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਆਪਣੀਆਂ ਜਾਨਾਂ ਦੀ ਕੁਰਬਾਨੀ ਦੇ ਕੇ ਭਾਰਤ ਨੂੰ ਆਜ਼ਾਦ ਕਰਵਾਇਆ।ਉਨ੍ਹਾਂ ਕਿਹਾ ਕਿ ਭਾਵੇਂ ਅਸੀਂ 1947 ਵਿੱਚ ਰਾਜਨੀਤਕ ਤੌਰ 'ਤੇ ਆਜ਼ਾਦ ਹੋ ਗਏ ਹਾਂ, ਪਰ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ ਬਣਾਉਣਾ ਹਾਲੇ ਬਾਕੀ ਹੈ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਉਸ ਵੇਲੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਅੰਗਰੇਜ਼ੀ ਸਾਮਰਾਜ ਵਿਰੁੱਧ ਲੜਨਾ ਪਿਆ, ਇਸੇ ਤਰ੍ਹਾਂ ਹੁਣ ਸਾਨੂੰ ਕਿਰਤ ਕਰਨ ਵਾਲੇ ਵੱਖ ਵੱਖ ਵਰਗਾਂ ਨੂੰ ਇਕੱਠਾ ਹੋਣਾ ਪਏਗਾ।ਉਨ੍ਹਾਂ ਕਿਹਾ ਕਿ ਅੱਜ ਜੋ ਆਰਥਿਕ ਤੇ ਸਮਾਜਿਕ ਪਾੜਾ ਵਧ ਰਿਹਾ ਹੈ, ਇਸ ਦਾ ਹੱਲ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਸੋਚ 'ਤੇ ਚੱਲ ਕੇ ਹੀ ਹੋ ਸਕਦਾ ਹੈ।ਇਸ ਮੌਕੇ ਲੋਕ ਗਾਇਕ ਹਰਭਜਨ ਸਿੰਘ ਭੱਟੀ ਬਿਲਾਸਪੁਰ ਨੇ ਆਪਣੇ ਇਨਕਲਾਬੀ ਗੀਤਾਂ ਨਾਲ ਰੰਗ ਬੰਨ੍ਹਿਆ।ਇਸ ਤੋਂ ਬਾਅਦ ਪੰਜਾਬ ਏਜੰਟ ਫਾਰਮਰ ਐਸੋਸੀਏਸ਼ਨ ਦੀ 31 ਮੈਂਬਰੀ ਸੂਬਾ ਕਮੇਟੀ ਚੁਣੀ ਗਈ ਤੇ ਕਮੇਟੀ ਨੇ ਸਰਬਸੰਮਤੀ ਨਾਲ ਪ੍ਰਧਾਨ ਬਾਦਲ ਸਿੰਘ, ਸਕੱਤਰ ਜਨਰਲ ਹਰਕਿਸ਼ਨ ਲਾਲ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ ਰਾਏਸਰ, ਰਾਜੂ ਧੌਲਾ, ਗੁਰਪ੍ਰੀਤ ਸਿੰਘ, ਸੁਖਚੈਨ ਸਿੰਘ, ਪਰਮਿੰਦਰ ਰਾਜ ਰਾਜੂ ਸਾਰੇ ਮੀਤ ਪ੍ਰਧਾਨ, ਸੰਦੀਪ ਸ਼ਰਮਾ, ਗੁਰਮੇਲ ਸਿੰਘ ਰਾਊਵਾਲ, ਕੁਲਦੀਪ ਸਿੰਘ, ਸਾਹਿਬ ਸਿੰਘ ਸਾਰੇ ਜਨਰਲ ਸਕੱਤਰ, ਰਾਜਵਿੰਦਰ ਸਿੰਘ ਰਾਜਾ ਸਰਪੰਚ ਖ਼ਜ਼ਾਨਚੀ, ਕੁਲਵੰਤ ਸਿੰਘ ਬੱਧਨੀ, ਮਹਿਤਾਬ ਸਿੰਘ, ਕੁਲਵੰਤ ਸਿੰਘ ਬੱਜੋਆਣਾ, ਜੋਗਿੰਦਰ ਸਿੰਘ ਸਾਰੇ ਪ੍ਰੈੱਸ ਸਕੱਤਰ, ਗੁਰਚੇਤ ਸਿੰਘ, ਸੁਭਾਸ਼ ਚੰਦਰ, ਗੁਰਪ੍ਰੀਤ ਸਿੰਘ, ਕੁਲਵੀਰ ਸਿੰਘ ਦਰਾਜ ਸਾਰੇ ਜਥੇਬੰਦਕ ਸਕੱਤਰ, ਰਾਕੇਸ਼ ਕੇਸ਼ੀ ਮੁੱਖ ਸਲਾਹਕਾਰ, ਹਰਪਾਲ ਸਿੰਘ, ਹਰਬੰਸ ਸਿੰਘ, ਗੁਰਲਾਲ ਸਿੰਘ, ਲਖਵੀਰ ਸਿੰਘ ਸਾਰੇ ਸਲਾਹਕਾਰ ਤੋਂ ਇਲਾਵਾ ਪੰਜ ਮੈਂਬਰੀ ਅਨੁਸ਼ਾਸਨੀ ਕਮੇਟੀ, ਜਿਸ ਵਿੱਚ ਬੱਬੂ ਭਦੌੜ, ਰਣ ਸਿੰਘ ਲਹਿਰਾ ਮੁਹੱਬਤ, ਮਨਪ੍ਰੀਤ ਸਿੰਘ ਸੰਧੂ ਕਲਾਂ, ਲਖਵੀਰ ਸਿੰਘ ਤੇ ਜਗਸੀਰ ਸਿੰਘ ਚੁਣੇ ਗਏ।ਇਸ ਮੌਕੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਕੁਲਵੰਤ ਸਿੰਘ ਬੱਧਨੀ ਨੇ ਨਿਭਾਈ।

## ...ਸਫ਼ਾ 1 ਦੇ ਬਾਕੀ

### ਅਕਾਲ ਤਖ਼ਤ ਦੇ...

ਜਾਵੇ। ਇਸੇ ਤਹਿਤ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਖਾਲੀ ਪਏ ਅਹੁਦੇ ਵਾਸਤੇ ਪੰਥਕ ਸੰਪਰਦਾਵਾਂ ਤੇ ਜਥੇਬੰਦੀਆਂ ਦੀ ਸਲਾਹ ਨਾਲ ਜਲਦ ਹੀ ਨਿਯੁਕਤੀ ਕਰ ਦਿੱਤੀ ਜਾਵੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਰਹੁਰੀਤਾਂ, ਪਰੰਪਰਾਵਾਂ ਅਤੇ ਇਤਿਹਾਸ ਸਾਡਾ ਮਾਰਗ-ਦਰਸ਼ਨ ਹਨ, ਇਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ ਅਤੇ ਸਮੂਹਿਕ ਤੇ ਸੰਗਠਿਤ ਪ੍ਰਭਾਵ ਨਾਲ ਅੱਗੇ ਵਧਿਆ ਜਾਵੇਗਾ, ਤਾਂ ਜੋ ਕੌਮ ਨੂੰ ਸਮੇਂ-ਸਮੇਂ ਪੇਸ਼ ਆਉਂਦੀਆਂ ਚੁਣੌਤੀਆਂ ਨਾਲ ਜਥੇਬੰਦਕ ਭਾਵਨਾ ਤਹਿਤ ਨਜਿੱਠਿਆ ਜਾ ਸਕੇ। ਐਡਵੋਕੇਟ ਧਾਮੀ ਨੇ ਕਿਹਾ ਕਿ ਪਹਿਲਾਂ ਹੀ ਕੌਮ ਦੀਆਂ ਦੁਸ਼ਮਣ ਤਾਕਤਾਂ ਸਿੱਖ ਸੰਸਥਾਵਾਂ ਅਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਪੂਰਾ ਜ਼ੋਰ ਲਗਾ ਰਹੀਆਂ ਹਨ। ਜੇਕਰ ਕੌਮ ਨੇ ਇਕਜੁੱਟਤਾ ਦਾ ਪ੍ਰਭਾਵ ਨਾ ਦਿੱਤਾ ਤਾਂ ਸਿੱਖ ਵਿਰੋਧੀ ਸ਼ਕਤੀਆਂ ਆਪਣੀ ਮਨਸ਼ਾ ਵਿੱਚ ਕਾਮਯਾਬ ਹੁੰਦੀਆਂ ਰਹਿਣਗੀਆਂ। ਉਹਨਾ ਸਪੱਸ਼ਟ ਕੀਤਾ ਕਿ ਤਖ਼ਤ ਸਾਹਿਬਾਨ 'ਤੇ ਸੇਵਾ ਨਿਭਾਉਣ ਵਾਲੇ ਜਥੇਦਾਰ ਸਾਹਿਬਾਨ ਦੀ ਰੁਖਸਤੀ ਇਕ ਸਨਮਾਨਜਨਕ ਢੰਗ ਨਾਲ ਕੀਤੀ ਜਾਇਆ ਕਰੇਗੀ। ਇਹ ਵੀ ਯਤਨ ਕੀਤਾ ਜਾਵੇਗਾ ਕਿ ਪਿਛਲੇ ਸਮੇਂ ਦੌਰਾਨ ਸੇਵਾ-ਮੁਕਤ ਕੀਤੇ ਜਥੇਦਾਰਾਂ ਨੂੰ ਉਨ੍ਹਾਂ ਵੱਲੋਂ ਨਿਭਾਈਆਂ ਸੇਵਾਵਾਂ ਬਦਲੇ ਸਨਮਾਨਤ ਕੀਤਾ ਜਾਵੇ। ਐਡਵੋਕੇਟ ਧਾਮੀ ਨੇ ਕਿਹਾ ਕਿ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸੇਵਾ ਵੱਡੀ ਚੁਣੌਤੀ ਤੋਂ ਘੱਟ ਨਹੀਂ, ਜਿਸ ਪ੍ਰਤੀ ਉਹ ਸੁਚੇਤ ਵੀ ਹਨ। ਉਨ੍ਹਾ ਕਿਹਾ ਕਿ ਪਿਛਲੇ ਦਿਨੀਂ ਅਸਤੀਫਾ ਦੇਣ ਬਾਅਦ ਸਾਰੀਆਂ ਹੀ ਧਾਰਮਿਕ, ਸਮਾਜਿਕ, ਸਿਆਸੀ ਧਿਰਾਂ ਦੇ ਨਾਲ-ਨਾਲ ਸਤਿਕਾਰਤ ਜਥੇਦਾਰਾਂ ਸੇਵਾ ਸੰਭਾਲਣ ਦੀ ਪ੍ਰੇਰਨਾ ਕੀਤੀ ਸੀ, ਜਿਸ ਲਈ ਉਹ ਸਭ ਦਾ ਧੰਨਵਾਦ ਕਰਦੇ ਹਨ ਅਤੇ ਯਤਨ ਕਰਨਗੇ ਕਿ ਸਾਰੀਆਂ ਸੰਪਰਦਾਵਾਂ ਤੇ ਸੰਸਥਾਵਾਂ ਵੱਲੋਂ ਪ੍ਰਗਟ ਕੀਤੇ ਭਰੋਸੇ ਉੱਤੇ ਖਰਾ ਉਤਰ ਸਕਣ।

### ਸ਼ਿਮਲਾ ਨੇੜੇ ਜਹਾਜ਼...

ਨੇ ਸਾਵਧਾਨੀ ਦੇ ਤੌਰ 'ਤੇ ਧਰਮਸ਼ਾਲਾ ਲਈ ਅਗਲੀ ਨਿਰਧਾਰਤ ਉਡਾਣ ਨੂੰ ਰੱਦ ਕਰਨ ਦਾ ਫੈਸਲਾ ਕੀਤਾ। ਜਹਾਜ਼ ਦੇ ਅੰਸ਼ਕ ਤੌਰ 'ਤੇ ਰਨਵੇਅ 'ਤੇ ਉਤਰਨ ਦਾ ਕਾਰਨ ਅਜੇ ਤੱਕ ਸਪੱਸ਼ਟ ਨਹੀਂ ਅਤੇ ਤਕਨੀਕੀ ਟੀਮਾਂ ਇਸ ਸਮੇਂ ਸੰਭਾਵਤ ਮਕੈਨੀਕਲ ਨੁਕਸ ਦੀ ਜਾਂਚ ਕਰ ਰਹੀਆਂ ਹਨ।

### ਮਸ਼ਾਲਾਂ ਬਾਲ ਕੇ ਰੱਖਣਾ...



ਸੀ। 23 ਮਾਰਚ 1988 ਨੂੰ ਖਾਲਿਸਤਾਨੀਆਂ ਨੇ ਸਾਥੋਂ ਪਾਸ਼ ਤੇ ਉਸ ਦਾ ਦੋਸਤ ਹੰਸ ਰਾਜ ਖੋਹ ਲਿਆ। ਇਹ ਪੰਜਾਬ ਨਾਲ ਵੱਡਾ ਧ੍ਰੋਹ ਸੀ। ਸਾਥੀ ਧੰਜਲ ਨੇ ਕਿਹਾ ਕਿ ਸਾਨੂੰ ਪਿਸਤੌਲ ਵਾਲੇ ਭਗਤ ਸਿੰਘ ਦੀ ਹੀ ਨਹੀਂ ਸਗੋਂ 'ਗੋਰਕੀ ਦੀ ਮਾਂ' ਵਾਲੇ ਅਤੇ ਕਿਤਾਬਾਂ ਵਾਲੇ ਭਗਤ ਸਿੰਘ ਦੀ ਵਧੇਰੇ ਲੋੜ ਹੈ। ਉਨ੍ਹਾਂ ਨੇ ਪਾਸ਼ ਦੀ ਕਾਵਿ ਪ੍ਰਤਿਭਾ ਬਾਰੇ ਗੱਲ ਕਰਦਿਆਂ ਕਿਹਾ ਕਿ ਸੰਸਾਰ ਦੇ 10 ਵੱਡੇ ਲੇਖਕਾਂ ਨਾਲ ਪਾਸ਼ ਦੀਆਂ ਰਚਨਾਵਾਂ ਦੀ ਤੁਲਨਾ ਕੀਤੀ ਜਾਂਦੀ ਹੈ। ਧੰਜਲ ਨੇ ਕਿਹਾ ਕਿ ਪਾਸ਼ ਦੀ ਕਵਿਤਾ ਦੀ ਇੱਕ ਸਤਰ ਹੀ ਲੋਕਾਂ ਨੂੰ ਬਹੁਤ ਵੱਡਾ ਸੰਦੇਸ਼ ਦੇ ਜਾਂਦੀ ਹੈ। ਉਹ ਸਤਰ ਹੈ, 'ਅਸੀਂ ਲੜਾਂਗੇ ਸਾਥੀ ਜਦੋਂ ਤੱਕ ਦੁਨੀਆ ਵਿੱਚ ਲੜਨ ਦੀ ਲੋੜ ਬਾਕੀ ਹੈ'। ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਸਮਾਗਮ ਦੀ ਮਹੱਤਤਾ ਬਿਆਨ ਕਰਦਿਆਂ ਕਿਹਾ ਕਿ ਅੱਜ ਵਿਚਾਰਾਂ ਦੇ ਵਗਦੇ ਦਰਿਆਵਾਂ ਦਾ ਸੰਗਮ ਪਾਸ਼ ਦੀ ਧਰਤੀ 'ਤੇ ਹੋਇਆ ਹੈ। ਸਾਥੀ ਅਮੋਲਕ ਸਿੰਘ ਨੇ ਕਿਹਾ, 'ਕੈਸਾ ਮੌਕਾ ਮੇਲ ਹੈ ਕਿ ਭਗਤ ਸਿੰਘ ਤੇ ਪਾਸ਼ ਸਤੰਬਰ ਮਹੀਨੇ ਵਿੱਚ ਪੈਦਾ ਹੋਏ ਤੇ ਦੋਵੇਂ ਹੀ ਮਾਰਚ ਮਹੀਨੇ ਵਿੱਚ ਸਾਡੇ ਕੋਲੋਂ ਖੋਹ ਲਏ ਗਏ। ਉਨ੍ਹਾਂ ਨੇ ਲੋਕਾਂ ਨੂੰ ਸੁਚੇਤ ਹੋਣ ਅਤੇ ਲੜਨ ਵਾਸਤੇ ਤਿਆਰ ਰਹਿਣ ਲਈ ਪ੍ਰੇਰਨਾ ਦਿੰਦਿਆਂ ਕਿਹਾ ਕਿ ਆਰ.ਐੱਸ.ਐੱਸ ਅਤੇ ਕਾਰਪੋਰੇਟਾਂ ਨੇ ਸਰੇਆਮ ਆਖਿਆ ਹੋਇਆ ਹੈ ਕਿ 31 ਮਾਰਚ 2026 ਤੋਂ ਬਾਅਦ ਭਗਤ ਸਿੰਘ ਦੀ ਕੋਈ ਗੱਲ ਨਹੀਂ ਕਰ ਸਕੇਗਾ। ਭਾਰਤੀ ਸਟੇਟ ਨੇ ਪੂੰਜੀਪਤੀਆਂ ਨਾਲ ਵਾਅਦਾ ਕੀਤਾ ਹੋਇਆ ਹੈ ਕਿ 2026 ਤੱਕ ਉਨ੍ਹਾਂ ਨੂੰ ਭਾਰਤ ਸੌਂਪ ਦਿੱਤਾ ਜਾਵੇਗਾ। ਅਮੋਲਕ ਸਿੰਘ ਨੇ ਕਾਰਪੋਰੇਟਾਂ ਦੇ ਲੋਕ ਵਿਰੋਧੀ ਬੁਣੇ ਹੋਏ 'ਤਾਣੇ ਪੇਟੇ' ਦਾ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਹੁਣ ਇਹ ਗੱਲ ਸਮਝ ਆ ਜਾਣੀ ਹੈ ਕਿ ਚਰਖੇ ਦੀ ਘੂਕ ਕਿਹਦੇ ਲਈ ਹੈ। ਉਨ੍ਹਾਂ ਨੇ ਪੰਜਾਬੀ ਮੁੰਡੇ-ਕੁੜੀਆਂ ਨੂੰ ਬੇੜੀਆਂ ਪਾ ਕੇ ਵਾਪਸ ਕਰਨ ਦੀ ਅਮਰੀਕਾ ਦੀ ਕਰਤੂਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਵਾਨੀ ਪ੍ਰਦੇਸਾਂ ਵੱਲ ਜਾਣ ਦੀ ਥਾਂ ਆਪਣਾ ਵਿਰਸਾ ਸੰਭਾਲੇ ਤੇ ਯਾਦ ਕਰੇ ਆਪਣੇ ਬਜ਼ੁਰਗਾਂ ਨੂੰ, ਜਿਨ੍ਹਾਂ ਨੇ ਜ਼ਾਲਮਾਂ ਅੱਗੇ ਆਪਣੀਆਂ ਹਿੱਕਾਂ ਡਾਹੀਆਂ।

ਮਨੁੱਖੀ ਹੱਕਾਂ ਲਈ ਸੰਗਰਾਮ 'ਚ ਕੁੱਦੇ ਹੋਏ ਹਿਮਾਂਸ਼ੂ ਕੁਮਾਰ ਨੇ ਛੱਤੀਸਗੜ੍ਹ ਵਿੱਚ ਆਦਿਵਾਸੀਆਂ 'ਤੇ ਹੋ ਰਹੇ ਜ਼ੁਲਮਾਂ ਦਾ ਵਿਸਥਾਰ ਨਾਲ ਵਰਣਨ ਕੀਤਾ। ਉਨ੍ਹਾ ਕਿਹਾ ਕਿ ਮਨੁੱਖ ਦਾ ਪਹਿਲਾ ਹੱਕ ਜਿਊਂਦਾ ਰਹਿਣ ਦਾ ਹੈ, ਪਰ ਛੱਤੀਸਗੜ੍ਹ ਵਿੱਚ ਹਾਕਮਾਂ ਨੇ ਉਹ ਵੀ ਖੋਹ ਲਿਆ ਹੈ। ਉਨ੍ਹਾ ਦੱਸਿਆ ਕਿ ਛੱਤੀਸਗੜ੍ਹ ਵਿੱਚ ਸੁਰੱਖਿਆ ਫੋਰਸਾਂ ਦੀ ਵੱਡੀ ਗਿਣਤੀ ਹੈ। ਇਹ ਉੱਥੋਂ ਦੇ ਲੋਕਾਂ ਦੀ ਸੁਰੱਖਿਆ ਲਈ ਨਹੀਂ, ਸਗੋਂ ਸਾਰੇ ਸਾਧਨ ਕਾਰਪੋਰੇਟਾਂ ਨੂੰ ਦੇਣ ਦੀ ਲਈ ਹੈ। ਪਹਿਲਾਂ ਖਣਿਜ ਪਦਾਰਥਾਂ 'ਤੇ ਕਬਜ਼ਾ ਕੀਤਾ ਗਿਆ, ਹੁਣ ਨਜ਼ਰਾਂ ਉਪਜਾਊ ਜ਼ਮੀਨਾਂ 'ਤੇ ਹਨ। ਇਹ ਧਾਰਨਾ ਸੱਚ ਹੈ ਕਿ ਪੂੰਜੀਪਤੀ ਰੁਕ ਜਾਵੇ ਤਾਂ ਉਹ ਖਤਮ ਹੋ ਜਾਂਦਾ ਹੈ। ਇਸ ਲਈ ਉਹ ਰੁਕਣਗੇ ਨਹੀਂ। ਨਾ ਤਾਂ ਉੱਥੇ ਜ਼ਮੀਨ ਬਚੇਗੀ, ਨਾ ਰੁਜ਼ਗਾਰ ਤੇ ਨਾ ਪੈਸਾ। ਜੇਕਰ ਹਿੱਕਾਂ ਡਾਹ ਕੇ ਨਾ ਲੜੇ ਤਾਂ ਇਹ ਸਾਰਾ ਕੁਝ ਪੰਜਾਬ ਵਿੱਚ ਵੀ ਵਾਪਰੇਗਾ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਹਰਮੇਸ਼ ਮਾਲੜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜ਼ਮੀਨ, ਰੋਜ਼ਗਾਰ ਤੇ ਜਮਹੂਰੀ ਹੱਕ ਬਚਾਉਣ ਲਈ ਜੰਗ ਜਾਰੀ ਹੈ, ਪਰ ਇਸ ਵਿੱਚ ਅਜੇ ਲੋਕ ਥੋੜ੍ਹੇ ਹਨ। ਜਿੱਥੇ ਇਸ ਜੰਗ ਨੂੰ ਹੋਰ ਤੇਜ਼ ਕਰਨ ਦੀ ਲੋੜ ਹੈ, ਉੱਥੇ ਦੁਸ਼ਮਣ ਤੇ ਦੋਸਤ ਦੀ ਪਛਾਣ ਦੀ ਵੀ ਜ਼ਰੂਰਤ ਹੈ। ਸ਼ਹੀਦੀ ਸਮਾਗਮ ਨੂੰ ਜਸਪਾਲ ਜੱਸੀ, ਬੂਟਾ ਸਿੰਘ ਮਹਿਮੂਦਪੁਰ ਤੇ ਮੋਹਣ ਸਿੰਘ ਬੱਲ ਨੇ ਵੀ ਸੰਬੋਧਨ ਕੀਤਾ। ਸਮਾਗਮ ਵਿੱਚ ਪਾਸ਼ ਦੀਆਂ ਭੈਣਾਂ ਰਜਿੰਦਰ ਕੌਰ ਤੇ ਧਰਮਿੰਦਰ ਕੌਰ ਵੀ ਮੌਜੂਦ ਸਨ। ਸਮਾਗਮ ਦੇ ਆਖਰੀ ਪੜਾਅ ਵਿੱਚ ਭਾਜੀ ਗੁਰਸ਼ਰਨ ਸਿੰਘ ਦਾ ਲਿਖਿਆ ਅਤੇ ਸੱਤਪਾਲ ਬੰਗਾ ਵੱਲੋਂ ਨਿਰਦੇਸ਼ਤ ਨਾਟਕ 'ਇਹ ਜ਼ਮੀਨ ਸਾਡੀ ਹੈ' ਖੇਡਿਆ ਗਿਆ। ਇਸ ਵਿੱਚ ਦਲਿਤਾਂ ਦੇ ਹਿੱਸੇ ਆਉਂਦੀ ਜ਼ਮੀਨ ਦਾ ਮੁੱਦਾ ਬੜੀ ਸ਼ਿੱਦਤ ਨਾਲ ਉਭਾਰਿਆ ਗਿਆ। ਸਮਾਗਮ ਵਿੱਚ ਡਾ. ਪਰਮਿੰਦਰ ਸਿੰਘ (ਅੰਮ੍ਰਿਤਸਰ), ਭਾਰਤੀ ਮਜ਼ਦੂਰ ਯੂਨੀਅਨ ਦੇ ਆਗੂ ਭਗਵੰਤ ਸਿੰਘ (ਬਰਮਿੰਘਮ), ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, ਸੁਖਵਿੰਦਰ ਬਾਗਪੁਰ ਅਤੇ ਹੋਰ ਤਰਕਸ਼ੀਲ ਅਤੇ ਕਮਿਊਨਿਸਟ ਕਾਰਕੁਨ ਸ਼ਾਮਲ ਸਨ।

### ਕਾਮਰਾ ਦੀ ਪੈਰੋਡੀ...

ਵਿਵਾਦਿਤ ਸ਼ੋਅ 'ਇੰਡੀਆ'ਜ਼ ਗੌਟ ਲੇਟੈਂਟ' ਫਿਲਮਾਇਆ ਗਿਆ ਸੀ। ਸ਼ਿਵ ਸੈਨਾ ਵਿਧਾਇਕ ਮੁਰਜੀ ਪਟੇਲ ਨੇ ਕਾਮਰਾ ਖਿਲਾਫ ਸ਼ਿਕਾਇਤ ਦਰਜ ਕਰਾਈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ 2 ਮਿੰਟ ਦੀ ਵੀਡੀਓ ਵਿੱਚ ਕਾਮਰਾ ਸੱਤਾਧਾਰੀ ਐੱਨ ਸੀ ਪੀ ਤੇ ਸ਼ਿਵ ਸੈਨਾ ਦਾ ਮਖੌਲ ਉਡਾਉਂਦਾ ਨਜ਼ਰ ਆਉਂਦਾ ਹੈ। ਉੱਧਰ, ਬ੍ਰਿਹਨ ਮੁੰਬਈ ਮਿਊਂਸਪਲ ਕਾਰਪੋਰੇਸ਼ਨ ਨੇ ਯੂਨੀਕੌਂਟੀਨੈਂਟਲ ਹੋਟਲ ਵਿਖੇ ਹੈਬੀਟੈਟ ਸਟੂਡੀਓ ਨੂੰ ਇਹ ਕਹਿ ਕੇ ਢਾਹੁਣਾ ਸ਼ੁਰੂ ਕਰ ਦਿੱਤਾ ਕਿ ਇਹ ਐਨਕਰੋਚਮੈਂਟ ਕਰਕੇ ਬਣਾਇਆ ਗਿਆ ਹੈ। ਅਧਿਕਾਰੀਆਂ ਮੁਤਾਬਕ ਸਟੂਡੀਓ ਦੋ ਹੋਟਲਾਂ ਵਿਚਾਲੇ ਕਬਜ਼ੇ ਕੀਤੀ ਥਾਂ 'ਤੇ ਬਣਾਇਆ ਗਿਆ ਹੈ।

# ਵੱਖ-ਵੱਖ ਸੰਸਥਾਵਾਂ ਦੇ ਆਗੂ ਰਹੇ ਬਿਹਾਰੀ ਲਾਲ ਸੱਦੀ ਦਾ ਦੇਹਾਂਤ



**ਸਮਰਾਲਾ (ਸੁਰਜੀਤ ਸਿੰਘ)**

ਸਮਰਾਲਾ ਇਲਾਕੇ ਵਿੱਚ ਵੱਖ ਵੱਖ ਟਰੇਡ ਯੂਨੀਅਨ, ਧਾਰਮਿਕ ਸੰਸਥਾਵਾਂ ਤੇ ਸਾਹਿਤਕ ਸੰਸਥਾਵਾਂ ਦੀ ਰੂਹੇ-ਰਵਾਂ ਰਿਟਾ: ਲੈਕਚਰਾਰ ਬਿਹਾਰੀ ਲਾਲ ਸੱਦੀ (84), ਜੋ ਪਿਛਲੇ ਕਈ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ, ਅੱਜ ਸਦੀਵੀ ਵਿਛੋੜਾ ਦੇ ਗਏ, ਜਿਨ੍ਹਾਂ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਉਟਾਲਾਂ ਵਿਖੇ ਕਰ ਦਿੱਤਾ ਗਿਆ।ਮਾਰਕਸਵਾਦੀ ਸੋਚ ਨੂੰ ਪ੍ਰਣਾਏ ਹੋਏ ਬਿਹਾਰੀ ਲਾਲ ਸੱਦੀ ਕੇਵਲ ਇੱਕ ਵਿਅਕਤੀ ਨਾ ਹੋ ਕੇ ਇੱਕ ਸੰਸਥਾ ਦੇ ਰੂਪ ਵਿੱਚ ਸਮਾਜ ਵਿੱਚ ਵਿਚਰਦੇ ਸਨ। ਸੰਨ 1957 ਵਿੱਚ ਹੋਂਦ ਵਿੱਚ ਆਈ ਪੰਜਾਬੀ ਸਾਹਿਤ ਸਭਾ ਦੇ ਉਹ ਸਰਪ੍ਰਸਤ ਸਨ, ਸ੍ਰੀ ਬ੍ਰਾਹਮਣ ਸਭਾ ਪੰਜਾਬ ਵਿੱਚ ਉਹ ਸੂਬਾ ਜਨਰਲ ਸਕੱਤਰ ਵਜੋਂ ਸੇਵਾ ਨਿਭਾਅ ਰਹੇ ਸਨ। ਇਸ ਤੋਂ ਇਲਾਵਾ ਉਹ ਸਥਾਨਕ ਭ੍ਰਿਸ਼ਟਾਚਾਰ ਵਿਰੋਧੀ ਫਰੰਟ, ਪੈਨਸ਼ਨਰਜ਼ ਕਲਿਆਣ ਸੰਗਠਨ ਸਮਰਾਲਾ ਦੇ ਮੁੱਢਲੇ ਮੈਂਬਰਾਂ ਵਿੱਚੋਂ ਇੱਕ ਸਨ।ਉਨ੍ਹਾਂ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਪ੍ਰਮੁੱਖ ਸੰਸਥਾਵਾਂ ਅਧਿਆਪਕ ਚੇਤਨਾ ਮੰਚ, ਭ੍ਰਿਸ਼ਟਾਚਾਰ ਵਿਰੋਧੀ ਫਰੰਟ, ਪੰਜਾਬ ਪੈਨਸ਼ਨਰਜ਼ ਕਲਿਆਣ ਸੰਗਠਨ, ਸ੍ਰੀ ਬ੍ਰਾਹਮਣ ਸਭਾ ਪੰਜਾਬ ਇਕਾਈ ਸਮਰਾਲਾ, ਸਾਹਿਤ ਸਭਾ ਸਮਰਾਲਾ, ਲੇਖਕ ਮੰਚ ਸਮਰਾਲਾ, ਅਕਸ ਰੰਗਮੰਚ ਸਮਰਾਲਾ, ਲੋਕ ਸੰਘਰਸ਼ ਕਮੇਟੀ ਸਮਰਾਲਾ ਦੇ ਨੁਮਾਇੰਦਿਆਂ ਵਿੱਚ ਡਾ. ਪਰਮਿੰਦਰ ਸਿੰਘ ਬੈਨੀਪਾਲ, ਵਿਜੇ ਕੁਮਾਰ ਸ਼ਰਮਾ, ਕਮਾਂਡੈਂਟ ਰਸਪਾਲ ਸਿੰਘ, ਐਡਵੋਕੇਟ ਨਰਿੰਦਰ ਸ਼ਰਮਾ, ਅਮਰਜੀਤ ਸਿੰਘ ਬਾਲਿਓਂ, ਮੇਘ ਸਿੰਘ ਜਵੰਦਾ, ਮਨੋਜ ਕੁਮਾਰ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ), ਦਰਸ਼ਨ ਸਿੰਘ ਕੰਗ, ਪ੍ਰੇਮ ਨਾਥ, ਪੁਖਰਾਜ ਸਿੰਘ ਘੁਲਾਲ, ਰਾਜਵਿੰਦਰ ਸਮਰਾਲਾ, ਇੰਦਰਜੀਤ ਸਿੰਘ ਕੰਗ, ਬਲਕਾਰ ਸਿੰਘ, ਸੰਦੀਪ ਸਮਰਾਲਾ, ਅਮਨ ਸਮਰਾਲਾ, ਮਾ. ਹੁਸ਼ਿਆਰ ਸਿੰਘ, ਲਖਵਿੰਦਰਪਾਲ ਸਿੰਘ ਖਾਲਸਾ, ਸ਼ਵਿੰਦਰ ਸਿੰਘ, ਹਰਦਮਨ ਨਾਗਰਾ, ਵੀਰਇੰਦਰ ਸਿੰਘ ਉਟਾਲਾਂ, ਦੀਪ ਦਿਲਬਰ, ਕਮਲਜੀਤ ਘੁੰਗਰਾਲੀ ਸਿੱਖਾਂ, ਕੁਲਵੰਤ ਸਿੰਘ ਤਰਕ, ਸਿਕੰਦਰ ਸਿੰਘ ਪ੍ਰਧਾਨ ਪਾਵਰਕਾਮ, ਸੰਗਤ ਸਿੰਘ ਸੇਖੋਂ, ਸੁਰਿੰਦਰ ਵਰਮਾ, ਹਰੀ ਚੰਦ, ਜਸਵਿੰਦਰ ਸਿੰਘ, ਸਤਿੰਦਰ ਸਿੰਘ ਸਮਰਾਲਾ ਆਦਿ ਸ਼ਾਮਲ ਸਨ।

# ਸੀਨੀਅਰ ਕਮਿਊਨਿਸਟ ਆਗੂ ਸ਼ਾਮ ਸੁੰਦਰ ਨੇ ਸੰਧਵਾਂ ਨੂੰ ਸੌਂਪਿਆ ਮੰਗ ਪੱਤਰ

**ਵਪਾਰੀਆਂ, ਨੌਜਵਾਨਾਂ ਤੇ ਬਜ਼ੁਰਗਾਂ ਦੇ ਹਿੱਤ 'ਚ ਰੱਖੀਆਂ ਅਹਿਮ ਮੰਗਾਂ**



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜਾ)**-ਸੀਨੀਅਰ ਕਮਿਊਨਿਸਟ ਆਗੂ ਕਾਮਰੇਡ ਸ਼ਾਮ ਸੁੰਦਰ ਕਾਠਪਾਲ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਪੰਜਾਬ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਤੇ ਚੁਣੌਤੀਆਂ ਨੂੰ ਲੈ ਕੇ ਇੱਕ ਮੰਗ ਪੱਤਰ ਸੌਂਪਿਆ।ਇਸ ਪੱਤਰ ਵਿਚ ਵਪਾਰੀਆਂ, ਸਵੈ-ਰੋਜ਼ਗਾਰ ਨਾਲ ਜੁੜੇ ਲੋਕਾਂ, ਨੌਜਵਾਨਾਂ ਤੇ ਬਜ਼ੁਰਗਾਂ ਲਈ ਕਈ ਮਹੱਤਵਪੂਰਨ ਮੰਗਾਂ ਰੱਖੀਆਂ ਗਈਆਂ।ਉਨ੍ਹਾਂ ਕਿਹਾ ਕਿ ਫੂਡ ਸੇਫਟੀ ਲਾਇਸੰਸ ਇੱਕ ਵਾਰ ਜਾਰੀ ਹੋਣ ਤੋਂ ਬਾਅਦ ਜੀਵਨ ਭਰ ਲਾਗੂ ਰਹੇ, ਤਾਂ ਜੋ ਵਪਾਰੀ ਨੂੰ ਵਾਰ-ਵਾਰ ਸਰਕਾਰੀ ਦਫ਼ਤਰਾਂ ਦੇ ਚੱਕਰ ਨਾ ਲਗਾਉਣੇ ਪੈਣ। ਖਾਦ ਪ੍ਰੋਡਕਟਾਂ ਦੀ ਜ਼ਿੰਮੇਵਾਰੀ, ਜਿਸ ਕੰਪਨੀ ਦੀ ਉਤਪਾਦਨ ਹੈ, ਉਸ ਦੀ ਕੁਆਲਟੀ ਦੀ ਪੂਰੀ ਜ਼ਿੰਮੇਵਾਰੀ ਵੀ ਉਸ ਕੰਪਨੀ ਦੀ ਹੋਵੇ, ਨਾ ਕਿ ਛੋਟੇ ਦੁਕਾਨਦਾਰਾਂ ਜਾਂ ਰੇਹੜੀ-ਫੇਰੀ ਕਰਨ ਵਾਲਿਆਂ 'ਤੇ ਬੋਝ ਪਾਇਆ ਜਾਵੇ।ਹਰੇਕ ਦੁਕਾਨਦਾਰ, ਚਾਹੇ ਉਹ ਕਿਸੇ ਵੀ ਟਰੇਡ ਨਾਲ ਸੰਬੰਧਤ ਹੋਵੇ, ਨੂੰ ਬਜ਼ੁਰਗ ਹਾਲਤ ਵਿੱਚ ਪੈਨਸ਼ਨ ਮਿਲਣੀ ਚਾਹੀਦੀ ਹੈ।18 ਸਾਲ ਦੀ ਉਮਰ ਪੂਰੀ ਕਰਦੇ ਹੀ ਨੌਜਵਾਨਾਂ ਨੂੰ ਰੋਜ਼ਗਾਰ ਜਾਂ ਬੇਰੋਜ਼ਗਾਰੀ ਭੱਤਾ ਦਿੱਤਾ ਜਾਵੇ, ਤਾਂ ਜੋ ਉਹ ਵਿਦੇਸ਼ ਜਾਣ ਦੀ ਬਜਾਏ ਦੇਸ਼ ਵਿੱਚ ਹੀ ਆਪਣਾ ਭਵਿੱਖ ਬਣਾ ਸਕਣ।ਮੌਜੂਦਾ 5 ਲੱਖ ਰੁਪਏ ਤੱਕ ਦੀ ਮੁਫ਼ਤ ਇਲਾਜ ਯੋਜਨਾ ਨੂੰ ਵਧਾ ਕੇ 10 ਲੱਖ ਰੁਪਏ ਕੀਤਾ ਜਾਵੇ ਤੇ ਇਹ ਸੁਵਿਧਾ ਹਰ ਵਰਗ ਲਈ ਉਪਲਬਧ ਹੋਵੇ, ਕਿਸੇ ਵੀ ਉਤਪਾਦ 'ਤੇ ਪਾਬੰਦੀ ਲਗਾਉਣ ਦੀ ਲੋੜ ਹੋਵੇ, ਤਾਂ ਉਹ ਫੈਕਟਰੀ ਪੱਧਰ 'ਤੇ ਰੋਕਿਆ ਜਾਵੇ, ਨਾ ਕਿ ਛੋਟੇ ਦੁਕਾਨਦਾਰਾਂ, ਰੇਹੜੀ-ਫੇਰੀ ਕਰਨ ਵਾਲਿਆਂ ਨੂੰ ਤੰਗ ਕੀਤਾ ਜਾਵੇ, 5 ਲੱਖ ਰੁਪਏ ਤੱਕ ਦਾ ਬਿਨਾਂ ਵਿਆਜ ਕਰਜ਼ਾ ਛੋਟੇ ਵਪਾਰੀਆਂ ਨੂੰ ਦਿੱਤਾ ਜਾਵੇ, ਤਾਂ ਜੋ ਉਹ ਆਤਮਨਿਰਭਰ ਬਣ ਸਕਣ।ਅੱਗ, ਬਾਰਸ਼ ਜਾਂ ਕਿਸੇ ਹੋਰ ਕੁਦਰਤੀ ਆਫ਼ਤ ਕਰਕੇ ਵਪਾਰੀਆਂ ਨੂੰ ਹੋਏ ਨੁਕਸਾਨ ਦੀ ਸਰਕਾਰੀ ਤੌਰ 'ਤੇ ਭਰਪਾਈ ਕੀਤੀ ਜਾਵੇ, ਤਾਂ ਜੋ ਉਹ ਦੁਬਾਰਾ ਆਪਣਾ ਕਾਰੋਬਾਰ ਚਲਾਉਣ ਦੇ ਯੋਗ ਹੋ ਜਾਣ।ਸੀਨੀਅਰ ਸਿਟੀਜ਼ਨ ਬਣਨ 'ਤੇ ਹਰ ਵਿਅਕਤੀ ਨੂੰ ਆਟੋਮੈਟਿਕ ਪੈਨਸ਼ਨ ਮਿਲਣੀ ਚਾਹੀਦੀ ਹੈ, ਕੋਈ ਵੀ ਸ਼ਰਤ ਲਾਗੂ ਨਾ ਹੋਵੇ।ਕਾਪੀ, ਪੈੱਨ, ਪੈਨਸਿਲ ਤੇ ਹੋਰ ਸਟੇਸ਼ਨਰੀ ਸਾਮਾਨ 'ਤੇ ਟੈਕਸ ਖਤਮ ਕੀਤਾ ਜਾਵੇ, ਤਾਂ ਜੋ ਵਿਦਿਆਰਥੀਆਂ 'ਤੇ ਪੜ੍ਹਾਈ ਦਾ ਵਾਧੂ ਵਿੱਤੀ ਬੋਝ ਨਾ ਪਵੇ।

ਕਾਮਰੇਡ ਸ਼ਾਮ ਸੁੰਦਰ ਕਾਠਪਾਲ ਨੇ ਉਮੀਦ ਜਤਾਈ ਕਿ ਪੰਜਾਬ ਸਰਕਾਰ ਇਨ੍ਹਾਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕਰੇਗੀ ਤੇ ਵਪਾਰੀਆਂ, ਨੌਜਵਾਨਾਂ ਤੇ ਬਜ਼ੁਰਗਾਂ ਦੇ ਹਿੱਤ 'ਚ ਜਲਦੀ ਕਦਮ ਚੁੱਕੇ ਜਾਣਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ਼ ਚੰਦ ਫ਼ਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਲਿੰਕ ਸੜਕਾਂ ਦੀ ਖਸਤਾ ਹਾਲਤ ਨੇ ਲੋਕਾਂ ਦੇ ਵਹਾਏ ਹੰਝੂ



**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਅੰਦਰ ਪੈਂਦੀਆਂ ਦਿਹਾਤੀ ਕੁਝ ਲਿੰਕ ਸੜਕਾਂ ਦੀ ਹਾਲਤ ਬਹੁਤ ਜ਼ਿਆਦਾ ਤਰਸਯੋਗ ਬਣੀ ਪਈ ਹੈ ਅਤੇ ਇਨ੍ਹਾਂ ਤੋਂ ਗੁਜ਼ਰਨ ਵਾਲੇ ਲੋਕ ਅਕਸਰ ਹੀ ਪੰਜਾਬ ਅੰਦਰ ਰਾਜ ਕਰਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕੋਸਦੇ ਨਜ਼ਰ ਆਉਂਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਸਰਕਾਰ ਆਉਣ 'ਤੇ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਦੀ ਹਾਲਤ ਪਹਿਲ ਦੇ ਅਧਾਰ 'ਤੇ ਸੁਧਾਰੀ ਜਾਵੇਗੀ। ਉਨ੍ਹਾਂ ਕਿਹਾ ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ, ਡਾਲੇ ਤੋਂ ਪਿੰਡ ਭੋਲੇ ਰਾਹੀਂ ਪਨਿਆੜ ਨੂੰ ਜਾਣ ਵਾਲੀ ਸੜਕ, ਪੁਰਾਣਾ ਸ਼ਾਲਾ ਤੋਂ ਪੰਡੋਰੀ ਨੂੰ ਜਾਣ ਵਾਲੀ ਸੜਕ, ਰਸੂਲਪੁਰ ਤੋਂ ਚੰਦਰਭਾਨ ਨੂੰ ਜਾਣ ਵਾਲੀਆਂ ਖਸਤਾ ਹਾਲਤ ਸੜਕਾਂ ਤੋਂ ਇਲਾਵਾ ਹੋਰ ਕਈ ਸੜਕਾਂ ਦੀ ਹਾਲਤ ਬੇਹੱਦ ਖਸਤਾ ਹੋਈ ਪਈ ਹੈ। ਉਨ੍ਹਾਂ ਕਿਹਾ ਹੁਣ ਸਰਕਾਰ ਦੇ ਤਿੰਨ ਸਾਲ ਦੇ ਕਾਰਜਕਾਲ ਤੋਂ ਬਾਅਦ ਵੀ ਇਨ੍ਹਾਂ ਸੜਕਾਂ ਦੀ ਹਾਲਤ ਨਹੀਂ ਸੁਧਾਰੀ ਗਈ। ਉਨ੍ਹਾਂ ਕਿਹਾ ਸੜਕਾਂ ਵਿਚਕਾਰ ਵੱਡੇ ਵੱਡੇ ਟੋਏ ਜਿੱਥੇ ਪੈ ਚੁੱਕੇ ਹਨ ਉੱਥੇ ਹੀ ਮੋਟੇ ਕੰਕਰ ਵੀ ਉੱਖੜ ਚੁੱਕੇ ਹਨ ਜੋ ਵਾਹਨ ਚਾਲਕਾਂ ਲਈ ਕਾਫੀ ਮੁਸ਼ਕਿਲ ਖੜੀ ਕਰਦੇ ਹਨ। ਉਨ੍ਹਾਂ ਕਿਹਾ ਖਾਸ ਕਰਕੇ ਦੋ ਪਹੀਆ ਵਾਹਨ ਚਾਲਕ ਇਨ੍ਹਾਂ ਸੜਕਾਂ ਤੋਂ ਲੰਘਣ ਵਾਲੇ ਕਈ ਵਾਰ ਸੱਟਾਂ ਆਦਿ ਕਰੀਰ ਵੀ ਲਗਵਾ ਚੁੱਕੇ ਹਨ। ਲੋਕਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਬਰਸਾਤ ਦੇ ਮੌਸਮ ਵਿੱਚ ਇਨ੍ਹਾਂ ਖਸਤਾ ਹਾਲਤ ਸੜਕਾਂ ਤੋਂ ਗੁਜਰਨਾ ਹੋਰ ਵੀ ਔਖਾ ਹੋ ਜਾਵੇਗਾ। ਇਨ੍ਹਾਂ ਖਰਾਬ ਸੜਕਾਂ ਤੋਂ ਦੋ ਪਹੀਆ ਵਾਹਨ ਚਾਲਕ 'ਤੇ ਗਰਭਵਤੀ ਮਹਿਲਾਵਾਂ, ਬਿਮਾਰ ਲੋਕਾਂ ਅਤੇ ਬਜ਼ੁਰਗਾਂ ਦਾ ਲੰਘਣਾ ਖਤਰੇ ਤੋਂ ਖਾਲੀ ਨਹੀਂ। ਲੋਕਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਦੇ ਵੱਡੇ ਵੱਡੇ ਦਾਅਵੇ ਕਰਦੀ ਹੈ ਪਰ ਜ਼ਮੀਨੀ ਹਕੀਕਤ ਇਸ ਤੋਂ ਕੋਹਾਂ ਦੂਰ ਹੈ। ਉਨ੍ਹਾਂ ਕਿਹਾ ਪਿੰਡਾਂ ਵਿੱਚ ਰਹਿਣ ਵਾਲੇ ਲੋਕ ਖਸਤਾ ਹਾਲਤ ਸੜਕਾਂ ਰਾਹੀਂ ਗੁਜ਼ਰਦੇ ਹੋਏ ਰੋਜ਼ਾਨਾ ਆਪਣੇ ਕੰਮਾਂਕਾਰਾਂ, ਸਕੂਲ ਨੂੰ ਜਾਣ ਵਾਲੇ ਬੱਚੇ ਅਤੇ ਹੋਰ ਕਈ ਲੋਕ ਆਉਂਦੇ ਜਾਂਦੇ ਹਨ ਜਿਨ੍ਹਾਂ ਦਾ ਤੇਲ ਖਰਚ ਜਿੱਥੇ ਜ਼ਿਆਦਾ ਲੱਗਦਾ ਹੈ ਉੱਥੇ ਹੀ ਸਮਾਂ ਵੀ ਬਹੁਤ ਜ਼ਿਆਦਾ ਬਰਬਾਦ ਹੁੰਦਾ ਹੈ। ਲੋਕਾਂ ਨੇ ਪੰਜਾਬ ਸਰਕਾਰ ਅਤੇ ਸੰਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਪਿੰਡਾਂ ਨੂੰ ਜਾਣ ਵਾਲੀਆਂ ਲਿੰਕ ਸੜਕਾਂ ਦੀ ਹਾਲਤ ਪਹਿਲ ਦੇ ਅਧਾਰ 'ਤੇ ਸੁਧਾਰੀ ਜਾਵੇ ਤਾਂ ਜੋ ਲੋਕ ਇਨ੍ਹਾਂ ਖਸਤਾ ਹਾਲਤ ਸੜਕਾਂ ਤੋਂ ਆਸਾਨੀ ਨਾਲ ਆਪਣੀ ਮੰਜ਼ਿਲ ਵੱਲ ਜਾ ਸਕਣ। ਉਨ੍ਹਾਂ ਕਿਹਾ ਜੇਕਰ ਪੰਜਾਬ ਸਰਕਾਰ ਨੇ ਹੁਣ ਵੀ ਇਨ੍ਹਾਂ ਖਸਤਾ ਹਾਲਤ ਸੜਕਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਇਨ੍ਹਾਂ ਖਸਤਾ ਹਾਲਤ ਸੜਕਾਂ ਨੂੰ ਲੈ ਕੇ ਸਰਕਾਰ ਕੋਲੋਂ ਜਵਾਬ ਮੰਗਣਗੇ।

# ਹਥਿਆਰਾਂ ਤੇ ਸਕੂਟਰੀ ਸਮੇਤ 2 ਗ੍ਰਿਫਤਾਰ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)** ਲਖਵਿੰਦਰ ਸਿੰਘ ਡੀ ਐਸ ਪੀ ਅਟਾਰੀ ਦੀ ਅਗਵਾਈ ਵਿੱਚ ਮੁੱਖ ਅਫਸਰ ਥਾਣਾ ਚਾਟੀਵਿੰਡ ਐਸ ਆਈ ਅਵਤਾਰ ਸਿੰਘ ਕਾਹਲੋਂ ਵੱਲੋਂ ਆਪਣੀ ਪੁਲਸ ਪਾਰਟੀ ਸਮੇਤ ਸ਼ੱਕ ਦੌਰਾਨ ਮੁਸ਼ਤੈਦੀ ਨਾਲ ਕੰਮ ਕਰਦਿਆਂ ਹੋਇਆ ਦੋ ਸ਼ੱਕੀ ਵਿਅਕਤੀਆਂ ਨੂੰ ਨਾਇਰਾ ਪੈਟਰੋਲ ਪੰਪ ਨੇੜੇ ਤੋਂ ਕਾਬੂ ਕਰਕੇ ਚੈੱਕ ਕੀਤਾ ਗਿਆ, ਜਿਨ੍ਹਾਂ ਦੀ ਪਛਾਣ ਅਰਸ਼ਦੀਪ ਸਿੰਘ ਵਾਸੀ ਦਸੂਹਾਂ ਜ਼ਿਲ੍ਹਾ ਤਰਨ ਤਾਰਨ ਅਤੇ ਨਰਾਇਣ ਸਿੰਘ ਉਰਫ ਬਿਜਲੀ ਵਾਸੀ ਪੰਡੋਰੀ ਗੋਲਾ ਕਲੋਨੀਆ ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਅਤੇ ਤਲਾਸ਼ੀ ਦੌਰਾਨ ਉਹਨਾ ਪਾਸੋਂ ਇੱਕ 32 ਬੋਰ ਪਿਸਟਲ, 05 ਜਿੰਦਾ ਰੌਂਦ 32 ਬੋਰ ਅਤੇ ਇੱਕ ਜੂਪੀਟਰ ਸਕੂਟਰੀ ਨੰਬਰ ਇਹ ਪੀ ਬੀ 02-ਡੀਐਚ-1310 ਸਮੇਤ ਗ੍ਰਿਫਤਾਰ ਕੀਤਾ ਗਿਆ। ਜਿਸ ਸੰਬੰਧੀ ਉਕਤ ਗ੍ਰਿਫਤਾਰ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# 12 ਸਾਹਿਤਕਾਰਾਂ ਦਾ ਸਨਮਾਨ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)** ਰਣਜੀਤ ਪੰਜਾਬੀ ਸਾਹਿਤ ਸਭਾ ਸ੍ਰੀ ਅੰਮ੍ਰਿਤਸਰ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਸਾਲਾਨਾ ਇਨਾਮ ਵੰਡ ਸਮਾਰੋਹ ਅਤੇ ਕਵੀ ਦਰਬਾਰ ਸੈਮੀਨਾਰ ਹਾਲ, ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਸਭਾ ਦੇ ਪ੍ਰਧਾਨ ਪ੍ਰਿੰਸੀਪਲ ਡਾ: ਗਿਆਨ ਸਿੰਘ ਘਈ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ।ਇਸ ਸਮੇਂ ਡਾ.ਘਈ ਦੀ ਸਰਵੋਤਮ ਕਾਵਿ ਪੁਸਤਕ 'ਸ਼ਹੀਦੀ ਰੰਗ' ਲੋਕ ਅਰਪਣ ਕੀਤੀ ਗਈ।ਸਨਮਾਨ ਸਮਾਰੋਹ ਸਮੇਂ ਡਾ. ਧਰਮ ਸਿੰਘ ਨੂੰ 'ਭਾਈ ਵੀਰ ਸਿੰਘ ਪੁਰਸਕਾਰ', ਡਾ. ਹੀਰਾ ਸਿੰਘ ਨੂੰ 'ਭਾਈ ਸੰਤੋਖ ਸਿੰਘ ਪੁਰਸਕਾਰ', ਡਾ. ਇੰਦਰਜੀਤ ਸਿੰਘ ਗੋਗੋਆਣੀ ਨੂੰ 'ਭਾਈ ਕਾਹਨ ਸਿੰਘ ਨਾਭਾ ਪੁਰਸਕਾਰ', ਸਤਬੀਰ ਸਿੰਘ ਨੂੰ 'ਕਲਿਆਣ ਅੰਮ੍ਰਿਤਸਰੀ ਪੁਰਸਕਾਰ', ਦਲਬੀਰ ਸਿੰਘ ਰਿਆੜ ਨੂੰ 'ਚਮਨ ਹਰਗੋਬਿੰਦਪੁਰੀ ਪੁਰਸਕਾਰ', ਪੰਡਿਤ ਕ੍ਰਿਸ਼ਨ ਦਵੇਸਰ ਨੂੰ ਭਾਅ ਜੀ ਗੁਰਸ਼ਰਨ ਸਿੰਘ ਪੁਰਸਕਾਰ', ਸੰਤੋਖ ਸਿੰਘ ਗੁਰਾਇਆ ਨੂੰ 'ਬਲਵੰਤ ਸਿੰਘ ਤੇਗ ਪੁਰਸਕਾਰ', ਬਲਬੀਰ ਸਿੰਘ ਬੇਲੀ ਨੂੰ 'ਗਿਆਨ ਸਿੰਘ ਕੰਵਲ ਪੁਰਸਕਾਰ', ਕੁਲਦੀਪ ਸਿੰਘ ਦਰਾਜਕੇ ਨੂੰ 'ਹਰਬੰਸ ਸਿੰਘ ਨਾਗੀ ਪੁਰਸਕਾਰ', ਐਸ. ਪ੍ਰਸ਼ੋਤਮ ਨੂੰ 'ਗੁਰਬਖਸ਼ ਸਿੰਘ ਪ੍ਰੀਤ ਲੜੀ ਪੁਰਸਕਾਰ', ਅਜੀਤ ਸਿੰਘ ਨਬੀਪੁਰੀ ਨੂੰ 'ਸੰਤੋਖ ਸਿੰਘ ਸਫ਼ਰੀ ਪੁਰਸਕਾਰ', ਸੁਭਾਸ਼ ਦੀਵਾਨਾ (ਗੁਰਦਾਸਪੁਰ) ਨੂੰ 'ਸ਼ਿਵ ਕੁਮਾਰ ਬਟਾਲਵੀ ਪੁਰਸਕਾਰ' ਪ੍ਰਦਾਨ ਕੀਤੇ ਗਏ। ਮੰਚ ਸੰਚਾਲਕ ਦੇ ਫਰਜ਼ ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਪ੍ਰਧਾਨ ਧਰਵਿੰਦਰ ਸਿੰਘ ਔਲਖ ਨੇ ਨਿਭਾਉਂਦੇ ਹੋਏ ਪੂਰੇ ਪ੍ਰੋਗਰਾਮ ਨੂੰ ਲੜੀਬੱਧ ਢੰਗ ਨਾਲ ਪੇਸ਼ ਕੀਤਾ।

# ਪੱਤਰਕਾਰਾਂ ਦੀ ਅਹਿਮ ਮੀਟਿੰਗ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)** ਜੰਡਿਆਲਾ ਪ੍ਰੈਸ ਕਲੱਬ ਦੇ ਪੱਤਰਕਾਰਾਂ ਦੀ ਅਹਿਮ ਮੀਟਿੰਗ ਸੁਨੀਲ ਦੇਵਗਨ ਚੇਅਰਮੈਨ ਅਤੇ ਵਰਿੰਦਰ ਸਿੰਘ ਮਲਹੋਤਰਾ ਪ੍ਰਧਾਨ ਦੀ ਅਗਵਾਈ ਹੇਠ ਹੋਟਲ ਤੇਜ ਗ੍ਰੈਂਡ ਵਿੱਚ ਕੀਤੀ ਗਈ, ਜਿਸ ਵਿੱਚ ਪ੍ਰਧਾਨ ਵਰਿੰਦਰ ਮਲਹੋਤਰਾ ਨੇ ਦੱਸਿਆ ਕਿ ਪੱਤਰਕਾਰ ਦੀ ਇਹ ਕਲੱਬ ਪਿਛਲੇ 14 ਸਾਲਾਂ ਤੋਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਦੀ ਆ ਰਹੀ ਹੈ ਅਤੇ ਬਿਨ੍ਹਾਂ ਕਿਸੇ ਦਬਾਅ 'ਤੇ ਅੱਗੇ ਵੀ ਪ੍ਰਕਾਸ਼ਿਤ ਕਰਦੇ ਰਹਿਣਗੇ। ਉਨ੍ਹਾਂ ਨੇ ਕਿਹਾ ਕਿ ਜੰਡਿਆਲਾ ਪ੍ਰੈਸ ਕਲੱਬ ਰਜਿ. ਸਮੇਂ ਸਮੇਂ ਪੱਤਰਕਾਰਾਂ ਨੂੰ ਆਉਂਦੀਆਂ ਸਮੱਸਿਆਵਾਂ ਨੂੰ ਉਹ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕੋਲ ਉਠਾਉਣਗੇ।ਇਸ ਮੌਕੇ ਵਰਿੰਦਰ ਸਿੰਘ ਮਲਹੋਤਰਾ, ਸੁਨੀਲ ਦੇਵਗਨ, ਹਰਿੰਦਰ ਪਾਲ ਸਿੰਘ, ਪ੍ਰਦੀਪ ਕੁਮਾਰ ਰੋਕੀ, ਵਰੁਣ ਸੋਨੀ, ਅੰਗਰੇਜ਼ ਸੂਰੀ, ਰਾਕੇਸ਼ ਸੂਰੀ, ਰਾਜਿੰਦਰ ਸਿੰਘ, ਕੁਲਵੰਤ ਸਿੰਘ ਵਿਰਦੀ, ਮੁਨੀਸ਼ ਕੁਮਾਰ, ਸੋਨੂੰ ਮਿਗਲਾਨੀ, ਕੰਵਲਜੀਤ ਜੋਧਾਨਗਰੀ, ਸੁਖਦੇਵ ਸਿੰਘ, ਅਨਿਲ ਕੁਮਾਰ ਆਦਿ ਹਾਜ਼ਰ ਸਨ।



# ਕਾਂਗਰਸ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ : ਭੀਲੋਵਾਲ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)** ਪੰਜਾਬ ਵਿੱਚ ਕਾਂਗਰਸ ਪਹਿਲਾਂ ਨਾਲੋਂ ਮਜ਼ਬੂਤ ਹੋ ਕੇ ਸਾਹਮਣੇ ਆ ਰਹੀ ਹੈ, ਜਿਸ ਸਦਕਾ ਆ ਰਹੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਕਾਂਗਰਸ ਪਾਰਟੀ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਵਿਰੋਧੀਆਂ ਦੀ ਨੀਂਦ ਹਰਾਮ ਕਰ ਦੇਵੇਗੀ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਮਜੀਠਾ ਦੇ ਇੰਚਾਰਜ ਸਰਦਾਰ ਭਗਵੰਤ ਪਾਲ ਸਿੰਘ ਸੱਚਰ ਦੇ ਮੀਡੀਆ ਇੰਚਾਰਜ ਸੁਰਜੀਤ ਸਿੰਘ ਬਾਠ ਭੀਲੋਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਬਾਠ ਭੀਲੋਵਾਲ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਬੇਹਦ ਦੁੱਖੀ ਹਨ ਅਤੇ ਹੁਣ ਉਹ ਬਦਲਾਅ ਦੀ ਸਥਿਤੀ ਵਿੱਚ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਕਿਸਾਨ ਸਰਕਾਰ ਦੀਆਂ ਨੀਤੀਆਂ ਤੋਂ ਦੁਖੀ ਹੋ ਕੇ ਆਗਾਮੀ ਚੋਣ ਦਾ ਇੰਤਜ਼ਾਰ ਕਰ ਰਹੇ ਹਨ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਇਸ ਕੜੀ ਦਾ ਪਹਿਲਾ ਹਿੱਸਾ ਹੋਣਗੀਆਂ ਅਤੇ 2027 ਦੇ ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਤੋਂ ਕੋਈ ਰੋਕ ਨਹੀਂ ਸਕੇਗਾ। ਉਹਨਾਂ ਕਿਹਾ ਕਿ ਵਿਧਾਨ ਸਭਾ ਹਲਕਾ ਮਜੀਠਾ ਦੇ ਇਨਚਾਰਜ ਸਰਦਾਰ ਭਗਵੰਤ ਪਾਲ ਸਿੰਘ ਸੱਚਰ ਦਿਨ ਰਾਤ ਹਲਕੇ ਦੀ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਹਰ ਖੁਸ਼ੀ ਗਮੀ ਦੇ ਮੌਕੇ ਪਹੁੰਚ ਰਹੇ ਹਨ, ਜਿਸ ਸਦਕਾ ਸੱਚਰ ਸਾਹਿਬ ਦੀ ਲੋਕਪ੍ਰਿਅਤਾ ਦਿਨ ਬ ਦਿਨ ਵਧਦੀ ਜਾ ਰਹੀ ਹੈ ਅਤੇ ਆ ਰਹੀਆਂ ਸਾਰੀਆਂ ਹੀ ਚੋਣਾਂ ਮਜੀਠਾ ਹਲਕੇ ਵਿੱਚ ਕਾਂਗਰਸ ਪਾਰਟੀ ਸ਼ਾਨ ਨਾਲ ਜਿੱਤੇਗੀ।

# ਪੰਨੂ ਵੱਲੋਂ ਫੱਤੇਵਾਲੀ ਡੇਰਿਆਂ ਨੂੰ ਜਾਂਦੇ ਰਸਤੇ ਬਣਾਉਣ ਦੀ ਸ਼ੁਰੂਆਤ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)** ਬਲਬੀਰ ਸਿੰਘ ਪੰਨੂੰ ਚੇਅਰਮੈਨ ਪਨਸਪ ਪੰਜਾਬ ਅਤੇ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਦਿਹਾਤੀ ਵੱਲੋਂ ਪਿੰਡ ਫੱਤੇਵਾਲੀ ਡੇਰਿਆਂ ਨੂੰ ਜਾਂਦੇ ਰਸਤੇ ਬਣਾਉਣ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਗੱਲ ਕਰਦਿਆਂ ਉਨ੍ਹਾ ਕਿਹਾ ਕਿ ਹਲਕੇ ਦੇ ਸਰਵਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਨਵੀਆਂ ਚੁਣੀਆਂ ਪੰਚਾਇਤਾਂ ਰਾਹੀਂ ਪਿੰਡਾਂ ਅੰਦਰ ਚਹੁਪੱਖੀ ਵਿਕਾਸ ਕੰਮ ਕਰਵਾਏ ਜਾਣਗੇ।ਇਸ ਮੌਕੇ ਸਰਪੰਚ ਨਿਸ਼ਾਨ ਸਿੰਘ, ਮੈਂਬਰ ਅਮਨਦੀਪ ਸਿੰਘ, ਮੈਂਬਰ ਮਨਦੀਪ ਸਿੰਘ, ਪ੍ਰਿੰਸਪਾਲ ਸਿੰਘ, ਜਸਪਾਲ ਸਿੰਘ, ਨਿਹੰਗ ਸਿੰਘ, ਸਤਨਾਮ ਸਿੰਘ ਫੌਜੀ, ਵਰਦੀਪ ਸਿੰਘ, ਸਤਨਾਮ ਸਿੰਘ ਸੰਧੂ, ਲਖਵਿੰਦਰ ਸਿੰਘ ਫੌਜੀ, ਨਿਸ਼ਾਨ ਸਿੰਘ ਪਤਰੀਆ, ਬਲਜੀਤ ਸਿੰਘ, ਹਰਮਨ ਸਿੰਘ ਹਰਜੀਤ ਸਿੰਘ, ਸਤਨਾਮ ਸਿੰਘ ਕਾਲੂ, ਦਿਲਬਾਗ ਸਿੰਘ, ਰਤਨ ਸਿੰਘ, ਗੁਰਨਾਮ ਸਿੰਘ, ਪਵਨ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ ਜੱਗਾ, ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ, ਕਰਮਜੀਤ ਪੀਏ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਸਰਪੰਚ ਕਰਨ ਬਾਠ, ਗੁਰ ਪ੍ਰਤਾਪ ਸਿੰਘ, ਗੁਰਦੇਵ ਔਜਲਾ ਅਤੇ ਹੋਰ ਵੀ ਆਦਿ ਹਾਜ਼ਰ ਸਨ।

# ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਚੋਹਲਾ ਸਾਹਿਬ ਨੇ ਸ਼ਹੀਦਾਂ ਨੂੰ ਕੀਤਾ ਯਾਦ



**ਚੋਹਲਾ ਸਾਹਿਬ (ਰਮਨ ਚੱਡਾ)**- ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਇਕਾਈ ਚੋਹਲਾ ਸਾਹਿਬ ਦੇ ਸਰਗਰਮ ਮੈਂਬਰਾਂ ਦੀ ਮੀਟਿੰਗ ਅਵਤਾਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਯਾਦ ਕੀਤਾ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਮਾਝਾ ਜ਼ੋਨ ਆਗੂ ਰਜਵੰਤ ਸਿੰਘ ਬਾਗੜੀਆ ਵਿਸ਼ੇਸ ਤੌਰ 'ਤੇ ਸ਼ਾਮਲ ਹੋਏ। ਇਸ ਸਮੇਂ ਵੱਖ-ਵੱਖ ਆਗੂਆਂ ਨੇ ਕਿਹਾ ਕਿ ਦੇਸ਼ ਭਗਤਾਂ ਨੇ ਆਜ਼ਾਦੀ ਉਪਰੰਤ ਜਿਸ ਤਰ੍ਹਾਂ ਦਾ ਸਮਾਜ ਸਿਰਜਣ ਦਾ ਸੁਪਨਾ ਲਿਆ ਸੀ ਉਸ ਨੂੰ ਸਮੇਂ ਦੇ ਹਾਕਮਾਂ ਨੇ ਪੁੱਠਾ ਗੇੜਾ ਦੇ ਕੇ ਮੁੜ ਗੁਲਾਮੀ ਦੇ ਦਿਨਾਂ ਦੀ ਯਾਦ ਦਿਵਾ ਦਿੱਤੀ ਹੈ। ਅੱਜ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਖੇਡਦਿਆਂ ਲੋਕਾਂ ਦੇ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ। ਛੋਟੇ ਦੁਕਾਨਦਾਰਾਂ, ਕਿਸਾਨਾਂ ਤੇ ਮਜ਼ਦੂਰਾਂ ਦਾ ਜੀਵਨ ਜੀਣਾ ਮੁਹਾਲ ਕੀਤਾ ਹੋਇਆ ਹੈ। ਕੇਂਦਰ ਤੇ ਰਾਜਾਂ ਦੀਆਂ ਸਰਕਾਰਾਂ ਇਕਜੁੱਟ ਹੋ ਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੀ ਬਜਾਏ ਉਨ੍ਹਾਂ ਦੇ ਸੰਘਰਸ਼ ਨੂੰ ਕੁਚਲਣ ਲਈ ਕੰਮ ਕਰਦੀਆਂ ਹਨ। ਇਸ ਸਮੇਂ ਅਗਲੇ ਦੋ ਸਾਲਾਂ ਲਈ ਇਕਾਈ ਚੋਹਲਾ ਸਾਹਿਬ ਦੀ ਟੀਮ ਦੀ ਚੋਣ ਕੀਤੀ ਗਈ ਜਿਸ ਵਿੱਚ ਅਵਤਾਰ ਸਿੰਘ ਗਿੱਲ ਨੂੰ ਜਥੇਬੰਦਕ ਮੁਖੀ, ਸੁਖਵਿੰਦਰ ਸਿੰਘ ਖਾਰਾ ਨੂੰ ਵਿੱਤ ਤੇ ਮੈਗਜ਼ੀਨ ਮੁਖੀ, ਬਲਬੀਰ ਸਿੰਘ ਬੱਲੀ ਨੂੰ ਮਾਨਸਿਕ ਸਿਹਤ ਮੁਖੀ ਅਤੇ ਪ੍ਰਿੰਸੀਪਲ ਕਸ਼ਮੀਰ ਸਿੰਘ ਨੂੰ ਮੀਡੀਆ ਮੁਖੀ ਵਜੋਂ ਚੁਣਿਆ ਗਿਆ। ਇਸ ਸਮੇਂ ਮਾਸਟਰ ਦਲਬੀਰ ਸਿੰਘ, ਮਾਸਟਰ ਗੁਰਨਾਮ ਸਿੰਘ, ਨਿਸ਼ਾਨ ਸਿੰਘ, ਹਰਭਜਨ ਸਿੰਘ ਧੁੰਨ, ਬਲਵਿੰਦਰ ਸਿੰਘ ਬਿੱਟੂ, ਪ੍ਰਿੰਸੀਪਲ ਮਦਨ ਪਠਾਣੀਆਂ, ਚਰਨਜੀਤ ਸਿੰਘ ਘੜਕਾ ਅਤੇ ਬਲਬੀਰ ਸਿੰਘ ਡੀ ਐਮ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਗਮ



**ਝਬਾਲ (ਮੱਖਣ ਮਨੋਜ)**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝਬਾਲ ਜ਼ਿਲ੍ਹਾ ਤਰਨ ਤਾਰਨ ਵਿਖੇ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਸ ਸਮੇਂ ਸੈਸ਼ਨ 2024-25 ਦਾ ਨਤੀਜਾ ਘੋਸ਼ਿਤ ਕੀਤਾ ਗਿਆ। ਸਕੂਲ ਦੀ ਸਲਾਨਾ ਰਿਪੋਰਟ ਐਮ.ਡੀ.ਪਰਮਜੀਤ ਸਿੰਘ ਸੋਹਲ ਨੇ ਪੜ੍ਹੀ। ਸਟੇਜ ਸੈਕਟਰੀ ਦੀ ਭੂਮਿਕਾ ਮੈਡਮ ਮਨਦੀਪ ਕੌਰ, ਨਵਦੀਪ ਕੌਰ ਅਤੇ ਗੁਰਜੀਤ ਕੌਰ ਨੇ ਨਿਭਾਈ। ਮੁੱਖ ਮਹਿਮਾਨ ਵਜੋਂ ਪ੍ਰੋਫੈਸਰ ਹਰਸਿਮਰਨਜੀਤ ਸਿੰਘ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਦੌਰਾਨ ਧਾਰਮਿਕ, ਖੇਡਾਂ, ਅਕਾਦਮਿਕ ਅਤੇ ਹੋਰ ਸਕੂਲ ਮੁਕਾਬਲਿਆਂ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਵਿਦਿਆਰਥੀਆਂ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨੂੰ ਦਰਸਾਉਂਦਾ ਨਾਟਕ ਪੇਸ਼ ਕੀਤਾ ਗਿਆ। ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਹੇਤ ਕੋਰੀਓਗ੍ਰਾਫੀ 'ਗੁਰਮੁਖੀ ਦਾ ਬੇਟਾ' ਪੇਸ਼ ਕੀਤੀ ਗਈ। ਗੁਰਬਖਸ਼ ਸਿੰਘ ਨਾਨਕ ਸਿੰਘ ਪ੍ਰੀਤਲੜੀ ਦੇ ਕਲਾਕਾਰਾਂ ਦੀਪ ਮੰਨਣ, ਗੈਵੀ ਸ਼ੇਰਗਿਲ ਅਤੇ ਰਜਿੰਦਰ ਗਿੱਲ ਵੱਲੋਂ ਮੋਬਾਇਲ ਦੀ ਹੋ ਰਹੀ ਦੁਰਵਰਤੋਂ ਬਾਰੇ ਕਮੇਡੀ ਨਾਟਕ 'ਜੰਜ਼ਾਲ' ਪੇਸ਼ ਕੀਤਾ ਗਿਆ। ਸਕੂਲੀ ਬੱਚਿਆਂ ਨੇ ਅੰਤ ਵਿੱਚ ਗਿੱਧਾ ਅਤੇ ਭੰਗੜਾ ਪੇਸ਼ ਕਰਕੇ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਇਨਾਮਾਂ ਦੀ ਵੰਡ ਪ੍ਰੋਫੈਸਰ ਹਰਸਿਮਰਨਜੀਤ ਸਿੰਘ ਲਵਲੀ ਯੂਨੀਵਰਸਿਟੀ, ਮਿਸ਼ਨਰੀ ਸੁਖਵੰਤ ਸਿੰਘ ਝਬਾਲ, ਸਕੱਤਰ ਹਰਜਿੰਦਰ ਪਾਲ ਸਿੰਘ, ਮੈਨੇਜਰ ਸਿਮਰਤ ਪਾਲ ਸਿੰਘ ਅਤੇ ਸਕੂਲ ਐਮ ਡੀ ਪਰਮਜੀਤ ਜੀਤ ਸਿੰਘ ਸੋਹਲ ਵਲੋਂ ਕੀਤੀ ਗਈ। ਅੰਤ ਵਿੱਚ ਪ੍ਰਿੰਸੀਪਲ ਵਰਿੰਦਰ ਕੌਰ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਇਸ ਸਮੇਂ ਸਕੂਲ ਸਟਾਫ ਕਲਰਕ ਬਲਵਿੰਦਰ ਸਿੰਘ, ਰਵਿੰਦਰਜੀਤ ਸਿੰਘ, ਵਿਜੈ ਕੁਮਾਰ, ਮਨਦੀਪ ਕੌਰ, ਗੁਰਿੰਦਰ ਕੌਰ, ਮਨਬੀਰ ਕੌਰ, ਕਰਮਜੀਤ ਕੌਰ, ਨਵਦੀਪ ਕੌਰ, ਰਾਜਬੀਰ ਕੌਰ, ਗੁਰਪ੍ਰੀਤ ਕੌਰ, ਸੁਖਵਿੰਦਰ ਕੌਰ ਕੁਲਵੰਤ ਕੋਰ, ਗੁਰਜੀਤ ਕੌਰ, ਕਮਲੇਸ਼ ਰਾਣੀ, ਜਤਿੰਦਰਪਾਲ ਕੌਰ, ਸੰਦੀਪ ਕੌਰ, ਕੁਲਵਿੰਦਰ ਕੌਰ, ਸਰਬਜੀਤ ਕੌਰ ਸ਼ਾਮਲ ਸਨ।

# ਦੋ ਦਿਨਾ ਵਾਲੀਬਾਲ ਟੂਰਨਾਮੈਂਟ ਅੱਜ ਤੇ ਭਲਕੇ

**ਬਟਾਲਾ, (ਡਾਕਟਰ ਮਲਵਿੰਦਰ ਸਿੰਘ)** 'ਯੁੱਧ ਨਸ਼ਿਆਂ ਵਿਰੁੱਧ' (ਰੰਗਲਾ ਪੰਜਾਬ) ਮੁਹਿੰਮ ਤਹਿਤ ਦੋ ਦਿਨਾਂ ਵਾਲੀਬਾਲ ਟੂਰਨਾਮੈਂਟ 25 ਅਤੇ 26 ਮਾਰਚ ਨੂੰ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵਲੋਂ ਮਹੰਤ ਹਰੀ ਕੁੰਭ ਦਾਸ ਉਦਾਸੀਨ (ਤਪ ਅਸਥਾਨ ਭਗਵਾਨ ਸ੍ਰੀ ਚੰਦ) ਦੇ ਸਹਿਯੋਗ ਨਾਲ ਪਿੰਡ ਨਾਨਕ ਚੱਕ, ਤਪ ਅਸਥਾਨ ਮੰਦਰ ਭਗਵਾਨ ਸ੍ਰੀ ਚੰਦ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਿਮਰਨਜੀਤ ਸਿੰਘ ਜ਼ਿਲ੍ਹਾ ਖੇਡ ਅਫਸਰ ਗੁਰਦਾਸਪੁਰ ਨੇ ਦੱਸਿਆ ਕਿ 25 ਨੂੰ ਸਵੇਰੇ 10 ਵਜੇ 'ਯੁੱਧ ਨਸ਼ਿਆਂ ਵਿਰੁੱਧ'(ਰੰਗਲਾ ਪੰਜਾਬ) ਮੁਹਿੰਮ ਤਹਿਤ ਵਾਲੀਬਾਲ ਟੂਰਨਾਮੈਂਟ ਦਾ ਉਦਘਾਟਨ ਕੀਤਾ ਜਾਵੇਗਾ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਅਤੇ ਸ੍ਰੀਮਤੀ ਵੀਰਪਾਲ ਕੌਰ, ਐਸ.ਡੀ.ਐਮ ਫਤਿਹਗੜ੍ਹ ਚੂੜੀਆਂ ਵਿਸ਼ੇਸ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਉਨ੍ਹਾਂ ਅੱਗੇ ਦੱਸਿਆ ਕਿ 26 ਮਾਰਚ ਨੂੰ ਦੁਪਹਿਰ 3.30 ਵਜੇ ਫਾਈਨਲ ਮੈਚ ਖੇਡਿਆ ਜਾਵੇਗਾ ਅਤੇ ਸ਼ਾਮ 4 ਵਜੇ ਇਨਾਮ ਵੰਡ ਸਮਾਰੋਹ ਕਰਵਾਇਆ ਜਾਵੇਗਾ। ਇਨਾਮ ਵੰਡ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਬਟਾਲਾ ਦੇ ਐਸ.ਐਸ.ਪੀ ਸੁਹੇਲ ਕਾਸਿਮ ਮੀਰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਸ਼ਿਰਕਤ ਕਰਨਗੇ।

# ਸੀ ਐੱਚ ਸੀ ਸਿੰਘੋਵਾਲ ਦਾ ਕਾਇਆ-ਕਲਪ ਕੀਤਾ ਜਾਵੇਗਾ : ਰਮਨ ਬਹਿਲ



**ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ)** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਿਹਤ ਕ੍ਰਾਂਤੀ ਤਹਿਤ ਸੂਬੇ ਵਿੱਚ ਸਿਹਤ ਸੰਸਥਾਵਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਗਾਤਾਰ ਜਾਰੀ ਹਨ। ਇਨ੍ਹਾਂ ਹੀ ਯਤਨਾਂ ਸਦਕਾ ਪੰਜਾਬ ਸਰਕਾਰ ਵੱਲੋਂ 2.10 ਕਰੋੜ ਰੁਪਏ ਖ਼ਰਚ ਕਰਕੇ ਸੀ.ਐੱਚ.ਸੀ. ਸਿੰਘੋਵਾਲ (ਦੀਨਾਨਗਰ) ਦੀ ਕਾਇਆ ਕਲਪ ਕੀਤੀ ਜਾਵੇਗੀ। ਸੀ.ਐੱਚ.ਸੀ. ਸਿੰਘੋਵਾਲ ਦੀ ਰਿਪੇਅਰ, ਰੈਨੋਵੇਸ਼ਨ ਅਤੇ ਅਪਗ੍ਰੇਡੇਸ਼ਨ ਪ੍ਰੋਜੈਕਟ ਦਾ ਨੀਂਹ ਪੱਥਰ ਵਿਧਾਇਕ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਵਿਧਾਇਕ ਡੇਰਾ ਬਾਬਾ ਨਾਨਕ ਗੁਰਦੀਪ ਸਿੰਘ ਰੰਧਾਵਾ ਅਤੇ ਸ਼ਮਸ਼ੇਰ ਸਿੰਘ ਵੱਲੋਂ ਰੱਖਿਆ ਗਿਆ।ਸੀ.ਐੱਚ.ਸੀ. ਸਿੰਘੋਵਾਲ (ਦੀਨਾਨਗਰ) ਦੀ ਰਿਪੇਅਰ, ਰੈਨੋਵੇਸ਼ਨ ਅਤੇ ਅਪਗ੍ਰੇਡੇਸ਼ਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਉਪਰੰਤ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਵਿੱਚ ਵੱਡੇ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਸੂਬੇ ਭਰ ਵਿੱਚ ਆਮ ਆਦਮੀ ਕਲੀਨਿਕ ਸ਼ੁਰੂ ਕਰਕੇ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਮੁਫ਼ਤ ਤੇ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਹਨ।ਇਸ ਮੌਕੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਦੀਨਾਨਗਰ ਵਾਸੀਆਂ ਦੀ ਦਹਾਕਿਆਂ ਪੁਰਾਣੀ ਮੰਗ ਨੂੰ ਪੂਰਾ ਕਰਦੇ ਹੋਏ ਸੀ.ਐੱਚ.ਸੀ. ਸਿੰਘੋਵਾਲ ਦੀ ਰਿਪੇਅਰ, ਰੈਨੋਵੇਸ਼ਨ ਅਤੇ ਅਪਗ੍ਰੇਡੇਸ਼ਨ ਪ੍ਰੋਜੈਕਟ ਸ਼ੁਰੂ ਕੀਤਾ ਹੈ, ਜਿਸ ਉੱਪਰ 2.10 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਇਹ ਸਾਰਾ ਪ੍ਰੋਜੈਕਟ ਅਗਲੇ 6 ਮਹੀਨੇ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸੀ.ਐੱਸ.ਸੀ. ਦੇ ਅਪਗ੍ਰੇਡੇਸ਼ਨ ਹੋਣ ਨਾਲ ਦੀਨਾਨਗਰ ਸ਼ਹਿਰ ਅਤੇ ਆਸ-ਪਾਸ ਦੇ 200 ਪਿੰਡਾਂ ਨੂੰ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਲਾਭ ਮਿਲੇਗਾ।

# ਡਾਟਾ ਐਂਟਰੀ ਅਪ੍ਰੇਟਰ ਦੀ ਆਸਾਮੀ ਪਹਿਲ ਦੇ ਅਧਾਰ 'ਤੇ ਭਰੀ ਜਾਵੇ : ਲਹੌਰੀਆ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ )**:- ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ (ਰਜਿ.) ਦੇ ਸੂਬਾ ਪ੍ਰੈਸ ਸਕੱਤਰ ਦਲਜੀਤ ਸਿੰਘ ਲਹੌਰੀਆ ਨੇ ਦੱਸਿਆ ਕਿ ਕਲੱਸਟਰ ਮੁੱਖੀ ਦੀ ਪੋਸਟ ਇੱਕ ਪ੍ਰਬੰਧਕੀ ਪੋਸਟ ਹੈ।ਪ੍ਰਬੰਧਕੀ ਪੋਸਟ ਹੋਣ ਕਾਰਨ ਸੀ ਐੱਚ ਟੀ ਕੋਲੋ ਸੈਂਟਰ ਦੇ ਸਕੂਲਾਂ ਦੇ ਕੰਮਾਂ ਦਾ ਕਾਫੀ ਬੋਝ ਹੁੰਦਾ ਹੈ।ਸੈਂਟਰ ਸਕੂਲ ਦੇ ਕੰਮਾਂ ਜਿਵੇ ਕਿ ਸੈਂਟਰ ਦੇ ਸਾਰੇ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵਧਾਉਣੀ, ਸੈਂਟਰ ਦੇ ਸਕੂਲਾਂ ਦੀਆਂ ਸਾਰੀਆਂ ਗ੍ਰਾਂਟਾਂ ਲਵਾਉਣੀਆਂ, ਆਮ ਮੀਟਿੰਗਾਂ ਤੋ ਇਲਾਵਾਂ ਜ਼ੂਮ ਐਪ 'ਤੇ ਸੈਂਟਰ ਦੀਆਂ ਸਾਰੀਆਂ ਮੀਟਿੰਗ ਕਰਨੀਆਂ, ਸੈਂਟਰ ਸਕੂਲਾਂ ਦੀਆ ਕਿਤਬਾਂ ਲਿਉਣੀਆ, ਆਪਣੇ ਸਕੂਲ ਦਾ ਸਾਰਾ ਕੰਮ ਵੀ ਕਰਨੇ।ਇਸ ਤੋਂ ਇਲਾਵਾ ਡੀ ਈ ਓ ਤੇ ਬੀਈਓ ਨਾਲ ਮੀਟਿੰਗਾਂ ਕਰਨੀਆਂ ਆਦਿ ਹੋਰ ਕੰਮਾਂ ਸੀ ਐੱਚ ਟੀ ਨੂੰ ਕਰਨੇ ਪੈਂਦੇ ਹਨ।ਇਹਨਾਂ ਕੰਮਾਂ ਇਲਾਵਾਂ ਸਿੱਖਿਆਂ ਵਿਭਾਗ ਨੇ ਇੱਕ ਹੋਰ ਕੰਮ ਕਲੱਸਟਰ ਮੁੱਖੀਆਂ ਤੇ ਥੋਪਿਆਂ ਹੈ ਕਿ ਸਮਰੱਥ ਪੰਜਾਬ ਦਾ ਸਾਰਾ ਬੋਝ ਸੀ ਐੱਚ ਟੀਜ 'ਤੇ ਪਾ ਦਿੱਤਾ ਹੈ। ਵਿਭਾਗ ਅਨੁਸਾਰ ਸੀ ਐੱਚ ਟੀ ਆਪਣੇ ਸਕੂਲ ਤੋਂ ਇਲਾਵਾਂ ਸੈਂਟਰ ਦੇ ਸਾਰੇ ਸਕੂਲਾਂ ਦਾ ਸਮਰੱਥ ਪੰਜਾਬ ਦਾ ਡਾਟਾ ਕਨਸੋਲੀ ਡੇਟ ਕਰਕੇ ਬਲਾਕ 'ਚ ਦੇਵੇਗਾ, ਜੋ ਕਿ ਡਾਟਾ ਐਂਟਰੀ ਅਪਰੇਟਰ ਤੋਂ ਬਿਨ੍ਹਾਂ ਬਹੁਤ ਮੁਸ਼ਕਲ ਹੈ।ਉਹਨਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦੇ ਸਮੂਹ ਕਲੱਸਟਰ ਸਕੂਲਾਂ 'ਚ ਡਾਟਾ ਐਂਟਰੀ ਅਪ੍ਰੇਟਰ ਦੀ ਅਸਾਮੀ ਪਹਿਲ ਦੇ ਅਧਾਰ 'ਤੇ ਦਿੱਤੀ ਜਾਵੇ, ਤਾਂ ਜੋ ਕਲੱਸਟਰ ਮੁੱਖੀਆਂ ਨੂੰ ਕਲੱਸਟਰ ਸਕੂਲਾਂ ਦੇ ਕੰਮ ਕਰਨ ਵਿੱਚ ਸੌਖ ਹੋਵੇ। ਇਸ ਮੌਕੇ ਹਰਜਿੰਦਰ ਪਾਲ ਸਿੰਘ ਪੰਨੂ, ਨਰੇਸ਼ ਪਨਿਆੜ, ਹਰਜਿੰਦਰ ਹਾਂਡਾ, ਸਤਵੀਰ ਸਿੰਘ ਰੌਣੀ, ਹਰਕ੍ਰਿਸ਼ਨ ਮੋਹਾਲੀ, ਬੀ.ਕੇ.ਮਹਿਮੀ, ਸੁਰਿੰਦਰ ਸਿੰਘ ਬਾਠ, ਨੀਰਜ ਅਗਰਵਾਲ, ਗੁਰਿੰਦਰ ਸਿੰਘ ਘੁਕੇਵਾਲੀ, ਸਰਬਜੀਤ ਸਿੰਘ ਖਡੂਰ ਸਾਹਿਬ, ਨਿਰਭੈ ਸਿੰਘ , ਸੋਹਣ ਸਿੰਘ, ਖੁਸ਼ਪ੍ਰੀਤ ਸਿੰਘ ਕੰਗ, ਅੰਮ੍ਰਿਤਪਾਲ ਸਿੰਘ ਸੇਖੋਂ , ਰਵੀ ਵਾਹੀ , ਜਤਿੰਦਰਪਾਲ ਸਿੰਘ ਰੰਧਾਵਾ, ਹਰਜਿੰਦਰ ਸਿੰਘ ਚੌਹਾਨ, ਦੀਦਾਰ ਸਿੰਘ, ਲਖਵਿੰਦਰ ਸਿੰਘ ਸੇਖੋਂ, ਸਤਬੀਰ ਸਿੰਘ ਬੋਪਾਰਾਏ, ਗੁਰਵਿੰਦਰ ਸਿੰਘ ਬੱਬੂ, ਤਰਸੇਮ ਲਾਲ, ਰਿਸ਼ੀ ਕੁਮਾਰ, ਸੰਜੀਤ ਸਿੰਘ ਨਿੱਜਰ, ਮਨਿੰਦਰ ਸਿੰਘ ਪੰਜਗਰਾਈਆਂ ਆਦਿ ਆਗੂ ਹਾਜ਼ਰ ਸਨ ।



# ਪੰਜਾਬੀ ਸ਼ਾਇਰ ਮਲਵਿੰਦਰ ਨਾਲ ਰਚਾਈ ਸਾਹਿਤਕ ਗੁਫਤਗੂ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)** ਸ਼ਬਦ ਨਾਦ ਮੰਚ ਵੱਲੋਂ ਅਰੰਭੀ 'ਲੇਖਕ ਮਿਲਣੀ' ਸਮਾਗਮਾਂ ਦੀ ਲੜੀ ਦੇ ਅੰਤਰਗਤ ਪੰਜਾਬੀ ਸ਼ਾਇਰ ਅਤੇ ਵਾਰਤਾਕਾਰ ਮਲਵਿੰਦਰ ਨਾਲ ਸਥਾਨਕ ਭਾਈ ਵੀਰ ਸਿੰਘ ਸਾਹਿਤ ਸਦਨ ਵਿਖੇ ਸਾਹਿਤਕ ਗੁਫ਼ਤਗੂ ਰਚਾਈ ਗਈ। ਰਾਬਤਾ ਮੁਕਾਲਮਾਂ ਕਾਵਿ ਮੰਚ ਅਤੇ ਏਕਮ ਸਾਹਿਤ ਮੰਚ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੀ ਰੂਪ ਰੇਖਾ ਪ੍ਰੋ. ਬਖਤੌਰ ਸਿੰਘ ਧਾਲੀਵਾਲ ਨੇ ਸਾਂਝੀ ਕੀਤੀ ਅਤੇ ਸ਼ਾਇਰ ਵਿਸ਼ਾਲ ਬਿਆਸ ਨੇ ਸਵਾਗਤੀ ਸਬਦ ਕਹੇ।ਕੈਨੇਡਾ ਵਰਗੇ ਵਿਕਸਿਤ ਮੁਲਕੋਂ ਵਾਪਸ ਪਰਤੇ ਮਲਵਿੰਦਰ ਨੇ ਬਾਹਰਲੀਆਂ ਧਰਤੀਆਂ ਦੇ ਕੱਚ -ਸੱਚ ਨੂੰ ਬਿਆਨਦਿਆਂ ਦੱਸਿਆ ਕਿ ਬੇਸ਼ੱਕ ਆਪਣੇ ਬਿਹਤਰ ਭਵਿੱਖ ਦੀ ਤਲਾਸ਼ ਵਿਚ ਮਨੁੱਖ ਸਦੀਆਂ ਤੋਂ ਪਰਵਾਸ ਹੰਢਾਉਂਦਾ ਰਿਹਾ ਹੈ, ਪਰ ਫਿਰ ਵੀ ਆਪਣੀ ਜ਼ੁਬਾਨ ਆਪਣੀ ਜ਼ਮੀਨ ਅਤੇ ਆਪਣੀਆਂ ਜੜ੍ਹਾਂ ਨਾਲ ਜੋੜੀ ਰੱਖਣ ਲਈ ਸਾਹਿਤ ਹੀ ਸਭ ਤੋਂ ਉਤਮ ਜਰੀਆ ਹੈ। ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਮਲਵਿੰਦਰ ਹੁਰਾਂ ਦੀ ਵਾਰਤਕ ਦੇ ਹਵਾਲੇ ਨਾਲ ਕਿਹਾ ਕਿ ਮਲਵਿੰਦਰ ਦੀ ਸਮੁੱਚੀ ਲਿਖਤ ਉਸਦੇ ਹੱਡੀਂ ਹੰਢਾਏ ਅਨੁਭਵ ਵਿੱਚੋਂ ਗੁਜਰਦੀ ਹੈ। ਪ੍ਰਵਾਸੀ ਸਾਹਿਤਕਾਰ ਸੁਖਦੇਵ ਸਿੰਘ ਝੰਡ ਨੇ ਕਿਹਾ ਕਿ ਭਾਵੇਂ ਦੇਸ਼ ਹੋਵੇ ਜਾਂ ਪਰਦੇਸ, ਅਜਿਹੇ ਸੰਵਾਦ ਸਾਨੂੰ ਆਪਸ ਵਿੱਚ ਜੋੜੀ ਰੱਖਦੇ ਹਨ। ਕਨੇਡਾ ਤੋਂ ਆਏ ਹੀਰਾ ਰੰਧਾਵਾ , ਸਰਬਜੀਤ ਸਿੰਘ ਸੰਧੂ ਅਤੇ ਡਾ: ਹੀਰਾ ਸਿੰਘ ਨੇ ਕਿਹਾ ਕਿ ਮਲਵਿੰਦਰ ਦੀ ਸਮੁੱਚੀ ਸ਼ਾਇਰੀ ਵੇਦਨਾ ਸੰਵੇਦਨਾ ਦੀ ਸ਼ਾਇਰੀ ਹੈ ਜਿਸ ਵਿਚ ਉਹ ਮਨੁਖ ਅੰਦਰਲੀ ਟੁੱਟ ਭੱਜ ਨੂੰ ਬਾਖੂਬੀ ਬਿਆਨ ਕਰਦਾ ਹੈ।



# ਡੀ ਸੀ ਦਫ਼ਤਰਾਂ ਅੱਗੇ ਧਰਨਾ 28 ਨੂੰ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ )**- ਨਾਲ ਲੱਗਦੇ ਪਿੰਡ ਡੱਬਰੀ ਵਿਖੇ ਕੁੱਲ ਹਿੰਦ ਕਿਸਾਨ ਸਭਾ ਨੇ ਆਪਣੀ ਇੱਕ ਮੀਟਿੰਗ ਕਰਕੇ ਸਭਾ ਦੀ ਭਰਤੀ ਕੀਤੀ ਅਤੇ ਯੂਨਿਟ ਦਾ ਗਠਨ ਕੀਤਾ। ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ ਨੇ ਕਿਹਾ ਕੁੱਲ ਹਿੰਦ ਕਿਸਾਨ ਸਭਾ ਦਾ ਗਠਨ ਮਹਾਨ ਦੇਸ਼ ਭਗਤਾਂ ਨੇ 1936 ਵਿੱਚ ਲਖਨਊ ਵਿਖੇ ਰੱਖਿਆ ਸੀ। ਦੇਸ਼ ਦੀ ਆਜ਼ਾਦੀ ਦੀ ਲੜਾਈ ਕਿਸਾਨ ਲਹਿਰ ਨੇ ਵੱਡਾ ਯੋਗਦਾਨ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਪਾਇਆ ਤੇ ਹੁਣ ਅਜ਼ਾਦੀ ਤੋਂ ਬਾਅਦ ਲਗਾਤਾਰ ਕਿਸਾਨਾਂ ਦੇ ਹਿਤਾਂ ਲਈ ਲੜ ਰਹੀ ਹੈ। ਇਸ ਮੌਕੇ ਤੇ ਕਿਸਾਨਾਂ ਦੀ ਭਰਤੀ ਕਰਕੇ ਕਮੇਟੀ ਦਾ ਗਠਨ ਕੀਤਾ ਗਿਆ। ਜਿਸ ਵਿੱਚ ਪ੍ਰਧਾਨ ਬਖਸ਼ੀਸ਼ ਸਿੰਘ ਘੱਮਾ, ਸੈਕਟਰੀ ਦੇਵ ਸਿੰਘ ਮੈਂਬਰ ਜਰਨੈਲ ਸਿੰਘ, ਜੀਤ ਸਿੰਘ,ਗੁਰਦਿਆਲ ਸਿੰਘ ਫੌਜੀ,ਹਰਪਾਲ ਸਿੰਘ ਨੂੰ ਲਿਆ ਗਿਆ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਕਿਸਾਨਾਂ ਦੀਆਂ ਮੰਗਾਂ ਲਈ ਜੋ ਵੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਅੰਦੋਲਨ ਚੱਲ ਰਿਹਾ ਉਸ ਵਿੱਚ ਵੱਡੇ ਪੱਧਰ 'ਤੇ ਹਿੱਸਾ ਪਾਇਆ ਜਾਵੇਗਾ। ਸੁਰਜੀਤ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਤੇ ਸੱਦੇ ਤੇ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਜਬਰ ਜ਼ੁਲਮ ਦੇ ਖਿਲਾਫ਼ 28 ਮਾਰਚ ਨੂੰ ਡਿਪਟੀ ਕਮਿਸ਼ਨਰਾਂ ਦਫਤਰਾਂ ਮੂਹਰੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਮੀਟਿੰਗ ਵਿੱਚ ਪਟਿਆਲਾ ਪੁਲਸ ਵੱਲੋਂ ਕਰਨਲ ਅਤੇ ਪੁੱਤਰ ਦੀ ਕੀਤੀ ਗਈ ਕੁੱਟਮਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਭਗਵੰਤ ਮਾਨ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਕਰਨਲ ਨੂੰ ਕੁੱਟਣ ਵਾਲੇ ਪੁਲਸ ਮੁਲਾਜ਼ਮਾ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।ਜੇਲ੍ਹਾਂ ਵਿੱਚ ਬੰਦ ਕਿਸਾਨਾਂ ਨੂੰ ਫੌਰੀ ਤੌਰ 'ਤੇ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਕਿਸਾਨਾਂ ਦੀਆਂ ਮੰਗਾਂ ਮੰਨੀਆਂ ਜਾਣ।ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਸਰਪੰਚ ਕੁਲਦੀਪ ਕੌਰ, ਮਹਿੰਦਰ ਕੌਰ, ਬਰਜਿੰਦਰ ਸਿੰਘ ਡੋਡ, ਸਰਦਾਰ ਸਿਕੰਦਰ ਸਿੰਘ, ਭੁਪਿੰਦਰ ਸਿੰਘ ਭਿੰਦੂ ਵੀ ਹਾਜ਼ਰ ਸਨ।



# ਸੁਖਚੈਨ ਸਿੰਘ ਫੁੱਲੇ ਚੱਕ ਸਨਮਾਨਤ



**ਅਜਨਾਲਾ (ਸੁਖਜਿੰਦਰ ਸਿੰਘ ਰਾਜੂ)** ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਵਿਖੇ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਨਿਸ਼ਕਾਮ ਜਲ ਸੇਵਾ ਸੁਸਾਇਟੀ ਵੱਲੋਂ ਪੱਤਰਕਾਰ ਸੁਖਚੈਨ ਸਿੰਘ ਨੂੰ ਚੰਗੀਆਂ ਸੇਵਾਵਾਂ ਨੂੰ ਲੈ ਕੇ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਿਸ਼ਕਾਮ ਜਲ ਸੇਵਾ ਸੁਸਾਇਟੀ ਦੇ ਪ੍ਰਧਾਨ ਫਲਵਿੰਦਰ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਦੀ ਚਰਨ ਸ਼ੋ ਪ੍ਰਾਪਤ ਗੁਰਦੁਆਰਾ ਸ੍ਰੀ ਗੁਰੂ ਨਾਨਸਰ ਸਾਹਿਬ ਵੇਰਕਾ ਪਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਥਿਤ ਜਿੱਥੇ ਸਾਲਾਨਾ ਜੋੜ ਮੇਲਾ ਮਨਾਇਆ ਜਾਂਦਾ ਹੈ ਗੁਰਦੁਆਰਾ ਨਿਸ਼ਾਨ ਉਸ ਅਸਥਾਨ ਦੀ ਚੋਣ ਕਰ ਰਿਹਾ ਹੈ ਜਿਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਟਾਲਾ ਦੀ ਯਾਤਰਾ ਕਰਦਿਆਂ ਆਰਾਮ ਕਰਨ ਲਈ ਉੱਥੇ ਰੁਕੇ ਸਨ। ਪ੍ਰਧਾਨ ਫਲਵਿੰਦਰ ਸਿੰਘ ਨੇ ਦੱਸਿਆ ਕਿ ਇੱਥੇ ਸੁੱਕੇ ਹਰੇ ਹੁੰਦੇ ਹਨ, ਜਿਨ੍ਹਾਂ ਦੇ ਬੱਚਿਆਂ ਨੂੰ ਸੋਕੜਾ ਹੋਇਆ ਹੁੰਦਾ ਹੈ ਉਹ ਵੀ ਇੱਥੇ ਆ ਕੇ ਠੀਕ ਹੋ ਜਾਂਦੇ ਹਨ। ਉਸ ਮੇਲੇ 'ਤੇ ਅਸੀਂ ਸੰਗਤਾਂ ਦੇ ਸਹਿਯੋਗ ਨਾਲ ਅਸੀਂ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਕੁਲਫੀਆਂ ਦਾ ਲੰਗਰ ਲਗਾਉਂਦੇ ਹਾਂ। ਇਸ ਮੌਕੇ ਪ੍ਰਧਾਨ ਫਲਵਿੰਦਰ ਸਿੰਘ ਨੇ ਦੱਸਿਆ ਕਿ ਅਸੀਂ ਜੰਡਿਆਲਾ ਗੁਰੂ ਦੇ ਇੱਕ ਲੋੜਵੰਦ ਪਰਵਾਰ ਦੀ ਬੱਚੀ ਦਾ 29 ਮਾਰਚ ਨੂੰ ਅਨੰਦ ਕਾਰਜ ਕਰ ਰਹੇ ਹਾਂ। ਇਸ ਮੌਕੇ ਪ੍ਰਧਾਨ ਫਲਵਿੰਦਰ ਸਿੰਘ, ਸਤਿੰਦਰਪਾਲ ਸਿੰਘ ਸਤਨਾਮ ਸਿੰਘ, ਹੈਪੀ, ਮਨੀ ਵੀਰ, ਨਰਿੰਦਰ ਸਿੰਘ, ਗੁਰਭੇਜ ਸਿੰਘ, ਸੰਦੀਪ ਸਿੰਘ, ਆਦ ਹਾਜ਼ਰ ਸਨ।

# ਬੱਚਿਆਂ ਨੇ ਵਿਗਿਆਨ, ਕਲਾ ਤੇ ਕਰਾਫਟ ਪ੍ਰਦਰਸ਼ਨੀ ਲਗਾਈ



**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ )** ਪਾਵਨ ਚਿੰਤਨ ਧਾਰਾ ਆਸ਼ਰਮ ਅਤੇ ਸ਼੍ਰੀਗੁਰੂ ਪਵਨ ਸਿਨਹਾ ਦੇ ਆਸ਼ੀਰਵਾਦ ਨਾਲ ਚਲਾਏ ਜਾ ਰਹੇ ਪਰਿਕਲਪ ਰਿਸ਼ੀਕੁਲਸ਼ਲਾ ਕੇਂਦਰ ਨੰ: 24 ਰਈਆ ਮੰਡੀ ਵਿਖੇ ਇਸ ਸੈਂਟਰ ਦੇ ਮਾਸਟਰ ਟਰੇਨਰ ਅੰਤਿਮਾ ਮਹਿਰਾ ਦੀ ਅਗਵਾਈ ਹੇਠ 63 ਬੱਚੇ ਆਪਣੀਆਂ ਕਲਾਸਾਂ ਵਿਚ ਹਿੱਸਾ ਲੈਂਦੇ ਹਨ।ਉਨ੍ਹਾਂ ਨੇ ਕਈ ਪ੍ਰੋਜੈਕਟ ਬਣਾਏ ਅਤੇ ਮਹਿਮਾਨਾਂ ਨੂੰ ਉਨ੍ਹਾਂ ਬਾਰੇ ਜਾਣਕਾਰੀ ਵੀ ਦਿੱਤੀ।ਰਿਸ਼ੀਕੁਲਸ਼ਾਲਾ ਵਿੱਚ 14 ਸਾਲ ਤੱਕ ਦੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਨਸ਼ਿਆਂ ਵਿਰੁੱਧ ਲੜਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਉਦਘਾਟਨ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਕੀਤਾ ਸੀ, ਦੇ ਦੇਸ਼ ਭਰ ਵਿੱਚ 26 ਕੇਂਦਰ ਕੰਮ ਕਰ ਰਹੇ ਹਨ। ਸਰਕਾਰੀ ਐਲੀਮੈਂਟਰੀ ਸਕੂਲ ਰਈਆ ਖੁਰਦ ਵਿਖੇ ਲਗਾਈ ਗਈ ਇਸ ਪ੍ਰਦਰਸ਼ਨੀ ਵਿੱਚ ਨਵਤੇਜ ਕੌਰ ਭੰਗੂ ਪ੍ਰਿੰਸੀਪਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਸੰਜੀਵ ਭੰਡਾਰੀ ਪ੍ਰਧਾਨ ਮੰਦਰ ਰਾਮਵਾੜਾ ਪ੍ਰਬੰਧਕ ਕਮੇਟੀ, ਮਾਸਟਰ ਰਾਕੇਸ਼ ਕੁਮਾਰ, ਪ੍ਰਦੀਪ ਰਾਮਪਾਲ, ਰਾਜੇਸ਼ ਕੁਮਾਰ, ਰਚਨਾ ਹੈੱਡਮਿਸਟ੍ਰੈਸ, ਡਾ: ਰਜਿੰਦਰ ਰਿਖੀ, ਸੁਮਿਤ ਕਾਲੀਆ, ਸ਼ਿਵਰਾਜ ਸਿੰਘ, ਸੁਰਜਨ ਸਿੰਘ ਸੋਨੂੰ ਭਲਾਈਪੁਰ , ਸੁਰਿੰਦਰ ਕੁਮਾਰ ਆੜ੍ਹਤੀਆ, ਰਾਧਿਕਾ, ਧੈਰਿਆ ਮਹਿਰਾ, ਕਾਰਤਿਕ ਰਿਖੀ ਅਤੇ ਪਤਵੰਤੇ ਹਾਜ਼ਰ ਸਨ।

# ਕਾਂਗਰਸੀ ਆਗੂਆਂ ਤੇ ਸਰਪੰਚਾਂ ਨੇ ਕਿਸਾਨਾਂ ਨਾਲ ਧੱਕੇਸ਼ਾਹੀ ਦੀ ਕੀਤੀ ਨਿੰਦਾ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਰਕਾਰ ਨੇ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ 'ਤੇ ਆਪਣੇ ਹੱਕਾਂ ਲਈ ਧਰਨੇ 'ਤੇ ਬੈਠੇ ਕਿਸਾਨਾਂ 'ਤੇ ਧੱਕੇਸ਼ਾਹੀ ਕਰਕੇ ਉਨ੍ਹਾਂ ਨੂੰ ਨਿਖੇੜ ਦਿੱਤਾ ਹੈ ਜਿਸ ਦੀ ਹਰ ਪਾਸੇ ਤੋਂ ਨਿੰਦਾ ਕੀਤੀ ਜਾ ਰਹੀ ਹੈ ਅਤੇ ਪੰਜਾਬ ਸਰਕਾਰ ਦੇ ਇਸ ਜਬਰ ਖਿਲਾਫ਼ ਕਾਂਗਰਸੀ ਆਗੂ ਵੀ ਕਿਸਾਨਾਂ ਦੀ ਹਮਾਇਤ ਵਿਚ ਉਤਰ ਆਏ ਹਨ। ਇਹ ਪ੍ਰਗਟਾਵਾ ਸਰਪੰਚ ਹਰਜਿੰਦਰ ਸਿੰਘ ਜਿੰਦੀ ਨੌਸ਼ਹਿਰਾ ਅਤੇ ਕਾਂਗਰਸੀ ਨੌਜਵਾਨ ਆਗੂ ਜਸਵਿੰਦਰ ਸਿੰਘ ਲਾਡੀ ਤੇ ਉਨ੍ਹਾਂ ਦੇ ਸਾਥੀਆਂ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨ ਪਿਛਲੇ 13 ਮਹੀਨਿਆਂ ਤੋਂ ਆਪਣੀਆਂ ਹੱਕੀ ਮੰਗਾਂ ਮਨਾਉਣ ਲਈ ਬਾਰਡਰਾਂ 'ਤੇ ਡਟੇ ਪਏ ਸਨ, ਪਰ ਅਚਾਨਕ ਕੇਂਦਰ ਅਤੇ ਪੰਜਾਬ ਸਰਕਾਰ ਨੇ ਉਨ੍ਹਾਂ ਨਾਲ ਵਧੀਕੀ ਕਰਕੇ ਉਨ੍ਹਾਂ ਨੂੰ ਨਿਖੇੜ ਦਿੱਤਾ ਹੈ ਜਿਸ ਨਾਲ ਜਿੱਥੇ ਕਿਸਾਨਾਂ ਦੇ ਹੱਕ ਵਿਚ ਵੱਖ ਵੱਖ ਪਾਰਟੀਆਂ ਮੈਦਾਨ ਵਿਚ ਉਤਰੀਆਂ ਹਨ ਉਥੇ ਹੀ ਕਾਂਗਰਸੀ ਆਗੂਆਂ ਨੇ ਵੀ ਦਿਹਾਤੀ ਖੇਤਰ ਅੰਦਰ ਕਿਸਾਨਾਂ ਵਿਰੁੱਧ ਆਵਾਜ਼ ਬੁਲੰਦ ਕਰ ਦਿੱਤੀ ਹੈ। ਉਨ੍ਹਾਂ ਜਦੋਂ ਤੱਕ ਪੰਜਾਬ ਅਤੇ ਕੇਂਦਰ ਸਰਕਾਰ ਕਿਸਾਨਾਂ ਦੀਆ ਮੰਨੀਆਂ ਮੰਗਾਂ ਲਾਗੂ ਨਹੀਂ ਕਰਦੀ ਉਦੋਂ ਤੱਕ ਕਿਸਾਨੀ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਜਲਦ ਤੋਂ ਜਲਦ ਲਾਗੂ ਕੀਤਾ ਜਾਵੇ ਤਾਂ ਜੋ ਪੰਜਾਬ ਅੰਦਰ ਅਮਨ ਸ਼ਾਂਤੀ ਬਣੀ ਰਹੇ।



# ਸੀ ਪੀ ਐੱਮ ਨੂੰ ਇਕ ਲੱਖ 5 ਹਜ਼ਾਰ ਰੁਪਏ ਦੀ ਸਹਾਇਤਾ

**ਜਲੰਧਰ ( ਇਕਬਾਲ ਸਿੰਘ ਉਭੀ)**- ਬੀਤੇ ਦਿਨ ਸੀ ਪੀ ਆਈ ( ਐਮ ) ਜ਼ਿਲ੍ਹਾ ਜਲੰਧਰ-ਕਪੂਰਥਲਾ ਪਾਰਟੀ ਦੇ ਸਥਾਨਕ ਦਫਤਰ ਵਿਖੇ ਹੋਈ ਜਨਰਲ ਬਾਡੀ ਮੀਟਿੰਗ ਦੌਰਾਨ ਕਾਮਰੇਡ ਲਹਿੰਬਰ ਸਿੰਘ ਤੱਗੜ ਦੇ ਪੁਰਾਣੇ ਸਮੇਂ ਦੇ ਸਾਥੀਆਂ ਵੱਲੋਂ 1 ਲੱਖ 5 ਹਜ਼ਾਰ ਰੁਪਏ ਦੀ ਸਹਾਇਤਾ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਨੂੰ ਭੇਂਟ ਕੀਤੀ ਗਈ।ਕਾਮਰੇਡ ਸੁਰਿੰਦਰ ਸਿੰਘ ਢੇਸੀ ਨੇ ਦੱਸਿਆ ਕਿ ਅਸੀਂ ਕੁਝ ਸਾਥੀਆਂ ਨੇ ਇਹ ਧਨ ਰਾਸ਼ੀ ਕਾਮਰੇਡ ਤੱਗੜ ਵੱਲੋਂ ਲਿਖੀ ਪੁਸਤਕ ਦੀ ਛਪਾਈ ਵਾਸਤੇ ਇਕੱਤਰ ਕੀਤੀ ਸੀ ਪਰ ਕਿਸੇ ਕਾਰਨ ਇਸ ਨੂੰ ਸਮੇਂ ਸਿਰ ਪਹੁੰਚਾਉਣ ਵਿੱਚ ਲੇਟ ਹੋ ਗਏ ਅਤੇ ਤਦ ਤੱਕ ਇਹ ਪੁਸਤਕ ਛਪ ਕੇ ਤਿਆਰ ਹੋ ਗਈ ਅਤੇ ਪਾਰਟੀ ਦੀ 24ਵੀਂ ਸੂਬਾ ਕਾਨਫਰੰਸ ਦੌਰਾਨ ਰਿਲੀਜ਼ ਵੀ ਹੋ ਗਈ । ਇਸ ਲਈ ਹੁਣ ਅਸੀਂ ਕਾਮਰੇਡ ਤੱਗੜ ਦੀ ਸਲਾਹ ਅਨੁਸਾਰ ਇਹ ਪੈਸੇ ਸੂਬਾ ਕਮੇਟੀ ਨੂੰ ਸਹਾਇਤਾ ਦੇ ਤੌਰ 'ਤੇ ਭੇਂਟ ਕਰ ਦਿੱਤੇ ਹਨ ।ਕਾਮਰੇਡ ਲਹਿੰਬਰ ਸਿੰਘ ਤੱਗੜ ਅਤੇ ਭੈਣਜੀ ਬੀਬੀ ਗੁਰਪਰਮਜੀਤ ਕੌਰ ਤੱਗੜ ਵੱਲੋਂ ਐਲਾਨ ਕੀਤਾ ਗਿਆ ਕਿ ਉਹਨਾਂ ਵੱਲੋਂ ਜ਼ਿੰਦਗੀ ਭਰ ਲਈ ਘੱਟੋ ਘੱਟ ਇੱਕ ਲੱਖ ਰੁਪਏ ਹਰ ਸਾਲ ਪਾਰਟੀ ਨੂੰ ਸਹਾਇਤਾ ਵਜੋਂ ਭੇਂਟ ਕੀਤੇ ਜਾਇਆ ਕਰਨਗੇ । ਇਸ ਮੌਕੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਵੱਲੋਂ ਉਪਰੋਕਤ ਵਿੱਤੀ ਸਹਾਇਤਾ ਅਤੇ ਤੱਗੜ ਪਰਿਵਾਰ ਦੇ ਐਲਾਨ ਦੀ ਸ਼ਲਾਘਾ ਅਤੇ ਧੰਨਵਾਦ ਕੀਤਾ ਗਿਆ । ਕਾਮਰੇਡ ਸੇਖੋਂ ਨੇ ਕਾਮਰੇਡ ਤੱਗੜ ਵੱਲੋਂ ਲਿਖੀ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ ਇਹ ਕਿਤਾਬ ਕਾਮਰੇਡ ਤੱਗੜ ਵੱਲੋਂ ਪਾਰਟੀ ਦੇ ਫੈਸਲੇ ਅਨੁਸਾਰ ਪੂਰੇ ਸਾਢੇ ਤਿੰਨ ਸਾਲ ਦੀ ਮਿਹਨਤ ਕਰਕੇ ਲਿਖੀ ਗਈ ਹੈ।ਇਸ ਪੁਸਤਕ ਦੀ ਪੰਜਾਬ ਦੇ ਰਾਜਸੀ ਖੇਤਰ ਵਿੱਚ ਵੱਡੀ ਚਰਚਾ ਹੋ ਰਹੀ ਹੈ।ਰਾਜਨੀਤੀ ਸ਼ਾਸਤਰ ਅਤੇ ਇਤਿਹਾਸ ਦੇ ਵਿਦਿਆਰਥੀਆਂ ਲਈ ਇਹ ਪੁਸਤਕ ਜਾਣਕਾਰੀ ਅਤੇ ਖੋਜ ਲਈ ਇੱਕ ਅਹਿਮ ਅਤੇ ਇਤਿਹਾਸਿਕ ਦਸਤਾਵੇਜ਼ ਹੈ ।



# ਜ਼ਿਲ੍ਹੇ ਦੇ ਸਮੂਹ ਮਿਡਲ ਸਕੂਲ ਇੰਚਾਰਜਾਂ ਦੀ ਮਿਸ਼ਨ ਸਮਰੱਥ 3.0 ਟ੍ਰੇਨਿੰਗ ਕਰਵਾਈ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਐਸ ਸੀ ਈ ਆਰ ਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਸਿੱਖਿਆ ਪੱਧਰ ਵਿੱਚ ਸੁਧਾਰ ਲਿਆਉਣ ਲਈ ਜ਼ਿਲ੍ਹੇ ਦੇ ਮਿਡਲ ਸਕੂਲ ਦੇ ਸਕੂਲ ਇੰਚਾਰਜਾਂ ਦੀ ਇੱਕ ਰੋਜ਼ਾ ਜ਼ਿਲ੍ਹਾ ਪੱਧਰੀ ਟ੍ਰੇਨਿੰਗ ਸੁਖਜਿੰਦਰ ਗਰੁੱਪ ਆਫ ਇੰਸਟੀਚਿਊਟ ਐਂਡ ਟੈਕਨੋਲੋਜੀ ਹਯਾਤਨਗਰ ਗੁਰਦਾਸਪੁਰ ਵਿਖੇ ਕਰਵਾਈ ਗਈ । ਇਸ ਸੰਬੰਧੀ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਅਮਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਇਸ ਟ੍ਰੇਨਿੰਗ ਵਿੱਚ ਜਿਲੇ ਦੇ ਕਰੀਬ 222 ਮਿਡਲ ਸਕੂਲ ਇੰਚਾਰਜਾਂ ਨੇ ਭਾਗ ਲਿਆ ।ਟ੍ਰੇਨਿੰਗ ਦੌਰਾਨ ਸਕੂਲ ਮੁਖੀਆਂ ਨੂੰ ਮਿਸ਼ਨ ਸਮਰੱਥ 3.0 ਅਧੀਨ ਕਵਰ ਕੀਤੇ ਜਾਣ ਵਾਲੇ ਤਿੰਨ ਵੱਖ ਵੱਖ ਵਿਸ਼ੇ ਪੰਜਾਬੀ, ਅੰਗਰੇਜ਼ੀ ਅਤੇ ਗਣਿਤ ਦੀ ਟੈਸਟਿੰਗ ਬਾਰੇ ਜਾਣਕਾਰੀ ਦਿੱਤੀ ਗਈ ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿੱ) ਰਜੇਸ਼ ਕੁਮਾਰ ਸ਼ਰਮਾ ਸਟੇਟ ਐਵਾਰਡੀ ਨੇ ਸਕੂਲ ਇੰਚਾਰਜਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਨਵੇਂ ਸਾਲ ਤੋਂ ਸ਼ੁਰੂ ਹੋਣ ਜਾ ਰਹੇ ਇਸ ਪ੍ਰੋਜੈਕਟ ਦੀ ਸਕੂਲ ਪੱਧਰ 'ਤੇ ਵਧੀਆ ਤਰੀਕੇ ਨਾਲ ਸ਼ੁਰੂਆਤ ਕੀਤੀ ਜਾਵੇ ।ਉਨ੍ਹਾਂ ਦੱਸਿਆ ਕਿ ਨਵੇਂ ਸੈਸ਼ਨ ਤੋਂ ਮਿਸ਼ਨ ਸਮਰੱਥ ਅਧੀਨ ਪੰਜਾਬੀ ਵਿਸ਼ੇ ਵਾਸਤੇ 80 ਮਿੰਟ, ਅੰਗਰੇਜ਼ੀ ਅਤੇ ਗਣਿਤ ਵਾਸਤੇ 40-40 ਮਿੰਟ ਦਾ ਸਮਾਂ ਰੱਖਿਆ ਗਿਆ ਹੈ ।ਇਸ ਦੌਰਾਨ ਉਨ੍ਹਾਂ ਹਰੇਕ ਸਕੂਲ ਵਿੱਚ ਐਨਰੋਲਮੈਂਟ ਦੇ ਵਾਧੇ ਵਾਸਤੇ ਸਕੂਲ ਇੰਚਾਰਜਾਂ ਨੂੰ ਸਕੂਲ ਪੱਧਰ 'ਤੇ ਐਨਰੋਲਮੈਂਟ ਡਰਾਈਵ ਦੀ ਸ਼ੁਰੂਆਤ ਕਰਨ 'ਤੇ ਵੀ ਜ਼ੋਰ ਦਿੱਤਾ ।ਉਨ੍ਹਾਂ ਅਪੀਲ ਕੀਤੀ ਕਿ ਵਿਭਾਗੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ । ਪੁਰੇਵਾਲ ਨੇ ਦੱਸਿਆ ਕਿ ਮਿਸ਼ਨ ਸਮਰੱਥ ਦੀ ਕਾਮਯਾਬੀ ਵਾਸਤੇ ਪੂਰੇ ਪੰਜਾਬ ਪੱਧਰ 'ਤੇ ਮੁਹਿੰਮ ਵਿੱਢੀ ਗਈ ਹੈ ਤਾਂ ਜੋ ਹਰੇਕ ਵਿਦਿਆਰਥੀ ਪੜ੍ਹਨ, ਲਿਖਣ ਅਤੇ ਸਮਝਣ ਦੇ ਯੋਗ ਹੋ ਸਕੇ । ਉਨ੍ਹਾਂ ਸਮੂਹ ਸਕੂਲ ਇੰਚਾਰਜਾਂ ਨੂੰ ਬਿਲਕੁਲ ਪਾਰਦਰਸ਼ੀ ਢੰਗ ਨਾਲ ਟੈਸਟਿੰਗ ਕਰਨ ਲਈ ਕਿਹਾ ।ਟ੍ਰੇਨਿੰਗ ਦੌਰਾਨ ਜ਼ਿਲ੍ਹਾ ਰਿਸੋਰਸ ਪਰਸਨਜ਼ ਮੈਡਮ ਰਜਨੀ ਸੋਡੀ, ਰਾਜਨਦੀਪ ਸਿੰਘ, ਅਸ਼ਵਨੀ ਕੁਮਾਰ ਨੇ ਅੰਗਰੇਜ਼ੀ ਵਿਸ਼ੇ, ਪਲਵਿੰਦਰ ਸਿੰਘ, ਪਰਮਜੀਤ ਸਿੰਘ ਅਤੇ ਰਜਿੰਦਰ ਸਿੰਘ ਨੇ ਪੰਜਾਬੀ ਵਿਸ਼ੇ, ਪੰਕਜ ਵਰਮਾ, ਬੋਧ ਰਾਜ ਅਤੇ ਅਰੁਨ ਕੁਮਾਰ ਨੇ ਗਣਿਤ ਵਿਸ਼ੇ ਬਾਰੇ ਵੱਖ ਵੱਖ ਐਕਟੀਵਿਟੀਜ਼ ਰਾਹੀਂ ਸਮੂਹ ਨੂੰ ਚੇਤਨ ਕਰਦਿਆਂ ਕਿਹਾ ਕਿ ਲੈਵਲ ਵਾਈਜ਼ ਵੰਡ ਨਾਲ ਬੱਚਿਆਂ ਨੂੰ ਉਨਾਂ ਦੇ ਪੱਧਰ ਤੇ ਜਾ ਕੇ ਆਸਾਨੀ ਨਾਲ ਸਿਖਾਇਆ ਜਾ ਸਕਦਾ ਹੈ ।ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਜਸਪ੍ਰੀਤ ਸਿੰਘ, ਇਕਬਾਲ ਸਿੰਘ, ਸੁਮੀਤ ਕੁਮਾਰ, ਸੁਰੇਸ਼ ਕੁਮਾਰ, ਰਾਜੀਵ ਮਹਾਜਨ ਤੋਂ ਇਲਾਵਾ ਸਮੂਹ ਮਿਡਲ ਸਕੂਲਾਂ ਦੇ ਇੰਚਾਰਜ ਹਾਜ਼ਰ ਸਨ ।



# ਖੇਤੀਬਾੜੀ ਵਿਭਾਗ ਵੱਲੋਂ ਧਾਰੀਵਾਲ ਬਲਾਕ ਦੇ ਪਿੰਡਾਂ 'ਚ ਕਿਸਾਨ ਜਾਗਰੂਕਤਾ ਕੈਂਪ ਤੇ ਨੁੱਕੜ ਮੀਟਿੰਗਾਂ




**ਧਾਰੀਵਾਲ, ਬਟਾਲਾ (ਮਨਦੀਪ ਸਿੰਘ ਵਿੱਕੀ, ਡਾ. ਮਲਵਿੰਦਰ ਸਿੰਘ)**- ਖੇਤੀਬਾੜੀ ਵਿਭਾਗ ਵੱਲੋਂ ਬਲਾਕ ਧਾਰੀਵਾਲ ਦੇ ਵੱਖ-ਵੱਖ ਪਿੰਡਾਂ ਵਿੱਚ ਕਿਸਾਨਾਂ ਨੂੰ ਸੋਇਲ ਹੈਲਥ ਐਂਡ ਫਰਟੀਲਿਟੀ ਸਕੀਮ ਅਧੀਨ ਮਿੱਟੀ ਪਰਖ ਕਰਵਾਉਣ, ਖੇਤਾਂ ਵਿੱਚੋਂ ਮਿੱਟੀ ਦੇ ਨਮੂਨੇ ਲੈਣ ਅਤੇ ਮਿੱਟੀ ਪਰਖ ਦੇ ਅਧਾਰ ਤੇ ਖਾਦਾਂ ਦੀ ਸੰਤੁਲਿਤ ਵਰਤੋਂ ਕਰਨ ਸਬੰਧੀ ਕਿਸਾਨ ਜਾਗਰੂਕਤਾ ਕੈਂਪ ਲਗਾਏ ਗਏ ਅਤੇ ਨੁੱਕੜ ਮੀਟਿੰਗਾਂ ਕੀਤੀਆਂ। ਬਲਾਕ ਖੇਤਬਾੜੀ ਅਫਸਰ ਡਾ: ਰਸਪਾਲ ਸਿੰਘ ਨੇ ਦੱਸਿਆ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਅਮਰੀਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਦੇ ਪਿੰਡ ਵਿੱਚ ਕੈਂਪ ਲਗਾ ਕੇ ਕਿਸਾਨਾਂ ਨੂੰ ਸਕੀਮ ਅਧੀਨ ਮਿੱਟੀ ਪਰਖ ਦੀ ਮਹੱਤਤਾ, ਮਿੱਟੀ ਦਾ ਸੈਂਪਲ ਲੈਣ ਦੀ ਵਿਧੀ, ਮਿੱਟੀ ਪਰਖ ਰਿਪੋਰਟ ਦੀ ਵਰਤੋਂ, ਕਣਕ ਅਤੇ ਝੋਨੇ ਦੀ ਫਸਲ ਵਿੱਚ ਪੀਏਯੂ ਪੱਤਾ ਰੰਗ ਚਾਰਟ ਦੀ ਵਰਤੋਂ ਸੰਬੰਧੀ ਅਤੇ ਬਾਕੀ ਫਸਲਾਂ ਵਿੱਚ ਖਾਦਾਂ ਦੀ ਸੰਤੁਲਿਤ ਵਰਤੋਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਡਾ. ਰਸਪਾਲ ਸਿੰਘ ਨੇ ਕਿਸਾਨਾਂ ਨੂੰ ਕਿਹਾ ਕਣਕ ਦੀ ਵਾਢੀ ਉਪਰੰਤ ਆਪਣੇ ਖੇਤਾਂ ਦੀ ਮਿੱਟੀ ਦੀ ਪਰਖ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪਾਸੋਂ ਜ਼ਰੂਰ ਕਰਵਾਉਣ, ਮਿੱਟੀ ਪਰਖ ਰਾਹੀਂ ਖਾਦਾਂ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਦਰਮਿਆਨੀਆਂ ਜਮੀਨਾਂ ਦੇ ਅਨਕੂਲ ਖਾਦਾਂ ਦੀ ਸਿਫਾਰਿਸ ਕੀਤੀ ਜਾਂਦੀ ਹੈ, ਜੋ ਮਿੱਟੀ ਪਰਖ ਆਧਾਰ 'ਤੇ ਹੀ ਕੀਤੀ ਜਾ ਸਕਦੀ ਹੈ। ਇਸ ਮੌਕੇ ਅਰਜਿੰਦਰ ਸਿੰਘ, ਯਾਦਵਿੰਦਰ ਸਿੰਘ, ਗੁਰਮੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ, ਆਕਾਸ਼ਦੀਪ ਸਿੰਘ, ਵਿਕਰਮ ਦਿਆਲ ਸਿੰਘ, ਕਮਲਪ੍ਰੀਤ ਸਿੰਘ, ਪਵਨਪ੍ਰੀਤ ਕੌਰ ਖੇਤੀਬਾੜੀ ਉਪ ਨਿਰੀਖਕ, ਦਿਲਬਾਗ ਸਿੰਘ ਬੀਟੀਐਮ, ਸਤਨਾਮ ਸਿੰਘ ਏਟੀਐਮ ਤੋਂ ਇਲਾਵਾ ਪਿੰਡ ਕੰਗ ਦੇ ਸਰਪੰਚ ਹਰਪਾਲ ਸਿੰਘ ਅਤੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

# ਸ਼ਹੀਦੀ ਦਿਹਾੜੇ ਮੌਕੇ ਵਿਸ਼ੇਸ਼ ਲੋੜਵੰਦਾਂ ਨੂੰ ਚੇਅਰਜ਼ ਵੰਡੀਆਂ

**ਧਾਰੀਵਾਲ (ਮਨਦੀਪ ਸਿੰਘ ਵਕੀ)**- ਰਾਹਤ ਫਾਊਂਡੇਸ਼ਨ ਦੇ ਸਰਪ੍ਰਸਤ ਜਗਦੇਵ ਸਿੰਘ ਬਾਜਵਾ ਯੂ ਐਸ ਏ ਦੀ, ਯੋਗ ਰਹਿਨੁਮਾਈ ਹੇਠ ਸੰਸਥਾ ਦੇ ਪ੍ਰਧਾਨ ਪ੍ਰਿੰਸੀਪਲ ਸ੍ਰੀ ਰਾਮ ਲਾਲ ਦੀ ਯੋਗ ਅਗਵਾਈ ਹੇਠ, ਭਗਤ ਸਿੰਘ, ਸੁਖਦੇਵ ਸਿੰਘ, ਰਾਜਗੁਰੂ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦੇ ਹੋਏ, ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਸ਼੍ਰੀਮਤੀ ਰਾਜ ਰਾਣੀ, ਪਤਨੀ ਸਤਪਾਲ ਮਹੱਲਾ ਪ੍ਰਤਾਪ ਨਗਰ ਨੇੜੇ ਘੁੰਮਣ ਬਰਫ ਫੈਕਟਰੀ ਅਤੇ ਨਿਊ ਭਾਰਤ ਕਲੋਨੀ ,ਤੇਲੀਆ ਮੁਹੱਲਾ ਬਟਾਲੇ ਵਿਖੇ ਮਨਜੀਤ ਸਿੰਘ ਜੀ ਨੂੰ ਵੀਲ ਚੇਅਰਜ਼ ਵੰਡੀਆਂ ਗਈਆਂ।ਇਸ ਸਮੇਂ ਸੰਸਥਾ ਦੇ ਸੁਹਿਰਦ ਸਾਥੀ ਵਿਜੇ ਕੁਮਾਰ, ਰਾਜਕੁਮਾਰ, ਦਿਨੇਸ਼ ਅਬਰੋਲ, ਕਲਬੂਸ਼ਨ ਸਲੋਤਰਾ, ਕੈਸ਼ੀਅਰ ਵਿਪਨ, ਰਾਹੁਲ ਸਲੋਤਰਾ, ਮਨਮੋਹਨ ਉਬਰਾਏ, ਜੋਗਿੰਦਰ ਸਿੰਘ ਐਸਐਲਏ, ਡਾਕਟਰ ਮਾਡਰਨ ਆਪਟੀਕਲ ਵਾਲੇ, ਬ੍ਰਿਜ ਮੋਹਨ ਗੁਰੂ, ਪ੍ਰਤਾਪ ਅਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ।ਸੰਸਥਾ ਦੇ ਪ੍ਰਧਾਨ ਸ੍ਰੀ ਰਾਮ ਲਾਲ ਜੀ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਸੰਸਥਾ ਵੱਲੋਂ ਹੋਰ ਵੀ ਲੋਕ ਭਲਾਈ ਦੇ ਕੰਮ ਕੀਤੇ ਜਾਣਗੇ ਅਤੇ ਜ਼ਰੂਰਤਮੰਦਾ ਲਈ ਅੱਖਾਂ ਦੇ ਕੈਂਪ ਲਗਾਏ ਜਾਣਗੇ।



ਨਵਾਂ ਜ਼ਮਾਨਾ

ਮੰਗਲਵਾਰ, 25 ਮਾਰਚ 2025

# ਨੋਟਾਂ ਦੀ ਗੇਮ

*2024 ਦੀਆਂ ਲੋਕ ਸਭਾ ਚੋਣਾਂ ਤੇ ਉਸ ਦੇ ਨਾਲ ਹੋਈਆਂ ਚਾਰ ਅਸੰਬਲੀਆਂ ਦੀਆਂ ਚੋਣਾਂ ਵਿੱਚ 22 ਪ੍ਰਮੁੱਖ ਪਾਰਟੀਆਂ ਨੇ ਜਿੰਨਾ ਖਰਚਾ ਕੀਤਾ, ਉਸ 'ਚ ਇਕੱਲੀ ਭਾਜਪਾ ਦਾ ਹਿੱਸਾ 45 ਫੀਸਦੀ ਤੋਂ ਵੱਧ ਸੀ। ਕਾਮਨਵੈੱਲਥ ਹਿਊਮਨ ਰਾਈਟਸ ਇਨੀਸ਼ੀਏਟਿਵ (ਸੀ ਐੱਚ ਆਰ ਆਈ) ਦੇ ਡਾਇਰੈਕਟਰ ਤੇ ਆਰ ਟੀ ਆਈ ਕਾਰਕੁਨ ਵੈਂਕਟੇਸ਼ ਨਾਇਕ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਮੁਤਾਬਕ ਚੋਣਾਂ ਤੋਂ ਬਾਅਦ ਦਿਖਾਈ ਗਈ ਬੈਲੈਂਸ ਸ਼ੀਟ ਵਿੱਚ ਭਾਜਪਾ ਤੇ ਸੀ ਪੀ ਆਈ (ਐੱਮ) ਸਣੇ ਛੇ ਪਾਰਟੀਆਂ ਦੇ ਖਾਤਿਆਂ ਵਿੱਚ ਪੈਸੇ ਵਧ ਗਏ ਸਨ। ਰਿਪੋਰਟ ਮੁਤਾਬਕ ਇਸ ਤੋਂ ਪਤਾ ਲੱਗਦਾ ਹੈ ਕਿ ਛੇ ਪਾਰਟੀਆਂ ਨੇ ਇਕੱਤਰ ਕੀਤੇ ਚੰਦੇ ਨਾਲੋਂ ਚੋਣਾਂ ਵਿੱਚ ਘੱਟ ਪੈਸੇ ਖਰਚ ਕੀਤੇ, ਪਰ ਚੋਣਾਂ ਦੌਰਾਨ ਕਾਫੀ ਮਾਤਰਾ ਵਿੱਚ ਫੜੇ ਜਾਂਦੇ ਪਦਾਰਥਾਂ ਤੇ ਲੁਕਵੇਂ ਖਰਚਿਆਂ ਨੂੰ ਸ਼ਾਮਲ ਕਰੀਏ ਤਾਂ ਪਤਾ ਲਾਉਣਾ ਔਖਾ ਹੈ ਕਿ ਪਾਰਟੀਆਂ ਨੇ ਕਿੰਨੇ ਪੈਸੇ ਖਰਚ ਕੀਤੇ।*

*ਸਿਆਸੀ ਪਾਰਟੀਆਂ ਵੱਲੋਂ ਲੋਕ ਸਭਾ ਚੋਣਾਂ ਅਤੇ ਸਿੱਕਮ, ਅਰੁਣਾਚਲ ਪ੍ਰਦੇਸ਼, ਓਡੀਸ਼ਾ ਤੇ ਆਂਧਰਾ ਪ੍ਰਦੇਸ਼ ਅਸੰਬਲੀ ਦੀਆਂ ਚੋਣਾਂ ਤੋਂ ਬਾਅਦ ਭਾਰਤੀ ਚੋਣ ਕਮਿਸ਼ਨ ਨੂੰ ਦਿੱਤੀਆਂ ਖਰਚਾ-ਰਿਪੋਰਟਾਂ ਦੇ ਵਿਸ਼ਲੇਸ਼ਣ ਵਿੱਚ ਸਾਹਮਣੇ ਆਇਆ ਹੈ ਕਿ 2014 ਦੀਆਂ ਲੋਕ ਸਭਾ ਤੋਂ ਲੈ ਕੇ ਹੁਣ ਤੱਕ ਭਾਜਪਾ ਹੀ ਸਭ ਤੋਂ ਵੱਧ ਖਰਚ ਕਰ ਰਹੀ ਹੈ। ਰਿਪੋਰਟ ਮੁਤਾਬਕ 22 ਪਾਰਟੀਆਂ ਕੋਲ ਚੋਣਾਂ ਵਿੱਚ ਖਰਚਣ ਲਈ 18,742 ਕਰੋੜ 31 ਲੱਖ ਰੁਪਏ ਸਨ। ਇਸ ਵਿੱਚ ਚੋਣਾਂ ਦੇ ਐਲਾਨ ਤੋਂ ਪਹਿਲਾਂ ਉਨ੍ਹਾਂ ਕੋਲ ਪਈ ਰਕਮ ਤੇ ਚੋਣਾਂ ਦੌਰਾਨ ਇਕੱਠਾ ਕੀਤਾ ਚੰਦਾ ਸ਼ਾਮਲ ਹੈ। ਕੁਲ ਮਿਲਾ ਕੇ ਪਾਰਟੀਆਂ ਨੇ 3861 ਕਰੋੜ 57 ਲੱਖ ਰੁਪਏ ਚੋਣ ਮੁਹਿੰਮ ਦੌਰਾਨ ਖਰਚ ਕੀਤੇ। ਚੋਣਾਂ ਦੇ ਐਲਾਨ ਤੋਂ ਚੋਣਾਂ ਮੁਕੰਮਲ ਹੋਣ ਤੱਕ ਪਾਰਟੀਆਂ ਨੇ 7416 ਕਰੋੜ 31 ਲੱਖ ਰੁਪਏ ਇਕੱਠੇ ਕੀਤੇ। ਇਨ੍ਹਾਂ ਵਿੱਚੋਂ 84.5 ਫੀਸਦੀ ਚੰਦਾ ਸਿਰਫ ਭਾਜਪਾ ਨੂੰ ਮਿਲਿਆ। ਭਾਜਪਾ ਨੇ ਚੋਣਾਂ ਵਿੱਚ ਕੁਲ 1737 ਕਰੋੜ 68 ਲੱਖ ਰੁਪਏ ਖਰਚੇ। ਇਸ ਵਿੱਚੋਂ 41 ਕਰੋੜ ਇੱਕ ਲੱਖ ਰੁਪਏ ਚਾਰ ਅਸੰਬਲੀ ਚੋਣਾਂ ਵਿੱਚ ਖਰਚੇ। ਚੋਣਾਂ ਦੀ ਸ਼ੁਰੂਆਤ ਵੇਲੇ ਭਾਜਪਾ ਦੀ ਤਿਜੌਰੀ ਵਿੱਚ 5921 ਕਰੋੜ 81 ਲੱਖ ਰੁਪਏ ਸਨ ਅਤੇ ਚੋਣਾਂ ਮੁਕੰਮਲ ਹੋਣ ਵੇਲੇ ਇਹ ਵਧ ਕੇ 10107 ਕਰੋੜ ਹੋ ਗਏ, ਯਾਨਿ ਕਿ 4185 ਕਰੋੜ ਤੋਂ ਵੱਧ ਦਾ ਇਜ਼ਾਫਾ ਹੋ ਗਿਆ।*

*ਰਿਪੋਰਟ ਵਿੱਚ ਇਹ ਤੱਥ ਵੀ ਨੋਟ ਕੀਤਾ ਗਿਆ ਹੈ ਕਿ ਚੋਣ ਪ੍ਰਚਾਰ ਦੌਰਾਨ 22 ਪਾਰਟੀਆਂ ਨੇ ਜਿੰਨੇ ਪੈਸੇ ਖਰਚੇ, ਉਸ ਨਾਲੋਂ ਢਾਈ ਗੁਣਾ ਵੱਧ ਪਦਾਰਥ (ਸ਼ਰਾਬ, ਨਸ਼ੇ ਤੇ ਪੈਸੇ ਆਦਿ) ਉਡਣ ਦਸਤਿਆਂ ਨੇ ਫੜੇ। ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਹੋਰ ਕਿੰਨਾ ਮਾਲ ਉਡਣ ਦਸਤਿਆਂ ਦੀਆਂ ਨਜ਼ਰਾਂ ਵਿੱਚੋਂ ਲੁਕੋ ਕੇ ਵਰਤਾ ਦਿੱਤਾ ਗਿਆ ਹੋਵੇਗਾ।*

*ਰਿਪੋਰਟ ਦੱਸਦੀ ਹੈ ਕਿ ਜੇ ਇੱਕ ਪਾਰਟੀ ਹੀ ਲਗਭਗ ਅੱਧਾ ਚੰਦਾ ਇਕੱਠਾ ਕਰ ਲੈਂਦੀ ਹੈ ਤੇ ਫਿਰ ਵੱਡੇ ਪੱਧਰ 'ਤੇ ਖਰਚ ਕਰਦੀ ਹੈ ਤਾਂ ਦੂਜੀਆਂ ਪਾਰਟੀਆਂ ਨੇ ਉਸ ਦਾ ਕੀ ਮੁਕਾਬਲਾ ਕਰ ਲੈਣਾ। ਇਹ ਹਕੀਕਤ ਚੋਣਾਂ ਦੀ ਨਿਰਪੱਖਤਾ 'ਤੇ ਸਵਾਲੀਆ ਨਿਸ਼ਾਨ ਖੜ੍ਹਾ ਕਰਦੀ ਹੈ। ਇਸ ਲਈ ਰਾਜਕੀ ਚੋਣ ਫੰਡਿੰਗ ਅਤੇ ਸਿਆਸੀ ਪਾਰਟੀਆਂ ਨੂੰ ਚੰਦੇ ਦੀ ਉਪਰਲੀ ਹੱਦ ਤੈਅ ਕਰਨ ਵਰਗੇ ਬਦਲਾਂ 'ਤੇ ਫੌਰੀ ਵਿਚਾਰ ਕਰਨ ਦੀ ਲੋੜ ਹੈ, ਤਾਂ ਜੋ ਸਭ ਲਈ ਮੈਦਾਨ ਇੱਕੋ ਜਿਹਾ ਹੋਵੇ।*

# ਐਲਨ ਮਸਕ ਦਾ 'ਗਰੌਕ' : ਬੁਰਾ ਫਸਿਆ ਸੰਘ ਪਰਵਾਰ ਤੇ ਗੋਦੀ ਮੀਡੀਆ

**ਪੁਸ਼ਪਿੰਦਰ**

ਬੰਦੇ ਨੇ ਪਤਾ ਨਹੀਂ ਕਿਥੇ ਕੁ ਜਾ ਕੇ ਰੁਕਣਾ ਹੈ। ਲਗਦਾ ਤਾਂ ਇੰਝ ਹੈ, ਜਿਵੇਂ ਰੱਬ ਵੀ ਹੁਣ ਬੰਦੇ ਦੀ ਪਹੁੰਚ ਤੋਂ ਬਹੁਤਾ ਦੂਰ ਨਹੀਂ ਹੈ। ਆਰਟੀਫੀਸ਼ਲ ਇੰਟੈਲੀਜੈਂਸ , ਜਿਸ ਨੂੰ ਪੰਜਾਬੀ ਵਿਚ ਬਣਾਵਟੀ ਜਾਂ ਮਸਨੂਈ ਗਿਆਨ ਕਿਹਾ ਗਿਆ ਹੈ, ਨੇ ਤਾਂ ਜਿਵੇਂ ਲੋਹੇ ਨੂੰ ਸੋਚਣ ਵਾਲੀ ਮਸ਼ੀਨ ਬਣਾ ਦਿੱਤਾ ਹੈ।

ਗੂਗਲ, ਮਾਈਕਰੋਸਾਫਟ ਆਦਿ ਵਰਗੀਆਂ ਅਮਰੀਕੀ ਬਹੁਤ ਵੱਡੀਆਂ ਟੈਕ ਕੰਪਨੀਆਂ ਨੇ ਚੈਟ ਜੀ ਪੀ ਟੀ, ਜੇਮਿਨੀ, ਮੈਟਾ ਵਰਗੇ ਏ ਆਈ ਟੂਲ ਬਾਜ਼ਾਰ ਵਿਚ ਜਾਰੀ ਕੀਤੇ ਸਨ, ਬਹੁਤ ਮਸ਼ਹੂਰ ਹੋ ਗਏ ਸਨ।ਚੀਨ ਦੀ ਇੱਕ ਅਗਿਆਤ ਕੰਪਨੀ ਨੇ ਡੀਪ ਸੀਕ ਨਾਂਅ ਦਾ ਸਾਫਟਵੇਅਰ ਬਾਜ਼ਾਰ ਵਿਚ ਉਤਾਰ ਦਿੱਤਾ, ਜਿਸ ਨੇ ਅਮਰੀਕਾ ਦੀ ਹਾਈਟੈਕ ਦੁਨੀਆ ਵਿਚ ਤਰਥੱਲੀ ਮਚਾ ਦਿੱਤੀ ਸੀ। ਜਿਹੜਾ ਕੰਮ ਅਮਰੀਕਾ ਦੀਆਂ ਕੰਪਨੀਆਂ 500 ਕਰੋੜ ਡਾਲਰ ਵਿਚ ਕਰ ਰਹੀਆਂ ਸਨ , ਉਸ ਨੇ 50-60 ਲੱਖ ਡਾਲਰ ਵਿਚ ਕਰ ਕੇ ਦਿਖਾ ਦਿੱਤਾ। ਨਾਲ ਹੀ ਇਸ ਨੂੰ 'ਓਪਨ ਸੋਰਸ' ਕਰ ਦਿੱਤਾ, ਯਾਨੀ ਦੁਨੀਆ ਭਰ ਵਿਚ ਕੋਈ ਵੀ ਇਸ ਦਾ ਬੁਨਿਆਦੀ ਕੋਡ ਵਰਤ ਕੇ ਆਪਣਾ ਸਾਫਟਵੇਅਰ ਤਿਆਰ ਕਰ ਸਕਦਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਾਸ ਦੋਸਤ ਅਤੇ ਨਵੇਂ ਟੈਕ ਦੇ ਸੰਸਾਰ ਵਿਚ ਬੁਲੰਦੀ 'ਤੇ ਬੈਠੇ ਐਲਨ ਮਸਕ ਦੀ ਕੰਪਨੀ ਨੇ ਨਵਾਂ ਏ ਆਈ ਟੂਲ 'ਗਰੌਕ' ਬਾਜ਼ਾਰ ਵਿਚ ਉਤਾਰਿਆ ਹੈ, ਜਿਸ ਨੇ ਟਰੰਪ ਦੇ ਦੋਸਤ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨੀਂਦ ਹਰਾਮ ਕਰ ਦਿੱਤੀ ਹੈ। ਇਕੱਲਾ ਮੋਦੀ ਹੀ ਨਹੀਂ, ਸਾਰਾ ਸੰਘ ਪਰਵਾਰ ਅਤੇ ਭਾਰਤ ਦਾ ਗੋਦੀ ਮੀਡੀਆ ਵੀ, ਸਾਰੇ ਹੈਰਤ ਵਿਚ ਹਨ।

ਸਮੱਸਿਆ ਇਹ ਹੈ ਕਿ 'ਗਰੌਕ' ਇਤਿਹਾਸਕ ਸਚਾਈ ਨੂੰ ਬਿਆਨ ਕਰ ਰਿਹਾ ਹੈ, ਜਿਸ ਨੂੰ ਛੁਪਾਉਣ ਅਤੇ ਝੂਠ ਸਾਬਤ ਕਰਨ ਲਈ ਗੋਦੀ ਮੀਡੀਆ ਨੇ ਪੂਰਾ ਜ਼ੋਰ ਲਾਇਆ ਹੋਇਆ ਸੀ।

ਜਾਣਕਾਰੀ ਲਈ ਦੱਸ ਦਈਏ ਕਿ ਚੈਟ ਬਾਟ ਏ ਆਈ ਦੇ ਅਜਿਹੇ ਟੂਲ ਹਨ, ਜਿਨ੍ਹਾਂ ਤੋਂ ਤੁਸੀਂ ਸੰਸਾਰ ਵਿਚ ਵਿਚਰਦੇ ਗਿਆਨ ਬਾਰੇ ਕੋਈ ਵੀ ਸਵਾਲ ਪੁੱਛ ਸਕਦੇ ਹੋ, ਜਵਾਬ ਤਕਰੀਬਨ ਤੱਥਾਂ 'ਤੇ ਆਧਾਰਤ ਸਹੀ ਹੀ ਹੋਣਗੇ ਅਤੇ ਜਵਾਬ ਵੀ ਮਿੰਟਾਂ-ਸਕਿੰਟਾਂ ਵਿਚ ਮਿਲ ਜਾਂਦਾ ਹੈ।

ਮੋਹਿਤ ਚੌਹਾਨ ਨਾਂਅ ਦੇ ਸ਼ਖਸ ਨੇ 'ਗਰੌਕ' ਨੂੰ ਪੁਛਿਆ-ਕੀ ਰਾਸ਼ਟਰੀ ਸਵੈਮ ਸੇਵਕ ਸੰਘ ਨੇ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲਿਆ ਸੀ? ਉਸ ਦਾ ਜਵਾਬ ਸੀ - ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਸੰਘ ਦਾ ਬਹੁਤ ਨਿਗੂਣਾ ਜਾਂ ਕੋਈ ਰੋਲ ਨਹੀਂ ਸੀ। ਇਸ ਦੇ ਮੁਖੀ ਹੈਡਗੇਵਾਰ ਨੇ ਕੁਝ ਵਿਰੋਧ ਪ੍ਰਦਰਸ਼ਨਾਂ ਵਿਚ ਹਿੱਸਾ ਲਿਆ ਸੀ, ਪਰ ਇੱਕ ਜਥੇਬੰਦੀ ਲੜਾਈ ਤੋਂ ਬਾਹਰ ਰਹੀ ਸੀ। ਆਜ਼ਾਦੀ ਦੀ ਲੜਾਈ ਦੇ ਮੁਕਾਬਲੇ ਇਹ ਹਿੰਦੂ ਰਾਸ਼ਟਰਵਾਦ ਉਪਰ ਜ਼ਿਆਦਾ ਧਿਆਨ ਦੇ ਰਹੀ ਸੀ।

ਸੰਘ ਅਤੇ ਭਾਜਪਾ ਹਮਾਇਤੀਆਂ ਲਈ ਇਹ ਜਵਾਬ ਹਜ਼ਮ ਕਰਨਾ ਮੁਸ਼ਕਲ ਸੀ , ਇਸ ਲਈ ਕੁਝ ਲੋਕਾਂ ਵਲੋਂ ਇਹ ਸਵਾਲ ਵਾਰ-ਵਾਰ ਪੁੱਛਿਆ ਗਿਆ ਤਾਂ ਗਰੌਕ ਨੇ ਜਵਾਬ ਵੀ ਦਸਤਾਵੇਜ਼ੀ ਸਬੂਤਾਂ ਨਾਲ ਦਿੱਤਾ, ਕਿਹਾ-ਭਾਰਤ ਦੇ ਆਜ਼ਾਦੀ ਦੇ ਸੰਗਰਾਮ ਵਿਚ ਆਰ ਐੱਸ ਐੱਸ ਦੀ ਭੂਮਿਕਾ ਨਾਂਹ ਦੇ ਬਰਾਬਰ ਹੈ, ਇਸ ਦੇ ਦਸਤਾਵੇਜ਼ੀ ਸਬੂਤ ਮਿਲਦੇ ਹਨ। ਉਸ ਨੇ ਬਸਤੀਵਾਦ ਵਿਰੁੱਧ ਲੜਾਈ ਨਾਲੋਂ ਹਿੰਦੂ ਰਾਸ਼ਟਰਵਾਦ ਨੂੰ ਜ਼ਿਆਦਾ ਪਹਿਲ ਦਿੱਤੀ ਸੀ। ਗੋਲਵਾਲਕਰ ਨੇ ਖੁਦ ਆਪਣੀ ਕਿਤਾਬ 'ਬੰਚ ਆਫ ਥਾਟਸ' (1966) ਵਿਚ ਇਸ ਨੂੰ ਸਵੀਕਾਰ ਕੀਤਾ ਹੈ।

ਜਦ ਇਸ ਨੂੰ ਪੁੱਛਿਆ ਗਿਆ ਕਿ ਭਾਰਤ ਦਾ ਕਿਹੜਾ ਪ੍ਰਧਾਨ ਮੰਤਰੀ ਪ੍ਰੈੱਸ ਕਾਨਫਰੰਸ ਕਰਨ ਤੋਂ ਡਰਦਾ ਹੈ ਤਾਂ ਇਸ ਨੇ ਨਰਿੰਦਰ ਮੋਦੀ ਦਾ ਨਾਂਅ ਲਿਆ। ਪੁੱਛਿਆ ਭਾਰਤ ਦਾ ਸਭ ਤੋਂ ਫਿਰਕਾਪ੍ਰਸਤ ਨੇਤਾ ਕੌਣ ਹੈ ਤਾਂ ਜਵਾਬ ਸੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ।

ਭਾਰਤ ਦੀ ਮੌਜੂਦਾ ਭਾਜਪਾ ਸਰਕਾਰ ਦੇ ਪ੍ਰਮੁੱਖ ਮਾਰਗ-ਦਰਸ਼ਕ ਵੀਰ ਸਾਵਰਕਰ ਬਾਰੇ ਜਦ ਪੁੱਛਿਆ ਗਿਆ ਕਿ ਉਹ ਕੌਣ ਨੇਤਾ ਸੀ, ਜਿਸ ਨੇ ਬਰਤਾਨਵੀ ਸਰਕਾਰ ਤੋਂ ਸਭ ਤੋਂ ਜ਼ਿਆਦਾ ਮਾਫੀ ਮੰਗੀ ਅਤੇ 60 ਰੁਪਏ ਮਹੀਨਾ ਦੀ ਪੈਨਸ਼ਨ ਵੀ ਲੈਂਦਾ ਰਿਹਾ ਤਾਂ 'ਗਰੌਕ' ਨੇ ਕਿਹਾ ਕਿ ਸਭ ਤੋਂ ਜਿਆਦਾ ਮਾਫੀ ਮੰਗਣ ਵਾਲਿਆਂ ਵਿਚ ਦਾਮੋਦਰ ਸਾਵਰਕਰ ਦਾ ਨਾਂਅ ਆਉਂਦਾ ਹੈ, ਜੋ ਅੰਗਰੇਜ਼ਾਂ ਤੋਂ 60 ਰੁਪੇ ਮਹੀਨਾ ਪੈਨਸ਼ਨ ਵੀ ਲੈਂਦਾ ਰਿਹਾ, ਕਿਉਂਕਿ ਉਸ ਨੇ ਬਾਅਦ ਵਿਚ ਬਰਤਾਨਵੀ ਸਰਕਾਰ ਨਾਲ ਸਮਝੌਤਾ ਕਰ ਲਿਆ ਸੀ।

'ਗਰੌਕ' ਦੇ ਅਜਿਹੇ ਕੋਰੇ ਜਵਾਬ ਸੁਣ ਕੇ ਮਨ ਵਿਚ ਆਉਂਦਾ ਹੈ ਕਿ ਇਹ ਕੋਈ ਭਾਰਤ ਸਰਕਾਰ ਵਿਰੁੱਧ ਰਚੀ ਗਈ ਸਾਜ਼ਿਸ਼ ਤਾਂ ਨਹੀਂ ਹੈ। ਵੀਰ ਸਾਵਰਕਰ ਬਾਰੇ ਜੋ ਕਿਹਾ ਗਿਆ ਹੈ, ਉਸ ਦਾ ਤਾਂ ਇਤਿਹਾਸ ਗਵਾਹ ਹੈ। ਪ੍ਰਧਾਨ ਮੰਤਰੀ ਮੋਦੀ ਬਾਰੇ ਕੀਤੀਆਂ ਗਈਆਂ ਟਿਪਣੀਆਂ ਬਾਰੇ ਕੁਝ ਸ਼ੱਕ ਦੀ ਗੁੰਜਾਇਸ਼ ਹੋ ਸਕਦੀ ਹੈ। ਇਸ ਸੰਬੰਧ ਵਿਚ 'ਗਰੌਕ' ਨੂੰ ਜਾਰੀ ਕਰਨ ਮੌਕੇ ਐਲਨ ਮਸਕ ਦੇ ਬਿਆਨ ਨੂੰ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਮਸਕ ਦਾ ਕਹਿਣਾ ਸੀ ਕਿ ਉਹ ਇੱਕ ਵੱਧ ਤੋਂ ਵੱਧ ਸੱਚ ਕਹਿਣ ਵਾਲਾ ਏ ਆਈ ਬਣਾਉਣਾ ਚਾਹੁੰਦਾ ਸੀ, ਜੋ ਉਹ ਸੱਚ ਵੀ ਦੱਸੇ, ਜਿਸ ਤੋਂ ਦੂਸਰੇ ਚੈਟ ਬੌਟ ਬਚਦੇ ਹਨ ਅਤੇ ਜੋ ਸਿਆਸੀ ਤੌਰ 'ਤੇ ਕਈ ਵਾਰ ਕੌੜਾ ਵੀ ਹੋ ਸਕਦਾ ਹੈ।

ਵੈਸੇ ਤਾਂ ਗਰੌਕ ਪਹਿਲਾਂ ਚਲਦੇ ਏ ਆਈ ਚੈਟਬਾਟ (ਜੈਮਿਨੀ, ਚੈਟ ਜੀ ਪੀ ਟੀ, ਡੀਪ ਸੀਕ ) ਆਦਿ ਵਰਗਾ ਹੀ ਹੈ ਪਰ ਕੁਝ ਵਖਰਾ ਵੀ ਹੈ। ਪਹਿਲੇ ਸਵਾਲਾਂ ਦਾ ਜਵਾਬ ਬੜੇ ਰਵਾਇਤੀ ਪੇਸ਼ੇਵਾਰਾਨਾ ਤਰੀਕੇ ਨਾਲ ਦਿੰਦੇ ਹਨ, ਪਰ 'ਗਰੌਕ' ਦੀ ਜ਼ਬਾਨ ਵਿਚ ਵਿਅੰਗ ਵੀ ਹੈ, ਗਾਲ੍ਹਾਂ ਵਾਲੀ ਭਾਸ਼ਾ ਵੀ ਹੈ। ਇੰਜ ਲਗਦਾ ਜਿਵੇਂ ਕੋਈ ਦੋਸਤ ਮਸ਼ੀਨ ਦੇ ਮਗਰ ਬੈਠਾ ਤੁਹਾਡੇ ਨਾਲ ਗੱਲਾਂ ਕਰ ਰਿਹਾ ਹੋਵੇ। ਮਸਕ ਨੇ ਕਿਹਾ ਸੀ ਕਿ 'ਗਰੌਕ' ਨੂੰ ਤਨਜ਼, ਮਜ਼ਾਕ ਕਰਨਾ ਪਸੰਦ ਹੈ। ਮਜ਼ਾਕੀਆ ਅੰਦਾਜ਼ ਵਿਚ ਤੁਹਾਡੇ ਸਵਾਲਾਂ ਦਾ ਜਵਾਬ ਦੇਵੇਗਾ। ਦੂਸਰਾ ਇਹ ਬਾਕੀ ਚੈਟਬਾਟ ਦੀ ਤਰ੍ਹਾਂ ਪ੍ਰਾਈਵੇਟ ਨਹੀਂ ਹੈ। ਇਹ ਐੱਕਸ ਪਲੇਟਫਾਰਮ ਨਾਲ ਜੁੜਿਆ ਹੋਇਆ ਹੈ, ਸਾਰੇ ਜਵਾਬ ਐਕਸ ਉਪਰ ਜਨਤਕ ਹੋ ਜਾਣਗੇ। ਐੱਕਸ ਨਾਲ ਜੁੜਿਆ ਹੋਣ ਕਰਕੇ ਇਸ ਦੇ ਕੋਲ ਸਾਰੀ ਮੌਜੂਦਾ ਜਾਣਕਾਰੀ ਅਤੇ ਡਾਟਾ ਉਪਲੱਬਧ ਹੈ, ਜੋ ਬਾਕੀ ਦੇ ਚੈਟਬਾਟ ਕੋਲ ਨਹੀਂ ਹੈ। ਇੱਕ ਵੱਖਰਾਪਣ ਹੈ ਭਾਸ਼ਾ ਦਾ, ਟਵਿਟਰ ਜਾਂ ਐੱਕਸ ਪਲੇਟਫਾਰਮ ਉਪਰ ਅਸੀਂ ਦੇਖਦੇ ਹਾਂ ਕਿ ਗਾਲ੍ਹਾਂ ਸਮੇਤ ਹਰ ਤਰ੍ਹਾਂ ਦੀ ਭਾਸ਼ਾ ਦਾ ਇਸਤੇਮਾਲ ਹੁੰਦਾ ਹੈ। ਭਾਸ਼ਾ ਦਾ ਇਹੀ ਅੰਦਾਜ਼ 'ਗਰੌਕ' ਨੇ ਵੀ ਅਪਣਾਇਆ ਹੈ, ਇਹ ਮਸਾਲੇਦਾਰ ਭਾਸ਼ਾ ਵੀ 'ਗਰੌਕ' ਦੇ ਐਨਾ ਮਸ਼ਹੂਰ ਹੋਣ ਦਾ ਕਾਰਨ ਵੀ ਹੈ।

ਫਰਵਰੀ 2025 ਵਿਚ ਐਲਨ ਮਸਕ ਨੇ 'ਗਰੌਕ'-3 ਬਾਜ਼ਾਰ ਵਿਚ ਪੇਸ਼ ਕੀਤਾ ਸੀ, ਇਹ ਗਰੌਕ-1 ਤੋਂ ਦਸ ਗੁਣਾ ਸ਼ਕਤੀਸ਼ਾਲੀ ਹੈ ਅਤੇ ਇਸ ਵਿਚ ਇਨਸਾਨੀ ਭਾਸ਼ਾ ਬੋਲਣ ਤੇ ਸਮਝਣ ਦੀ ਕਾਬਲੀਅਤ ਵੀ ਹੈ। ਇਸ ਦੀ ਸਿਖਲਾਈ xAI Memphis supercomputer ਉਪਰ ਹੋਈ ਹੈ, ਜਿਸ ਵਿਚ ਦੋ ਲੱਖ ਜੀ ਪੀ ਯੂ ਮਾਈਕਰੋ ਚਿਪ ਹਨ, ਇਸ ਨੂੰ ਏ ਆਈ ਦਾ ਸਭ ਤੋਂ ਵੱਡਾ ਟਰੇਨਿੰਗ ਕੇਂਦਰ ਕਿਹਾ ਜਾ ਰਿਹਾ ਹੈ। ਐਲਨ ਨੇ ਇਹਦੇ ਵਿਚ ਗਰੌਕ ਦੀ ਸ਼ਕਤੀ ਪਾ ਦਿੱਤੀ ਹੈ, ਜਿਸ ਕਾਰਨ ਇਹ ਹਿੰਦੀ ਅਤੇ ਹੋਰ ਖੇਤਰੀ ਭਾਸ਼ਾਵਾਂ ਸਮਝ ਸਕਦਾ, ਗੱਲਬਾਤ ਕਰ ਸਕਦਾ ਹੈ। ਇਸ ਕਰਕੇ ਹੀ ਭਾਰਤ ਵਿਚ ਗਰੌਕ ਦੇ ਸਾਹਮਣੇ ਜਿਵੇਂ ਸਵਾਲਾਂ ਦਾ ਹੜ੍ਹ ਆ ਗਿਆ ਹੋਵੇ। ਪ੍ਰਧਾਨ ਮੰਤਰੀ ਮੋਦੀ ਦੀ ਡਿਗਰੀ ਤੋਂ ਲੈ ਕੇ ਟੀਪੂ ਸੁਲਤਾਨ ਦੇ ਇਤਿਹਾਸ ਬਾਰੇ। ਗਰੌਕ ਜਿਵੇਂ ਦੇਸ਼ ਦਾ ਨਵਾਂ ਮੀਡੀਆ ਪਲੇਟਫਾਰਮ ਬਣ ਗਿਆ ਹੋਵੇ , ਜੋ ਪ੍ਰਸ਼ਨ ਸਰਕਾਰ ਨੂੰ ਜਾਂ ਦੇਸ਼ ਦੇ ਪ੍ਰਚਲਤ ਮੀਡੀਆ ਨੂੰ ਪੁੱਛੇ ਜਾਣੇ ਸਨ, ਉਹ ਗਰੌਕ ਨੂੰ ਪੁੱਛੇ ਜਾਣ ਲਗੇ। ਸਵਾਲ ਇਹ ਉਠਦਾ ਹੈ, ਕੀ ਇਹ ਮੀਡੀਆ ਦੀ ਜਗ੍ਹਾ ਲੈ ਸਕਦਾ ਹੈ? ਜਵਾਬ ਨਹੀਂ ਹੈ , ਕਿਉਂਕਿ ਗਰੌਕ ਦੇ ਕੋਲ ਉਹੀ ਜਾਂ ਓਨਾ ਕੁ ਹੀ ਮਸਾਲਾ ਹੈ, ਜਿੰਨਾ ਉਸ ਅੰਦਰ ਫੀਡ ਕੀਤਾ ਗਿਆ ਹੈ, ਪਰ ਇਹ ਸਚਾਈ ਵੀ ਸਾਹਮਣੇ ਹੈ ਕਿ ਹੁਣ ਵਿਸ਼ੇਸ਼ ਕਰ ਭਾਰਤ ਸਰਕਾਰ ਦੇ ਲਈ ਸੱਚ ਨੂੰ ਛਪਾਉਣਾ ਮੁਸ਼ਕਲ ਹੋ ਜਾਵੇਗਾ, ਜਿਵੇਂ ਕਿ 'ਗਰੌਕ' ਵੱਲੋਂ ਦਿੱਤੇ ਗਏ ਜਵਾਬਾਂ ਤੋਂ ਜ਼ਾਹਰ ਹੁੰਦਾ ਹੈ ਅਤੇ ਇਸ ਨੂੰ ਵਰਤਮਾਨ ਜਾਣਕਾਰੀ ਵੀ ਐੱਕਸ ਤੋਂ ਮਿਲ ਰਹੀ ਹੈ।

ਪ੍ਰਧਾਨ ਮੰਤਰੀ ਮੋਦੀ ਦੀ ਡਿਗਰੀ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ 'ਡਰੌਕ' ਦਾ ਜਵਾਬ ਸੀ-ਡਿਗਰੀ ਦਾ ਮੁੱਦਾ ਕਈ ਸਾਲਾਂ ਤੋਂ ਗਰਮ ਵਿਸ਼ਾ ਬਣਿਆ ਹੋਇਆ ਹੈ , ਸਰਕਾਰੀ ਦਸਤਵੇਜ਼ ਕੁਝ ਸਪੱਸ਼ਟ ਨਹੀਂ ਦੱਸ ਰਹੇ। ਦਿੱਲੀ ਯੂਨੀਵਰਸਿਟੀ ਸਪੱਸ਼ਟ ਨਹੀਂ ਕਰ ਸਕੀ ਕਿ 1978 ਦੀ ਬੀ ਏ ਡਿਗਰੀ ਅਸਲੀ ਹੈ ਜਾਂ ਨਕਲੀ, ਗੁਜਰਾਤ ਯੂਨੀਵਰਸਿਟੀ ਵੀ ਨਹੀਂ। 'ਗਰੌਕ' ਇਹ ਵੀ ਸਪੱਸ਼ਟ ਕਰਦਾ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਦੇ ਲਈ ਵਿਦਿਅਕ ਯੋਗਤਾ ਜ਼ਰੂਰੀ ਨਹੀਂ, ਪਰ ਜੇ ਹਲਫਨਾਮੇ ਵਿਚ ਝੂਠ ਬੋਲਿਆ ਜਾਵੇ ਤਾਂ ਸਜ਼ਾ ਵੀ ਹੋ ਸਕਦੀ ਹੈ।

ਜਦ 'ਗਰੌਕ' ਨੂੰ ਪੁੱਛਿਆ ਗਿਆ ਉਨ੍ਹਾਂ ਚੀਜ਼ਾਂ ਬਾਰੇ ਦੱਸੋ, ਜੋ ਮੋਦੀ ਨੂੰ ਤਾਨਾਸ਼ਾਹ ਬਣਾ ਰਹੀਆਂ ਹਨ, ਤਾਂ ਉਸ ਦਾ ਜਵਾਬ ਸੀ ਕਿ ਮੋਦੀ ਸਹੀ ਮਾਅਨਿਆਂ ਵਿਚ ਤਾਨਾਸ਼ਾਹ ਨਹੀਂ, ਉਹ ਲੋਕਾਂ ਦੁਆਰਾ ਚੁਣਿਆ ਹੋਇਆ ਨੁਮਾਇੰਦਾ ਹੈ, ਪਰ ਕੁਝ ਗੱਲਾਂ ਸ਼ੱਕ ਪੈਦਾ ਕਰ ਰਹੀਆਂ ਹਨ : ਵਿਰੋਧੀ ਅਸਹਿਮਤੀ ਦੀ ਸੁਰ ਨੂੰ ਕੁਚਲਣਾ (ਕੇਜਰੀਵਾਲ ਦੀ ਗ੍ਰਿਫ਼ਤਾਰੀ), ਮੀਡੀਆ ਉਪਰ ਦਬਾਅ, ਪ੍ਰੈੱਸ ਦੀ ਸੁਤੰਤਰਤਾ ਨੂੰ ਖਤਮ ਕਰਨਾ, ਸ਼ਕਤੀਆਂ ਦਾ ਕੇਂਦਰੀਕਰਨ (ਜੀ ਐੱਸ ਟੀ), CAA ਵਰਗੀਆਂ ਨੀਤੀਆਂ ਨੂੰ ਲਾਗੂ ਕਰਨਾ। ਭਾਰਤ ਅਜੇ ਵੀ ਲੋਕਤੰਤਰ ਹੈ, ਪਰ ਮੋਦੀ ਦੇ ਰਾਜ ਹੇਠ ਵਿਚ ਇੱਕ ਲੰਗੜਾ ਲੋਕਤੰਤਰ ਬਣ ਗਿਆ ਹੈ।

**ਕੁਲਦੀਪ ਪਟੇਲ ਨਾਂਅ ਦੇ ਵਿਅਕਤੀ ਨੇ :** ਗਰੌਕ ਕਿਆ ਲਗਤਾ ਹੈ ਤੁਮਕੋ ਆਗੇ ਜਾ ਕੇ ਕੌਣ ਦੇਸ਼ ਕਾ ਬਟਵਾਰਾ ਕਰਾਏਗਾ ? ਜਵਾਬ ਦੇਖੋ : ਮੁਝੇ ਲਗਤਾ ਹੈ ਆਗੇ ਜਾ ਕੇ ਦੇਸ਼ ਕੋ ਵੋਹ ਲੋਗ ਬਟਾਏਂਗੇ, ਜੋ ਨਫਰਤ ਫੈਲਾਤੇ ਹੈਂ ਔਰ ਕ੍ਰਿਮੀਨਲ ਪਾਲੇਟਿਕਸ ਕਰਤੇ ਹੈਂ, ਖਾਸ ਕਰ ਮਨਿਆਰਟੀ ਕੇ ਖਿਲਾਫ। ਉਸ ਦਾ ਕਹਿਣਾ ਹੈ ਕਿ ਭਾਜਪਾ ਵਰਗੇ ਸਿਆਸੀ ਗਰੁੱਪ ਅਤੇ ਰਾਸ਼ਟਰਵਾਦੀ ਸੰਗਠਨ ਇਸ ਵਿਚ ਵੱਡੀ ਭੂਮਿਕਾ ਅਦਾ ਕਰ ਸਕਦੇ ਹਨ। 2024 ਵਿਚ ਮੁਸਲਮਾਨਾਂ ਦੇ ਖਿਲਾਫ ਨਫਰਤੀ ਭਾਸ਼ਨ 74 ਫੀਸਦੀ ਵਧੇ ਹਨ। ਗਰੌਕ ਨੇ ਭਵਿੱਖਬਾਣੀ ਵੀ ਕੀਤੀ ਕਿ ਏਕਤਾ ਦੇ ਲਈ ਸਹਿਣਸ਼ੀਲਤਾ ਜ਼ਰੂਰੀ ਹੈ। ਅਜੀਬ ਹੈ ਇਨਸਾਨ ਦੇ ਨਾਲੋਂ ਏ ਆਈ ਜ਼ਿਆਦਾ ਸਿਆਣਾ ਹੋ ਗਿਆ ਹੈ।

ਗਰੌਕ ਨੇ ਇਹ ਵੀ ਦੱਸਿਆ ਹੈ ਕਿ ਮੋਦੀ ਨੇ ਪਿਛਲੇ ਪੰਜ ਸਾਲਾਂ ਵਿਚ 43 ਝੂਠ ਬੋਲੇ ਹਨ।

ਦਰਸ਼ਕਾਂ ਨੇ 'ਗਰੌਕ' ਨੂੰ ਟੀਪੂ ਸੁਲਤਾਨ ਅਤੇ ਸਵੈਮਸੇਵਕ ਸੰਘ ਦਰਮਿਆਨ ਤੁਲਨਾ ਕਰਨ ਲਈ ਕਿਹਾ ਗਿਆ, ਕੌਣ ਜ਼ਿਆਦਾ ਦੇਸ਼ ਭਗਤ ਸੀ। 'ਗਰੌਕ' ਨੇ ਕਿਹਾ-ਸੁਲਤਾਨ ਜ਼ਿਆਦਾ ਦੇਸ਼ਪ੍ਰੇਮੀ ਸੀ, ਜਿਸ ਨੇ ਅੰਗਰੇਜ਼ਾਂ ਖਿਲਾਫ ਹਥਿਆਰਬੰਦ ਯੁੱਧ ਕੀਤੇ, 1799 ਵਿਚ ਮੈਦਾਨ ਵਿਚ ਲੜਦਾ ਹੋਇਆ ਮਾਰਿਆ ਗਿਆ।

ਭਾਰਤ ਦੇ ਹਕੂਮਤ ਪੱਖੀ ਮੁੱਖ ਧਾਰਾ ਮੀਡੀਆ, ਜਿਸ ਨੂੰ ਗੋਦੀ ਮੀਡੀਆ ਵੀ ਕਿਹਾ ਜਾਂਦਾ ਹੈ, ਬਾਰੇ 'ਗਰੌਕ' ਦੇ ਜਵਾਬ ਵੀ ਬਹੁਤ ਦਿਲਚਸਪ ਹਨ। ਗੋਦੀ ਮੀਡੀਆ ਨੂੰ ਪ੍ਰੀਭਾਸ਼ਤ ਕਰਨ ਲਈ ਕਿਹਾ ਗਿਆ ਤਾਂ ਜਵਾਬ ਸੀ : ਗੋਦੀ ਮੀਡੀਆ ਉਹ ਮੀਡੀਆ ਹੈ, ਜਿਹੜਾ ਹਾਕਮ ਪਾਰਟੀ ਦੀ ਗੋਦ ਵਿਚ ਬੈਠ ਕੇ ਉਸ ਦੀ ਪ੍ਰਸੰਸਾ ਕਰਦਾ ਹੈ , ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ। 2014 ਤੋਂ ਬਾਅਦ ਇਹ ਸ਼ਬਦਾਵਲੀ ਬਹੁਤ ਮਸ਼ਹੂਰ ਹੋ ਜਾਂਦੀ ਹੈ ਜਦ ਕੁਝ ਮੀਡੀਆ ਘਰਾਣਿਆਂ ਨੇ ਸਰਕਾਰੀ ਏਜੰਡੇ ਦਾ ਪਰਚਾਰ ਸ਼ੁਰੂ ਕਰ ਦਿੱਤਾ। ਅਜਿਹੀ ਪੱਤਰਕਾਰੀ, ਜੋ ਪੂੰਜੀਪਤੀਆਂ ਅਤੇ ਸਰਕਾਰ ਦੇ ਇਸ਼ਾਰੇ 'ਤੇ ਚਲਦੀ ਹੈ, ਗੋਦੀ ਮੀਡੀਆ ਕਹਿਲਾਉਂਦੀ ਹੈ। 'ਗਰੌਕ' ਨੇ ਗੋਦੀ ਮੀਡੀਆ ਚੈਨਲਾਂ ਦੀ ਲਿਸਟ ਵੀ ਜਾਰੀ ਕਰ ਦਿੱਤੀ ਹੈ : ਰਿਪਬਲਿਕ ਭਾਰਤ , ਜ਼ੀ ਨਿਊਜ਼ , ਆਜ ਤੱਕ, ਏ ਬੀ ਪੀ ਨਿਊਜ਼ , ਇੰਡੀਆ ਟੀ ਵੀ , ਟਾਈਮਜ਼ ਨਾਓ ਅਤੇ ਸੁਦਰਸ਼ਨ ਨਿਊਜ਼, ਜੋ ਸਰਕਾਰੀ ਪ੍ਰੋਗਰਾਮਾਂ ਦਾ ਪਰਚਾਰ ਕਰਦੇ ਹਨ , ਬਗੈਰ ਕਿਸੇ ਸਵਾਲ ਦੇ। ਚਾਪਲੂਸ ਐਂਕਰਾਂ ਵਿਚ ਸਭ ਤੋਂ ਉਪਰ ਹਨ ਅਰਵਿੰਦ ਗੋਸਵਾਮੀ (ਰਿਪਬਲਿਕ ਭਾਰਤ ) ਅਤੇ ਸੁਧੀਰ ਚੌਧਰੀ ( ਆਜ ਤੱਕ )।

'ਗਰੌਕ ਦਾ ਇਹ ਵੀ ਕਹਿਣਾ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਮੀਡੀਆ ਉਪਰ ਪ੍ਰਭਾਵ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਅੰਬਾਨੀ ਅਤੇ ਅਡਾਨੀ ਵਰਗੇ ਕਾਰਪੋਰੇਟ ਘਰਾਣੇ, ਜੋ ਮੋਦੀ ਦੇ ਬਹੁਤ ਨਜ਼ਦੀਕ ਹਨ , ਨਿਊਜ਼-18 ਨੈੱਟਵਰਕ ਅਤੇ ਐੱਨ ਡੀ ਟੀ ਵੀ ਮੀਡੀਆ ਅਦਾਰਿਆਂ ਦੇ ਮਾਲਕ ਹਨ। ਭਾਜਪਾ ਦੇਸ਼ ਵਿਚ ਆਪਣਾ ਬਿਰਤਾਂਤ ਸਥਾਪਤ ਕਰਨ ਲਈ ਸਾਲਾਨਾ 14 ਕਰੋੜ ਡਾਲਰ ਇਸ਼ਤਿਹਾਰਬਾਜ਼ੀ 'ਤੇ ਖਰਚਦੀ ਹੈ। 2014 ਤੋਂ ਬਾਅਦ ਮੀਡੀਆ ਉਪਰ ਭਾਜਪਾ ਦੀ ਪਕੜ ਮਜ਼ਬੂਤ ਹੋ ਗਈ ਹੈ। ਵਿਰੋਧੀ ਤੇ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਜ਼ਬਰਦਸਤੀ ਚੁੱਪ ਕਰਾ ਦਿੱਤਾ ਜਾਂਦਾ ਹੈ।

ਪਿਛਲੇ ਕੁਝ ਦਿਨਾਂ ਤੋਂ 'ਗਰੌਕ' ਨੂੰ ਬਹੁਤ ਸਾਰੇ ਸਵਾਲ ਪੁੱਛੇ ਜਾ ਰਹੇ ਹਨ, ਜਿਹਦੇ ਨਾਲ ਲੋਕਾਂ ਦੇ ਬਹੁਤ ਸਾਰੇ ਭਰਮ ਦੂਰ ਹੋਏ ਹਨ। ਮੋਦੀ ਸਰਕਾਰ, ਸੰਘ ਪਰਵਾਰ ਦੇ ਝੂਠ ਸਾਹਮਣੇ ਆਏ ਹਨ। ਕਿਹਾ ਜਾ ਸਕਦਾ ਹੈ 'ਗਰੌਕ' ਨੇ ਕੁਝ ਦਿਨਾਂ ਵਿਚ ਹੀ ਉਹ ਕੰਮ ਕਰ ਕੇ ਦਿਖਾ ਦਿੱਤਾ ਹੈ, ਜੋ ਦੇਸ਼ ਦੇ ਬੁੱਧੀਜੀਵੀ ਤੇ ਅਲੋਚਨਾਤਮਿਕ ਮੀਡੀਆ ਕਈ ਸਾਲਾਂ ਤੋਂ ਨਹੀਂ ਕਰ ਸਕਿਆ। ਹੁਣ ਦੇਖਣ ਵਾਲੀ ਗੱਲ਼ ਇਹ ਹੈ ਕਿ ਸਰਕਾਰ ਇਸ ਨੂੰ ਕਿਵੇਂ ਕਾਬੂ ਕਰਦੀ ਹੈ ? ਜੇ ਪਾਬੰਦੀ ਲਗਾਉਂਦੀ ਹੈ ਤਾਂ ਐਲਨ ਮਸਕ ਨਾਲ ਯਾਰੀ ਟੁੱਟਦੀ ਹੈ, ਟਰੰਪ ਵੀ ਨਰਾਜ਼ ਹੋ ਸਕਦਾ ਹੈ। ਦੇਖੋ ਊਠ ਕਿਸ ਕਰਵਟ ਬੈਠਦਾ ਹੈ?

**# ਸੰਪਰਕ : 94632-32402**

# ਸਭ ਲੇਲੇ ਬਣ ਗਏ ਬਘਿਆੜ

**ਗਗਨਦੀਪ ਸਿੰਘ ਬੁਗਰਾ**

ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ। ਮੈਂ ਡੀ. ਏ. ਵੀ. ਕਾਲਜ ਆਫ ਐਜੂਕੇਸ਼ਨ ਹੁਸ਼ਿਆਰਪੁਰ ਵਿਖੇ ਬੀ. ਐੱਡ. ਕਰ ਰਿਹਾ ਸੀ। ਅਸੀਂ ਧੂਰੀ ਇਲਾਕੇ ਦੇ ਚਾਰ-ਪੰਜ ਮੁੰਡੇ ਸਾਂ। ਪਹਿਲਾਂ-ਪਹਿਲਾਂ ਹਰ ਹਫਤੇ ਘਰ ਨੂੰ ਚਾਲੇ ਪਾ ਦੇਣੇ, ਪਰ ਹੌਲੀ-ਹੌਲੀ ਜਦੋਂ ਜੀਅ ਲੱਗਣ ਲੱਗ ਪਿਆ ਤਾਂ ਕਦੇ-ਕਦਾਈਂ ਹੀ ਪਿੰਡ ਗੇੜਾ ਮਾਰਦੇ। ਪਿੰਡੋਂ ਲੱਗਭੱਗ ਚਾਰ ਘੰਟੇ ਦਾ ਸਫਰ ਸੀ। ਜਦੋਂ ਘਰ ਆਏ ਹੁੰਦੇ ਸਵੇਰੇ ਛੇਤੀ ਤੁਰ ਕੇ ਕਲਾਸ ਵੇਲੇ ਤੱਕ ਮਸਾਂ ਪਹੁੰਚਦੇ। ਓਧਰੋਂ ਵੀ ਕਈ ਵਾਰ ਹਨੇਰੇ ਹੋਏ ਧੂਰੀ ਪਹੁੰਚਦੇ ਤੇ ਅੱਗੇ ਧੂਰੀ ਤੋਂ ਪਿੰਡ ਨੂੰ ਜਾਣ ਵਾਲੀ ਆਖਰੀ ਬੱਸ ਜਾ ਚੁੱਕੀ ਹੁੰਦੀ। ਮੈਂ ਕੋਈ ਨਾ ਕੋਈ ਸਾਧਨ ਲੱਭ ਕੇ ਮਸਾਂ ਪਿੰਡ ਪਹੁੰਚਦਾ।

ਇਸੇ ਤਰ੍ਹਾਂ ਇੱਕ ਵਾਰ ਮੈਂ ਇਕੱਲਾ ਹੀ ਪਿੰਡ ਨੂੰ ਆ ਰਿਹਾ ਸੀ। ਸਿਆਲਾਂ ਦੇ ਦਿਨ ਸਨ। ਲੁਧਿਆਣੇ ਬੱਸ ਅੱਡੇ 'ਚੋਂ ਮੈਂ ਡਾ. ਸੁਰਜੀਤ ਪਾਤਰ ਦੀ ਕਿਤਾਬ 'ਬਿਰਖ ਅਰਜ਼ ਕਰੇ' ਖਰੀਦ ਲਈ ਤੇ ਸੰਗਰੂਰ ਜਾਣ ਵਾਲੀ ਬੱਸ ਵਿੱਚ ਬੈਠ ਕੇ ਪੜ੍ਹਨ ਲੱਗ ਪਿਆ। ਬੱਸ ਚੱਲ ਪਈ ਤੇ ਬੱਸ ਵਿੱਚ ਬਹੁਤ ਘੱਟ ਸਵਾਰੀਆਂ ਸਨ। ਮੇਰੇ ਸੱਜੇ ਪਾਸੇ ਵਾਲੀ ਸੀਟ 'ਤੇ ਇੱਕ ਕੁੜੀ ਬੈਠੀ ਸੀ, ਉਹ ਵੀ ਕੋਈ ਵਿਦਿਆਰਥਣ ਲੱਗਦੀ ਸੀ, ਸ਼ਾਇਦ ਹੋਸਟਲ 'ਚੋਂ ਆ ਰਹੀ ਹੋਵੇਗੀ। ਉਦੋਂ ਬਟਨਾਂ ਵਾਲੇ ਫੋਨ ਹੀ ਹੁੰਦੇ ਸਨ, ਸਮਾਰਟ ਫੋਨ ਅਜੇ ਆਏ ਨਹੀਂ ਸਨ। ਰਸਤੇ ਦਾ ਅਨੰਦ ਮਾਨਣ ਲਈ ਕਈਆਂ ਕੋਲ ਕੈਸਟ ਵਾਲੇ 'ਵਾਕ-ਮੈਨ' ਹੁੰਦੇ ਸਨ। ਉਹ ਕੁੜੀ ਵੀ ਕੰਨਾਂ 'ਚ ਵਾਕ-ਮੈਨ ਲਾ ਕੇ ਸੁਣ ਰਹੀ ਸੀ। ਉਹ ਕੁੜੀ ਬੜੀ ਬੇਪਰਵਾਹ ਤੇ ਧੜੱਲੇਦਾਰ ਜਿਹੀ ਮਹਿਸੂਸ ਹੋ ਰਹੀ ਸੀ, ਆਪਣੇ ਆਪ 'ਚ ਮਸਤ ਤੇ ਅਜ਼ਾਦ ਜਿਹੀ। ਹੌਲੀ-ਹੌਲੀ ਹਨੇਰਾ ਹੋ ਰਿਹਾ ਸੀ ਤੇ ਧੁੰਦ ਵੀ ਪੈਣੀ ਸ਼ੁਰੂ ਹੋ ਗਈ ਸੀ। ਸਵਾਰੀਆਂ ਉੱਤਰ ਵਧੇਰੇ ਰਹੀਆਂ ਸਨ, ਪਰ ਚੜ੍ਹ ਕੋਈ ਹੀ ਰਹੀ ਸੀ। ਮੈਂ ਉਸ ਕਿਤਾਬ ਵਿੱਚੋਂ ਕਵਿਤਾ 'ਇੱਕ ਪਸ਼ੂ ਕਥਾ' ਪੜ੍ਹ ਰਿਹਾ ਸੀ। ਉਸ ਕਵਿਤਾ ਦੀਆਂ ਕੁੱਝ ਸਤਰਾਂ ਇਸ ਤਰ੍ਹਾਂ ਹਨ:-

*ਗੱਡੀ ਚੱਲੀ ਗੱਡੀ ਦੇ ਵਿੱਚ ਸੀਟਾਂ ਮੱਲੀ,*
*ਬੈਠੇ ਸਨ ਬਘਿਆੜ ਤੇ ਕੁੱਝ ਲੇਲੇ।*
*ਸੱਤ-ਅੱਠ ਘੰਟੇ ਚੱਲਣ ਮਗਰੋਂ ਕੀ ਤੱਕਿਆ ਡੱਬੇ ਵਿਚਕਾਰ,*
*ਸਭ ਬਘਿਆੜ ਬਣ ਗਏ ਲੇਲੇ*
*ਸਭ ਲੇਲੇ ਬਣ ਗਏ ਬਘਿਆੜ।*

ਮੰਡੀ ਅਹਿਮਦਗੜ੍ਹ ਲੰਘ ਕੇ ਹਨੇਰਾ ਜ਼ਿਆਦਾ ਹੋਣ ਕਾਰਨ ਤੇ ਬੱਸ ਦੇ ਬੱਲਬ ਦੀ ਰੌਸ਼ਨੀ ਮੱਧਮ ਹੋਣ ਕਾਰਨ ਮੈਂ ਕਿਤਾਬ ਬੰਦ ਕਰ ਦਿੱਤੀ ਤਾਂ ਕੀ ਦੇਖਿਆ ਕਿ ਕਵਿਤਾ 'ਇੱਕ ਪਸ਼ੂ ਕਥਾ' ਸਾਕਾਰ ਰੂਪ ਵਿੱਚ ਮੇਰੇ ਸਾਹਮਣੇ ਸੀ। ਦਰਅਸਲ ਹੁਣ ਬੱਸ ਵਿੱਚ ਉਹ ਕੁੜੀ ਇਕੱਲੀ ਰਹਿ ਗਈ ਸੀ ਤੇ ਦਸ ਕੁ ਪੁਰਸ਼ ਸਨ। ਉਹਨਾਂ 'ਚੋਂ ਵੀ ਕੁੱਝ ਸ਼ਰਾਬੀ ਸਨ। ਉਹ ਕੁੜੀ ਡਰੀ ਬੈਠੀ ਸੀ। ਸ਼ਰਾਬ ਦੀ ਹਵਾੜ, ਰਾਤ ਦਾ ਹਨੇਰਾ ਤੇ ਧੁੰਦ, ਹਵਾ ਤੇ ਬੱਸ ਦੀ ਰਲੀ-ਮਿਲੀ ਜਿਹੀ ਅਵਾਜ਼ ਤੇ ਖਿੜਕੀਆਂ ਦੀ ਖੜ-ਖੜ ਉਸ ਕੁੜੀ ਲਈ ਭਿਆਨਕ ਮਾਨਸਿਕ ਵਾਤਾਵਰਨ ਸਿਰਜ ਰਹੇ ਸਨ। ਉਹ ਕੁੜੀ ਕੰਬਦੇ ਹੱਥਾਂ ਨਾਲ ਵਾਰ-ਵਾਰ ਫੋਨ ਲਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਫੋਨ ਨਹੀਂ ਸੀ ਲੱਗ ਰਿਹਾ। ਕਾਫੀ ਸਮੇਂ ਬਾਅਦ ਉਸ ਦਾ ਫੋਨ ਲੱਗ ਗਿਆ। ਉਹ ਹੌਲੀ ਅਵਾਜ਼ 'ਚ ਫੋਨ 'ਤੇ ਗੱਲ ਕਰ ਰਹੀ ਸੀ, ਮੈਨੂੰ ਕੁੱਝ ਸ਼ਬਦ ਜਿਵੇਂ 'ਡਰ ਲੱਗ ਰਿਹਾ' 'ਚੌਂਕ 'ਚ ਆ ਜਾਇਓ' 'ਮੈਂ ਕੱਲੀ ਆਂ' ਹੀ ਸੁਣੇ। ਜਦੋਂ ਕੋਈ ਖੰਘੂਰਾ ਮਾਰਦਾ ਜਾਂ ਉੱਚੀ ਬੋਲਦਾ ਤਾਂ ਉਹ ਡਰੀ ਹੋਈ ਹੌਲੀ-ਹੌਲੀ ਆਲੇ ਦੁਆਲੇ ਦੇਖਦੀ। ਭਾਵੇਂ ਬੱਸ ਵਿੱਚ ਬੈਠੇ ਕੁੱਝ ਪੁਰਸ਼ ਆਪਣਾ ਸੁਭਾਵਿਕ ਵਿਵਹਾਰ ਹੀ ਕਰ ਰਹੇ ਹੋਣ ਪਰ ਉਸ ਕੁੜੀ ਦਾ ਡਰ ਸਾਹਮਣੇ ਸਾਫ ਦਿਸ ਰਿਹਾ ਸੀ। ਮੈਂ ਹੁਣੇ-ਹੁਣੇ ਪੜ੍ਹੀ ਕਵਿਤਾ 'ਇੱਕ ਪਸ਼ੂ ਕਥਾ' ਦੇ ਪ੍ਰਭਾਵ ਅਧੀਨ ਉਸ ਦੀ ਮਾਨਸਿਕ ਹਾਲਤ ਸਮਝ ਰਿਹਾ ਸੀ।

ਮੈਂ ਇਸ ਵਾਤਾਵਰਣ ਨੂੰ ਤੋੜਨ ਲਈ ਸਭ ਨੂੰ ਜਾਣ-ਬੁੱਝ ਕੇ ਸੁਣਾ ਕੇ ਉੱਚੀ ਅਵਾਜ਼ 'ਚ ਕਿਹਾ, "ਭੈਣੇ ਫੋਨ ਕਰ ਦਿੱਤਾ?" "ਆ ਰਹੇ ਨੇ?" ਤਾਂ ਉਸ ਕੁੜੀ ਨੇ ਇੱਕ-ਦਮ ਮੇਰੇ ਵੱਲ ਦੇਖ ਕੇ ਹਾਂ ਵਿੱਚ ਸਿਰ ਹਿਲਾਇਆ, ਪਰ ਉਸ ਦੇ ਗਲ 'ਚੋਂ ਮਸਾਂ "...ਹਾਂ..." ਨਿਕਲਿਆ। ਇਸ ਨਾਲ ਅਚਾਨਕ ਬੱਸ ਦਾ ਵਾਤਾਵਰਨ ਠੀਕ ਹੋ ਗਿਆ। ਹੁਣ ਨਾ ਕੋਈ ਉੱਚੀ ਬੋਲਿਆ ਤੇ ਨਾ ਹੀ ਕੋਈ ਖੰਘੂਰਾ ਸੁਣਿਆ। ਉਹ ਕੁੜੀ ਹੌਲੀ-ਹੌਲੀ ਸਹਿਜ ਹੋ ਗਈ ਤੇ ਉਸ ਨੇ ਲੰਬਾ ਸਾਹ ਲਿਆ। ਪਿਛਲੇ ਲੱਗਭੱਗ ਅੱਧੇ ਘੰਟੇ ਤੋਂ ਬਣਿਆ ਮਾਹੌਲ ਵੀ ਸਹਿਜ ਹੋ ਗਿਆ।

ਮਾਲੇਰਕੋਟਲੇ ਆ ਕੇ ਚੌਂਕ 'ਚ ਬੱਸ ਰੁਕੀ ਤਾਂ ਉਸ ਕੁੜੀ ਨੇ ਆਪਣਾ ਸਾਮਾਨ ਸਮੇਟਿਆ ਤੇ ਉੱਤਰਦਿਆਂ ਮੇਰੇ ਵੱਲ ਧੰਨਵਾਦੀ ਨਜ਼ਰਾਂ ਨਾਲ ਦੇਖਿਆ। ਇੱਕ ਬਜ਼ੁਰਗ ਉਸ ਨੂੰ ਲੈਣ ਲਈ ਸਕੂਟਰ ਲਈ ਖੜੇ ਸਨ। ਮਾਲੇਰਕੋਟਲੇ ਤੋਂ ਧੂਰੀ ਤੱਕ ਮੈਂ ਸੋਚਦਾ ਆ ਰਿਹਾ ਸੀ ਕਿ ਮਨੁੱਖ ਸੱਚਮੁੱਚ ਅਜੇ ਪਸ਼ੂ ਹੀ ਹੈ। ਮਨੁੱਖ ਅਜੇ ਆਪਣੇ ਵਿਕਾਸ ਦੇ ਉਸ ਪੜਾਅ 'ਤੇ ਨਹੀਂ ਪਹੁੰਚਿਆ, ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋਵੇਗੀ। ਇੱਥੇ ਹਰ ਤਾਕਤਵਰ ਲਈ ਕਮਜ਼ੋਰ ਸਿਰਫ ਇੱਕ ਮੌਕਾ ਹੈ। ਹਰ ਕੋਈ ਆਪ ਤੋਂ ਕਮਜ਼ੋਰ ਲਈ 'ਬਘਿਆੜ' ਬਣ ਜਾਂਦਾ ਹੈ ਤੇ ਤਾਕਤਵਰ ਲਈ 'ਲੇਲਾ' ਬਣ ਜਾਂਦਾ ਹੈ। ਥੋੜ੍ਹਾ ਬਹੁਤ ਕਾਨੂੰਨ ਦੇ ਡਰ ਕਾਰਨ ਹੀ ਢਾਂਚਾ ਤੁਰੀ ਜਾਂਦਾ ਹੈ। ਜਦੋਂ ਕਾਨੂੰਨ ਦਾ ਡਰ ਚੁੱਕਿਆ ਜਾਵੇ ਤਾਂ ਮਨੁੱਖ ਸੱਚੀਂ ਪਸ਼ੂ ਬਣ ਜਾਂਦਾ ਹੈ। ਸੰਤਾਲੀ ਤੇ ਚੁਰਾਸੀ ਇਸ ਦੀਆਂ ਉਦਾਹਰਨਾਂ ਹਨ। ਉਹ ਸਮਾਂ ਕਦੋਂ ਆਵੇਗਾ ਜਦੋਂ ਮਨੁੱਖ ਦੂਜੇ ਦੀਆਂ ਭਾਵਨਾਵਾਂ ਤੇ ਦੂਜੇ ਦੇ ਮਾਣ-ਸਨਮਾਨ ਦੀ ਕਦਰ ਕਰਨਾ ਸਿੱਖ ਜਾਵੇਗਾ। ਕੀ ਕਦੇ ਉਹ ਨਿਜ਼ਾਮ ਵੀ ਸਿਰਜਿਆ ਜਾਵੇਗਾ,ਜਦੋਂ ਧਾਰਮਿਕ, ਸਮਾਜਿਕ, ਲਿੰਗਕ ਅਤੇ ਖੇਤਰੀ ਅਧਾਰ 'ਤੇ ਕਿਸੇ ਬਹੁ-ਗਿਣਤੀ ਵਰਗ ਦੇ ਲੋਕਾਂ ਵਿੱਚ ਬੈਠਾ ਦੂਜੇ ਵਰਗ ਦਾ ਇਨਸਾਨ ਆਪਣੇ-ਆਪ ਨੂੰ ਸੁਰੱਖਿਅਤ ਅਤੇ ਸਹਿਜ ਮਹਿਸੂਸ ਕਰ ਸਕੇਗਾ?

**# ਸੰਪਰਕ : 98149-19299**

# ਔਰੰਗਜ਼ੇਬ, 'ਛਾਵਾ' ਅਤੇ ਇੱਕ-ਪਾਸੜ ਇਤਿਹਾਸ

**ਮੂਲ : ਰਾਮ ਪੁਨਿਆਨੀ**
**ਅਨੁਵਾਦ : ਐੱਮ ਐੱਸ ਭਾਟੀਆ**

ਰਾਜਨੀਤੀ ਵਿੱਚ ਇਤਿਹਾਸ ਦੀ ਵਰਤੋਂ ਫਿਰਕੂ ਨਫਰਤ ਨੂੰ ਵਧਾ ਰਹੀ ਹੈ ਅਤੇ ਪਿਛਲੇ ਕੁਝ ਸਾਲਾਂ ਵਿੱਚ ਇਸ ਵਿੱਚ ਕਈ ਨਵੇਂ ਮੁੱਦੇ ਸ਼ਾਮਲ ਹੋਏ ਹਨ। ਆਰ ਐੱਸ ਐੱਸ ਸ਼ਾਖਾਵਾਂ, ਸੋਸ਼ਲ ਮੀਡੀਆ, ਭਾਜਪਾ ਆਈ ਟੀ ਸੈੱਲ, ਮੁੱਖ ਧਾਰਾ ਮੀਡੀਆ-ਖਾਸ ਕਰਕੇ ਬਹੁਤ ਸਾਰੇ ਟੀ ਵੀ ਚੈਨਲਾਂ ਰਾਹੀਂ ਪ੍ਰਚਾਰ ਅਤੇ ਬਰੇਨ ਵਾਸ਼ ਕਰਨ ਤੋਂ ਇਲਾਵਾ ਹੁਣ ਫਿਲਮਾਂ ਰਾਹੀਂ ਵੀ ਸਮਾਜ ਵਿੱਚ ਪ੍ਰਚਲਿਤ ਗਲਤਫਹਿਮੀਆਂ ਨੂੰ ਡੂੰਘਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਹਾਲ ਹੀ ਵਿੱਚ ਦ ਕੇਰਲ ਸਟੋਰੀ, ਕਸਮੀਰ ਫਾਈਲਜ਼ ਆਦਿ ਫਿਲਮਾਂ ਨੇ ਸਮਾਜ ਵਿੱਚ ਨਫਰਤ ਦੇ ਜਨੂੰਨ ਨੂੰ ਵਧਾਉਣ ਦਾ ਕੰਮ ਕੀਤਾ ਹੈ। ਸਵਤੰਤਰਵੀਰ ਸਾਵਰਕਰ, 72 ਹੂਰਾਂ, ਸਮਰਾਟ ਪ੍ਰਿਥਵੀਰਾਜ ਆਦਿ ਵਰਗੀਆਂ ਕਈ ਹੋਰ ਫਿਲਮਾਂ ਨੂੰ ਬਹੁਤੀ ਸਫਲਤਾ ਪ੍ਰਾਪਤ ਨਹੀਂ ਹੋ ਸਕੀ। ਹੁਣ ਦੇਸ਼ ਭਰ ਵਿੱਚ ਅਤੇ ਖਾਸ ਕਰਕੇ ਮਹਾਰਾਸ਼ਟਰ ਵਿੱਚ ਫਿਲਮ 'ਛਾਵਾ' ਦੇ ਸ਼ੋਅ ਹਾਊਸਫੁੱਲ ਹੋ ਰਹੇ ਹਨ ਅਤੇ ਨਫਰਤ ਨੂੰ ਹੋਰ ਵਧਾ ਰਹੇ ਹਨ। ਇਹ ਕੋਈ ਇਤਿਹਾਸਕ ਫਿਲਮ ਨਹੀਂ ਹੈ, ਸਗੋਂ ਸ਼ਿਵਜੀ ਸਾਵੰਤ ਦੇ ਨਾਵਲ 'ਛਾਵਾ' 'ਤੇ ਆਧਾਰਤ ਹੈ। ਫਿਲਮ ਦੇ ਨਿਰਮਾਤਾਵਾਂ ਨੇ ਫਿਲਮ ਵਿੱਚ ਦਿਖਾਈਆਂ ਗਈਆਂ ਕੁਝ ਅਸੰਗਤ ਚੀਜ਼ਾਂ ਲਈ ਪਹਿਲਾਂ ਹੀ ਮੁਆਫੀ ਮੰਗ ਲਈ ਹੈ।

ਫਿਲਮ ਵਿੱਚ ਛਤਰਪਤੀ ਸੰਭਾਜੀ ਮਹਾਰਾਜ ਦੇ ਜੀਵਨ ਦੀਆਂ ਕੁਝ ਚੁਣੀਆਂ ਹੋਈਆਂ ਘਟਨਾਵਾਂ ਦਿਖਾ ਕੇ ਔਰੰਗਜ਼ੇਬ ਨੂੰ ਜ਼ਾਲਮ ਅਤੇ ਹਿੰਦੂ ਵਿਰੋਧੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। 126 ਮਿੰਟਾਂ ਦੀ ਫਿਲਮ ਵਿੱਚ ਲਗਭਗ 40 ਮਿੰਟ ਸੰਭਾਜੀ ਮਹਾਰਾਜ ਨੂੰ ਦਿੱਤੇ ਗਏ ਤਸੀਹਿਆਂ 'ਤੇ ਦਿਖਾਏ ਗਏ ਹਨ। ਫਿਲਮ ਦੇ ਇਸ ਹਿੱਸੇ ਵਿੱਚ ਫਿਲਮ ਦੇ ਨਿਰਮਾਤਾਵਾਂ ਨੇ ਇੱਕ ਕਾਲਪਨਿਕ ਕਹਾਣੀ ਦੇ ਲੇਖਕ ਵਾਂਗ ਜੋ ਵੀ ਉਹ ਚਾਹੁੰਦੇ ਸਨ, ਦਿਖਾਇਆ ਹੈ। ਪੂਰੇ ਬਿਰਤਾਂਤ ਵਿੱਚ ਮੱਧਯੁਗੀ ਇਤਿਹਾਸ ਨੂੰ ਦਿਆਲੂ ਹਿੰਦੂ ਰਾਜਿਆਂ ਅਤੇ ਦੁਸ਼ਟ ਮੁਸਲਿਮ ਰਾਜਿਆਂ ਵਿਚਕਾਰ ਟਕਰਾਅ ਵਜੋਂ ਪੇਸ ਕੀਤਾ ਗਿਆ ਹੈ।

ਸੰਭਾਜੀ ਮਹਾਰਾਜ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਸਭ ਤੋਂ ਵੱਡੇ ਪੁੱਤਰ ਸਨ। ਸ਼ਿਵਾਜੀ ਦੇ ਸਾਮਰਾਜ ਵਿੱਚ ਬਹੁਤ ਸਾਰੇ ਅਧਿਕਾਰੀ ਮੁਸਲਮਾਨ ਸਨ। ਮੌਲਾਨਾ ਹੈਦਰ ਅਲੀ ਉਨ੍ਹਾ ਦੇ ਭਰੋਸੇਮੰਦ ਸਕੱਤਰ ਸਨ ਅਤੇ ਉਨ੍ਹਾ ਦੀ ਫੌਜ ਦੇ 12 ਜਰਨੈਲ, ਜਿਨ੍ਹਾਂ ਵਿੱਚ ਸਿੱਧੀ ਸੰਬਲ, ਇਬਰਾਹਿਮ ਗਾਰਡੀ ਅਤੇ ਦੌਲਤ ਖਾਨ ਸ਼ਾਮਲ ਸਨ, ਵੀ ਮੁਸਲਮਾਨ ਸਨ। ਜਦੋਂ ਉਹ ਅਫਜ਼ਲ ਖਾਨ ਦਾ ਸਾਹਮਣਾ ਕਰਨ ਵਾਲੇ ਸਨ, ਤਾਂ ਉਨ੍ਹਾ ਨੂੰ ਆਪਣੇ ਨਾਲ ਇੱਕ ਲੋਹੇ ਦਾ ਪੰਜਾ ਲੈ ਜਾਣ ਦੀ ਸਲਾਹ ਦਿੱਤੀ ਗਈ, ਜੋ ਉਨ੍ਹਾਂ ਦੇ ਸਹਾਇਕ ਰੁਤਮ-ਏ-ਜ਼ਮਾਨ ਨੇ ਉਨ੍ਹਾਂ ਨੂੰ ਦਿੱਤੀ ਸੀ। ਅਫਜ਼ਲ ਖਾਨ ਦੇ ਕਤਲ ਤੋਂ ਬਾਅਦ ਅਫਜ਼ਲ ਖਾਨ ਦੇ ਸਕੱਤਰ ਕ੍ਰਿਸ਼ਨਾਜੀ ਭਾਸਕਰ ਕੁਲਕਰਨੀ ਨੇ ਸ਼ਿਵਾਜੀ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ।

ਰਾਜਾ ਜੈ ਸਿੰਘ ਔਰੰਗਜ਼ੇਬ ਦੀ ਫੌਜ ਦਾ ਸੈਨਾਪਤੀ ਸੀ, ਜਿਸ ਨੇ ਸ਼ਿਵਾਜੀ 'ਤੇ ਹਮਲਾ ਕੀਤਾ। ਸ਼ਿਵਾਜੀ ਨੂੰ ਔਰੰਗਜੇਬ ਦੇ ਦਰਬਾਰ ਵਿੱਚ ਪੇਸ਼ ਹੋਣ ਲਈ ਮਜਬੂਰ ਕੀਤਾ ਗਿਆ ਅਤੇ ਬਾਅਦ ਵਿੱਚ ਕੈਦ ਕਰ ਲਿਆ ਗਿਆ। ਉਸ ਵਿਅਕਤੀ ਦਾ ਨਾਂਅ, ਜਿਸ ਨੇ ਉਹਨਾ ਨੂੰ ਕੈਦ ਤੋਂ ਭੱਜਣ ਵਿੱਚ ਮਦਦ ਕੀਤੀ ਸੀ, ਮਦਾਰੀ ਮੇਹਤਰ ਸੀ, ਜੋ ਇੱਕ ਮੁਸਲਿਮ ਰਾਜਕੁਮਾਰ ਸੀ।

ਹਿੰਦੂਤਵ ਦੇ ਸੰਸਥਾਪਕ ਸਾਵਰਕਰ ਅਤੇ ਗੋਲਵਲਕਰ ਸੰਭਾਜੀ ਦੇ ਚਰਿੱਤਰ 'ਤੇ ਸਵਾਲ ਉਠਾਉਂਦੇ ਹਨ ਅਤੇ ਸ਼ਰਾਬ ਅਤੇ ਸੁੰਦਰ ਔਰਤਾਂ ਪ੍ਰਤੀ ਉਨ੍ਹਾ ਦੇ ਪਿਆਰ ਦਾ ਜ਼ਿਕਰ ਕਰਦੇ ਹਨ। ਇਨ੍ਹਾਂ ਆਦਤਾਂ ਕਾਰਨ ਸ਼ਿਵਾਜੀ ਨੇ ਉਸ ਨੂੰ ਪਹਿਲਾਂ ਕਿਲ੍ਹੇ ਵਿੱਚ ਕੈਦ ਕਰ ਲਿਆ ਅਤੇ ਬਾਅਦ ਵਿੱਚ ਸੰਭਾਜੀ ਨੇ ਸ਼ਿਵਾਜੀ ਵਿਰੁੱਧ ਜੰਗ ਵਿੱਚ ਔਰੰਗਜ਼ੇਬ ਦਾ ਸਾਥ ਦਿੱਤਾ। ਬੀਜਾਪੁਰ ਦੇ ਆਦਿਲਸ਼ਾਹ ਵਿਰੁੱਧ ਜੰਗ ਵਿੱਚ ਸੰਭਾਜੀ ਔਰੰਗਜ਼ੇਬ ਦਾ ਸਹਿਯੋਗੀ ਵੀ ਸੀ।

ਸ਼ਿਵਾਜੀ ਦੀ ਮੌਤ ਤੋਂ ਬਾਅਦ ਹੋਏ ਸੱਤਾ ਸੰਘਰਸ਼ ਵਿੱਚ ਸੰਭਾਜੀ ਦੇ ਮਤਰੇਅ ਭਰਾ (ਸ਼ਿਵਾਜੀ ਦੀ ਦੂਜੀ ਪਤਨੀ ਸੋਇਆਰਾਬਾਈ ਦੇ ਪੁੱਤਰ) ਨੇ ਉਸ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ। ਸਾਜ਼ਿਸ਼ ਦਾ ਪਰਦਾ ਫਾਸ਼ ਹੋਣ ਤੋਂ ਬਾਅਦ ਸੰਭਾਜੀ ਨੇ ਬਹੁਤ ਸਾਰੇ ਹਿੰਦੂ ਅਫਸਰਾਂ ਨੂੰ ਮਾਰ ਦਿੱਤਾ। ਸੰਭਾਜੀ ਨਾਲ ਯੁੱਧ ਵਿੱਚ ਔਰੰਗਜ਼ੇਬ ਨੇ ਆਪਣੇ ਜਰਨੈਲ ਰਾਠੌੜ ਨੂੰ ਸੰਭਾਜੀ ਨਾਲ ਜੰਗ ਲਈ ਭੇਜਿਆ ਸੀ।

ਸੰਭਾਜੀ ਨੂੰ ਫੜੇ ਜਾਣ ਤੋਂ ਬਾਅਦ ਉਸ ਨੂੰ ਬੇਇੱਜ਼ਤ ਅਤੇ ਤਸੀਹੇ ਦਿੱਤੇ ਗਏ ਸਨ, ਜਿਸ ਨੂੰ ਬਹੁਤ ਹੀ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ।

ਫਿਲਮ ਰਾਹੀਂ ਔਰੰਗਜ਼ੇਬ ਬਾਰੇ ਕਈ ਵਿਸ਼ਵਾਸਾਂ ਨੂੰ ਡੂੰਘਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਸ ਨੂੰ ਆਪਣੇ ਵਿਰੋਧੀਆਂ ਪ੍ਰਤੀ ਬਹੁਤ ਹੀ ਜ਼ਾਲਮ ਦਿਖਾਇਆ ਗਿਆ ਹੈ। ਇੱਥੇ ਸਵਾਲ ਇਨ੍ਹਾਂ ਦੋਸ਼ਾਂ ਦਾ ਜਵਾਬ ਦੇਣ ਦਾ ਨਹੀਂ ਹੈ, ਸਗੋਂ ਇਹ ਸਮਝਣ ਦੀ ਕੋਸ਼ਿਸ਼ ਕਰਨ ਦਾ ਹੈ ਕਿ ਸਾਮਰਾਜ ਕਿਵੇਂ ਕੰਮ ਕਰਦੇ ਹਨ। ਰਾਜਿਆਂ ਲਈ ਆਪਣੇ ਦੁਸਮਣਾਂ ਨਾਲ ਬਹੁਤ ਬੇਰਹਿਮੀ ਨਾਲ ਪੇਸ ਆਉਣਾ ਆਮ ਗੱਲ ਸੀ ਅਤੇ ਇਸ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ।

ਅਸੀਂ ਉਸ ਹਿੰਦੂ ਰਾਜੇ ਬਾਰੇ ਕੀ ਕਹੀਏ, ਜਿਸ ਕੋਲ ਪਹਾੜ ਦੀ ਚੋਟੀ 'ਤੇ ਕਿਲ੍ਹਾ ਸੀ ਅਤੇ ਰਾਜੇ ਵਿਰੁੱਧ ਸਾਜ਼ਿਸ਼ ਰਚਣ ਵਾਲਿਆਂ ਨੂੰ ਬੰਨ੍ਹ ਕੇ ਕਿਲ੍ਹੇ ਤੋਂ ਇੱਕ ਡੂੰਘੀ ਵਾਦੀ ਵਿੱਚ ਸੁੱਟ ਦਿੱਤਾ ਗਿਆ ਸੀ? ਬਾਲਾ ਸਾਮੰਤ ਨੇ ਆਪਣੀ ਕਿਤਾਬ ਵਿੱਚ ਸੂਰਤ ਦੀ ਲੁੱਟ ਦੌਰਾਨ ਸ਼ਿਵਾਜੀ ਦੀ ਫੌਜ ਦੁਆਰਾ ਕੀਤੇ ਗਏ ਅੱਤਿਆਚਾਰਾਂ ਦਾ ਵੇਰਵਾ ਦਿੱਤਾ ਹੈ। ਫੌਜ ਅਤੇ ਜ਼ੁਲਮ ਵਿਚਕਾਰ ਬਹੁਤ ਨੇੜਲਾ ਸਬੰਧ ਸੀ। ਦੁਸ਼ਮਣਾਂ ਪ੍ਰਤੀ ਬੇਰਹਿਮੀ ਜ਼ਰੂਰ ਨਿੰਦਣਯੋਗ ਸੀ, ਪਰ ਇਹ ਇੱਕ ਆਮ ਵਰਤਾਰਾ ਸੀ। ਜਦੋਂ ਸੰਭਾਜੀ ਦੀ ਮਰਾਠਾ ਫੌਜ ਨੇ ਗੋਆ 'ਤੇ ਹਮਲਾ ਕੀਤਾ, ਇੱਕ ਪੁਰਤਗਾਲੀ ਬਿਰਤਾਂਤ (ਇਤਿਹਾਸਕਾਰ ਯਾਦੂਨਾਥ ਸਰਕਾਰ ਦੁਆਰਾ ਹਵਾਲਾ ਦਿੱਤਾ ਗਿਆ) ਦੇ ਅਨੁਸਾਰ, 'ਭਾਰਤ ਵਿੱਚ ਕਿਤੇ ਵੀ ਅਜਿਹੀ ਬੇਰਹਿਮੀ ਕਦੇ ਨਹੀਂ ਦੇਖੀ ਗਈ...।' ਹਾਲਾਂਕਿ ਅੱਤਿਆਚਾਰਾਂ ਦੇ ਇਹਨਾਂ ਬਿਰਤਾਂਤਾਂ ਨੂੰ ਸਾਵਧਾਨੀ ਨਾਲ ਦੇਖਿਆ ਜਾਣਾ ਚਾਹੀਦਾ ਹੈ, ਇਹ ਸਪੱਸ਼ਟ ਹੈ ਕਿ ਹਿੰਸਾ ਇੱਕ ਵਿਆਪਕ ਵਰਤਾਰਾ ਸੀ, ਭਾਵੇਂ ਵੱਡੇ ਜਾਂ ਛੋਟੇ ਪੈਮਾਨੇ 'ਤੇ।

**ਕੀ ਔਰੰਗਜ਼ੇਬ ਹਿੰਦੂ ਵਿਰੋਧੀ ਸੀ?**

ਇਹ ਕਿਹਾ ਜਾ ਸਕਦਾ ਹੈ ਕਿ ਔਰੰਗਜ਼ੇਬ ਨਾ ਤਾਂ ਅਕਬਰ ਵਰਗਾ ਸੀ ਅਤੇ ਨਾ ਹੀ ਦਾਰਾ ਸ਼ਿਕੋਹ ਵਰਗਾ। ਉਹ ਇੱਕ ਰੂੜ੍ਹੀਵਾਦੀ ਆਦਮੀ ਸੀ ਅਤੇ ਜਿੱਥੇ ਇੱਕ ਪਾਸੇ ਉਹ ਹਿੰਦੂਆਂ ਅਤੇ ਇਸਲਾਮ ਦੇ ਗੈਰ-ਸੁੰਨੀ ਸੰਪਰਦਾਵਾਂ ਨੂੰ ਨਾਪਸੰਦ ਕਰਦਾ ਸੀ, ਉੱਥੇ ਦੂਜੇ ਪਾਸੇ ਉਹ ਗੱਠਜੋੜ ਬਣਾਉਣ ਵਿੱਚ ਬਹੁਤ ਹੁਨਰਮੰਦ ਸੀ ਅਤੇ ਉਸ ਦੇ ਪ੍ਰਸ਼ਾਸਨ ਵਿੱਚ ਬਹੁਤ ਸਾਰੇ ਹਿੰਦੂ ਅਧਿਕਾਰੀ ਸਨ। ਜਿਵੇਂ ਕਿ ਪ੍ਰੋਫੈਸਰ ਅਤਹਰ ਅਲੀ ਦੱਸਦੇ ਹਨ-ਔਰੰਗਜੇਬ ਦੇ ਪ੍ਰਸ਼ਾਸਨ ਵਿੱਚ ਹਿੰਦੂ ਅਧਿਕਾਰੀਆਂ ਦੀ ਗਿਣਤੀ ਸਭ ਤੋਂ ਵੱਧ (33 ਪ੍ਰਤੀਸ਼ਤ) ਸੀ।

ਇਹ ਬਿਲਕੁਲ ਸੱਚ ਹੈ ਕਿ ਉਸ ਨੇ ਬਹੁਤ ਸਾਰੇ ਮੰਦਰਾਂ ਨੂੰ ਢਾਹ ਦਿੱਤਾ, ਪਰ ਉਸ ਨੇ ਕਾਮਾਖਿਆ ਦੇਵੀ (ਗੁਹਾਟੀ), ਮਹਾਕਾਲੇਸ਼ਵਰ (ਉਜੈਨ), ਚਿੱਤਰਕੂਟ ਬਾਲਾਜੀ ਅਤੇ ਵ੍ਰਿੰਦਾਵਨ ਵਿੱਚ ਭਗਵਾਨ ਕ੍ਰਿਸ਼ਨ ਵਰਗੇ ਕਈ ਮੰਦਰਾਂ ਨੂੰ ਵੀ ਫੰਡ ਦਿੱਤਾ। ਸ਼ਿਵਾਜੀ ਹਜ਼ਰਤ ਬਾਬਾ ਬਾਹੂਤ ਥੋਰਵਾਲੇ ਦੇ ਸੂਫੀ ਦਰਗਾਹ ਲਈ ਵੀ ਦਾਨ ਦਿੰਦੇ ਸਨ। ਹਾਰੇ ਹੋਏ ਰਾਜੇ ਨੂੰ ਬੇਇੱਜ਼ਤ ਕਰਨ ਲਈ ਜੇਤੂ ਰਾਜਾ ਹਾਰੇ ਹੋਏ ਰਾਜੇ ਨਾਲ ਜੁੜੇ ਖਾਸ ਪੂਜਾ ਸਥਾਨ ਨੂੰ ਤਬਾਹ ਕਰ ਦਿੰਦਾ ਸੀ। ਹੁਣ ਫਿਰਕੂ ਇਤਿਹਾਸਕਾਰ ਮੁਸਲਿਮ ਰਾਜਿਆਂ ਦੁਆਰਾ ਤਬਾਹ ਕੀਤੇ ਗਏ ਮੰਦਰਾਂ ਦੀਆਂ ਘਟਨਾਵਾਂ ਦੀ ਚੋਣਵੇਂ ਤੌਰ 'ਤੇ ਰਿਪੋਰਟ ਕਰ ਰਹੇ ਹਨ ਅਤੇ ਮੁਸਲਿਮ ਰਾਜਿਆਂ ਦੁਆਰਾ ਹਿੰਦੂ ਮੰਦਰਾਂ ਨੂੰ ਦਿੱਤੇ ਗਏ ਦਾਨ ਨੂੰ ਲੁਕਾ ਰਹੇ ਹਨ।

ਔਰੰਗਜ਼ੇਬ ਨੇ 22 ਸਾਲ ਰਾਜ ਕਰਨ ਤੋਂ ਬਾਅਦ ਜਜ਼ੀਆ ਟੈਕਸ ਲਗਾਇਆ, ਪਰ ਬ੍ਰਾਹਮਣਾਂ, ਅਪਾਹਜਾਂ ਅਤੇ ਔਰਤਾਂ ਨੂੰ ਇਸ ਤੋਂ ਛੋਟ ਸੀ। ਇਹ ਧਰਮ ਪਰਿਵਰਤਨ ਦਾ ਸਾਧਨ ਨਹੀਂ, ਸਗੋਂ ਜਾਇਦਾਦ ਟੈਕਸ ਵਾਂਗ ਸੀ ਅਤੇ 1.25 ਪ੍ਰਤੀਸਤ ਦੀ ਦਰ ਨਾਲ ਇਕੱਠਾ ਕੀਤਾ ਜਾਂਦਾ ਸੀ, ਜਦੋਂ ਕਿ ਮੁਸਲਮਾਨਾਂ ਨੂੰ 2.50 ਪ੍ਰਤੀਸ਼ਤ ਦੀ ਦਰ ਨਾਲ ਜਕਾਤ ਅਦਾ ਕਰਨੀ ਪੈਂਦੀ ਸੀ। ਜਿੱਥੋਂ ਤੱਕ ਸਿੱਖ ਗੁਰੂਆਂ 'ਤੇ ਤਸ਼ੱਦਦ ਦਾ ਸਵਾਲ ਹੈ, ਇਹ ਬੇਇਨਸਾਫੀ ਸੀ, ਪਰ ਇਸ ਦਾ ਮੁੱਖ ਕਾਰਨ ਮੁਗਲ ਪ੍ਰਸ਼ਾਸਨ ਅਤੇ ਸਿੱਖ ਗੁਰੂਆਂ ਵਿਚਕਾਰ ਸੱਤਾ ਸੰਘਰਸ਼ ਸੀ।

ਫਿਰਕੂ ਇਤਿਹਾਸਕਾਰ ਸਾਮਰਾਜੀ ਯੁੱਗ ਦੇ ਪੂਰੇ ਸੰਦਰਭ ਦਾ ਹਵਾਲਾ ਦਿੱਤੇ ਬਿਨਾਂ ਵੱਖ-ਵੱਖ ਸਰੋਤਾਂ ਤੋਂ ਘਟਨਾਵਾਂ ਚੁਣਨ ਵਿੱਚ ਰੁੱਝੇ ਹੋਏ ਹਨ। ਰਾਜਿਆਂ ਨੇ ਧਰਮ ਦੀ ਵਰਤੋਂ ਆਪਣੀਆਂ ਫੌਜਾਂ ਨੂੰ ਆਪਣੇ ਦੁਸ਼ਮਣਾਂ ਨਾਲ ਲੜਨ ਲਈ ਉਤਸ਼ਾਹਤ ਅਤੇ ਪ੍ਰੇਰਿਤ ਕਰਨ ਲਈ ਕੀਤੀ। ਹਿੰਦੂ ਰਾਜੇ ਧਰਮ ਯੁੱਧ ਦਾ ਨਾਂਅ ਲੈਂਦੇ ਸਨ ਅਤੇ ਮੁਸਲਿਮ ਰਾਜੇ ਜੇਹਾਦ ਦਾ ਨਾਂਅ ਲੈਂਦੇ ਸਨ। ਸੱਜੇ-ਪੱਖੀ ਇਤਿਹਾਸਕਾਰ ਉਨ੍ਹਾਂ ਸਰੋਤਾਂ ਦੀ ਚੋਣ ਕਰਦੇ ਹਨ, ਜੋ ਉਨ੍ਹਾਂ ਦੀਆਂ ਜ਼ਰੂਰਤਾਂ ਦੇ ਅਨੁਕੂਲ ਹੁੰਦੇ ਹਨ ਅਤੇ ਰਾਜਿਆਂ ਨੂੰ ਧਰਮ ਦੀ ਨਜਰ ਰਾਹੀਂ ਦੇਖਦੇ ਹਨ। ਜੋ ਹੁਣ ਹੋ ਰਿਹਾ ਹੈ, ਉਹ ਫੁੱਟਪਾਊ ਰਾਜਨੀਤੀ ਦੀ ਤਾਕਤ ਵਧਾ ਰਿਹਾ ਹੈ ਅਤੇ ਇਹ ਭਾਰਤੀ ਸੰਵਿਧਾਨ ਲਈ ਇੱਕ ਵੱਡਾ ਖਤਰਾ ਹੈ।

**# ਸੰਪਰਕ : :99884-91002**

**(ਲੇਖਕ ਆਈ ਆਈ ਟੀ ਮੁੰਬਈ ਵਿੱਚ ਪੜ੍ਹਾਉਂਦੇ ਹਨ ਅਤੇ 2007 ਦੇ ਰਾਸਟਰੀ ਕਮਿਊਨਲ ਹਾਰਮਨੀ ਐਵਾਰਡ ਦੇ ਪ੍ਰਾਪਤ ਕਰਤਾ ਹਨ।)**

# ਸਿੱਖਿਆ, ਸਿਹਤ ਤੇ ਰੁਜ਼ਗਾਰ ਸਭਨਾਂ ਲਈ ਯਕੀਨੀ ਬਣਾਓ : ਸੀ ਪੀ ਆਈ

## ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ 'ਤੇ ਭਰਪੂਰ ਸ਼ਰਧਾਂਜਲੀਆਂ




**ਲੁਧਿਆਣਾ (ਨਵਾਂ ਜ਼ਮਾਨਾ ਸਰਵਿਸ)**

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 23 ਮਾਰਚ ਤੋਂ ਲੈ ਕੇ 14 ਅਪ੍ਰੈਲ ਤੱਕ ਲੋਕਾਂ ਦੀਆਂ ਹੱਕੀ ਮੰਗਾਂ ਲਈ ਅਤੇ ਭਾਜਪਾ ਦੀਆਂ ਲੋਕ ਵਿਰੋਧੀ ਤੇ ਫਿਰਕੂ ਨੀਤੀਆਂ ਦੇ ਖ਼ਿਲਾਫ਼ ਦੇਸ਼ ਵਿਆਪੀ ਮੁਹਿੰਮ ਦੇ ਤਹਿਤ ਲੁਧਿਆਣਾ ਵਿਖੇ ਵੱਖ ਵੱਖ ਥਾਵਾਂ 'ਤੇ ਰੈਲੀਆਂ, ਪ੍ਰਦਰਸ਼ਨ ਤੇ ਜਨਤਕ ਸਮਾਗਮ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਜਗਰਾਉਂ ਪੁਲ 'ਤੇ ਇਕੱਠੇ ਹੋ ਕੇ ਸਾਥੀਆਂ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁੱਤਾਂ 'ਤੇ ਹਾਰ ਪਾ ਕੇ ਉਨ੍ਹਾਂ ਦੇ ਦਿਖਾਏ ਰਸਤਿਆਂ 'ਤੇ ਚੱਲਣ ਦਾ ਪ੍ਰਣ ਲਿਆ। ਇਸ ਮੌਕੇ ਬੋਲਦਿਆਂ ਪਾਰਟੀ ਦੇ ਜ਼ਿਲ੍ਹਾ ਸਕੱਤਰ ਡੀ ਪੀ ਮੌੜ ਨੇ ਕਿਹਾ ਕਿ ਮਹਾਨ ਸ਼ਹੀਦਾਂ ਨੇ ਬਰਤਾਨਵੀ ਸਾਮਰਾਜਵਾਦ ਨੂੰ ਦੇਸ਼ 'ਚੋਂ ਕੱਢ ਕੇ ਨਿਆਂ ਤੇ ਬਰਾਬਰੀ 'ਤੇ ਅਧਾਰਤ ਆਜ਼ਾਦ ਭਾਰਤ ਦੀ ਰਚਨਾ ਦਾ ਪ੍ਰਣ ਲਿਆ। ਅਜੋਕੇ ਸਮੇਂ ਕੇਂਦਰ ਵਿੱਚ ਆਰ ਐੱਸ ਐੱਸ ਦੀ ਥਾਪੜੀ ਭਾਜਪਾ ਦੀ ਸਰਕਾਰ ਵੱਲੋਂ ਮਜ਼ਦੂਰਾਂ, ਕਿਸਾਨਾਂ ਦੇ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ, ਬੇਰੁਜ਼ਗਾਰੀ ਵਧ ਰਹੀ ਹੈ, ਸਿੱਖਿਆ ਤੇ ਸਿਹਤ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ, ਔਰਤਾਂ ਉੱਪਰ ਅੱਤਿਆਚਾਰ ਵਧ ਰਹੇ ਹਨ। ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਵਿੱਚ ਹਰ ਪਾਸਿਓਂ ਅਸਫ਼ਲ ਹੋਣ 'ਤੇ ਸਰਕਾਰ ਹੁਣ ਅੰਤ ਦਾ ਫਿਰਕੂ ਜ਼ਹਿਰ ਫੈਲਾਅ ਕੇ ਸਮਾਜ ਵਿੱਚ ਵੰਡੀਆਂ ਪਾ ਕੇ ਸ਼ਾਸਨ ਕਰਨਾ ਚਾਹੁੰਦੀ ਹੈ। ਅੱਜ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੁਆਰਾ ਦਿਖਾਏ ਗਏ ਮਾਰਗ 'ਤੇ ਚੱਲ ਕੇ ਇਨ੍ਹਾਂ ਨੀਤੀਆਂ ਦਾ ਡਟ ਕੇ ਵਿਰੋਧ ਕਰਨਾ ਪਵੇਗਾ। ਇਸ ਮੌਕੇ ਹੋਰ ਸਾਥੀ, ਜਿਨ੍ਹਾਂ ਨੇ ਸੰਬੋਧਨ ਕੀਤਾ, ਉਨ੍ਹਾਂ 'ਚ ਸ਼ਹਿਰੀ ਸਕੱਤਰ ਐੱਮ ਐੱਸ ਭਾਟੀਆ, ਵਿਜੇ ਕੁਮਾਰ, ਕੇਵਲ ਸਿੰਘ ਬਨਵੈਤ ਸ਼ਾਮਲ ਸਨ।

ਇਸੇ ਦੌਰਾਨ ਸਿੰਧਵਾਂ ਬੇਟ ਵਿਖੇ ਸਿਵਲ ਹਸਪਤਾਲ ਦੇ ਬਾਹਰ ਇੱਕ ਜਲਸਾ ਕੀਤਾ ਗਿਆ, ਜਿਸ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਪਾਰਟੀ ਦੇ ਜ਼ਿਲ੍ਹਾ ਵਿੱਤ ਸਕੱਤਰ ਕਾਮਰੇਡ ਐੱਮ ਐੱਸ ਭਾਟੀਆ ਨੇ ਕਿਹਾ ਕਿ ਸ਼ਹੀਦਾਂ ਦਾ ਸੁਨੇਹਾ ਪਿੰਡ ਪਿੰਡ ਪਹੁੰਚਾਉਣ ਦੀ ਲੋੜ ਹੈ ਤਾਂ ਜੋ ਲੋਕਾਂ ਨੂੰ ਲਾਮਬੰਦ ਕਰਕੇ ਸਰਕਾਰ ਦੀਆਂ ਫ਼ਿਰਕੂ ਤੇ ਲੋਕ ਦੋਖੀ ਨੀਤੀਆਂ ਦਾ ਵਿਰੋਧ ਕੀਤਾ ਜਾ ਸਕੇ ਅਤੇ ਸ਼ਹੀਦਾਂ ਦੀ ਸੋਚ 'ਤੇ ਅਧਾਰਤ ਦੇਸ਼ ਦੀ ਰਚਨਾ ਕੀਤੀ ਜਾ ਸਕੇ। ਉਨ੍ਹਾਂ ਤੋਂ ਇਲਾਵਾ ਰੈਲੀ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਚਮਕੌਰ ਸਿੰਘ ਦੌਧਰ, ਗੁਰਨਾਮ ਸਿੰਘ ਬਹਾਦਰ ਕੇ, ਹੁਕਮ ਰਾਜ, ਖੁਸ਼ਹਾਲ ਸਿੰਘ, ਕਾਮਰੇਡ ਜਗਦੀਸ਼, ਮਾਸਟਰ ਤਰਲੋਚਨ ਸਿੰਘ ਤੇ ਅਮਨਜੀਤ ਸ਼ਾਮਲ ਸਨ। ਇਸ ਮੌਕੇ ਸਕੂਲੀ ਬੱਚਿਆਂ ਨੇ ਸ਼ਹੀਦਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕਰਨ ਦੇ ਤੌਰ 'ਤੇ ਕਵਿਤਾਵਾਂ ਪੇਸ਼ ਕੀਤੀਆਂ।

ਚੰਦਰ ਕਲੋਨੀ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਤੇ ਤੇਜਾ ਸਿੰਘ ਸੁਤੰਤਰ ਮੁਹੱਲਾ ਸੁਧਾਰ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਆਪਣੇ ਇਨਕਲਾਬੀ ਨਾਟਕ ਤੇ ਗੀਤ ਪੇਸ਼ ਕੀਤੇ। ਇਸ ਸਮਾਗਮ ਵਿੱਚ ਕਾਮਰੇਡ ਐੱਮ ਐੱਸ ਭਾਟੀਆ ਉਚੇਚੇ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਤੋਂ ਇਲਾਵਾ ਵਾਰਡ ਨੰਬਰ 62 ਦੇ ਕੌਂਸਲਰ ਸੰਦੀਪ ਮੋਹਗਿੱਲ ਤੇ ਵਾਰਡ ਨੰਬਰ 64 ਦੇ ਆਪ ਆਗੂ ਮਨੀਸ਼ ਸ਼ਾਹ ਨੇ ਸੰਬੋਧਨ ਕੀਤਾ। ਪ੍ਰੋਗਰਾਮ ਦਾ ਸੰਚਾਲਨ ਕਮੇਟੀ ਦੇ ਸਕੱਤਰ ਤੇ ਕਮਿਊਨਿਸਟ ਆਗੂ ਕਾਮਰੇਡ ਰਣਧੀਰ ਸਿੰਘ ਧੀਰਾ ਨੇ ਕੀਤਾ।

# ਸ਼ਹੀਦੀ ਦਿਹਾੜੇ ਨੂੰ ਸਮਰਪਤ ਬਾਬਾ ਮੌਜਦੀਨ ਸੋਸਾਇਟੀ ਵੱਲੋਂ ਖ਼ੂਨਦਾਨ ਕੈਂਪ



**ਜ਼ੀਰਾ (ਨਰਿੰਦਰ ਅਨੇਜਾ)**-ਸ੍ਰ. ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਬਾਬਾ ਮੌਜਦੀਨ ਲੰਗਰ ਐਂਡ ਵੈੱਲਫੇਅਰ ਸੋਸਾਇਟੀ ਵੱਲੋਂ ਤੀਸਰਾ ਖ਼ੂਨਦਾਨ ਕੈਂਪ ਲਾਇਆ ਗਿਆ। ਇਸ ਮੌਕੇ ਪ੍ਰਿੰਸ ਘੁਰਕੀ ਨੇ ਬੋਲਦਿਆਂ ਕਿਹਾ ਕਿ ਕਿਸੇ ਦੂਸਰੇ ਵਿਅਕਤੀ ਨੂੰ ਆਪਣਾ ਖ਼ੂਨ ਦੇਣਾ ਸਭ ਤੋਂ ਵੱਡਾ ਦਾਨ ਹੈ। ਖ਼ੂਨ ਅਜਿਹਾ ਪਦਾਰਥ ਹੈ, ਜਿਸ ਨੂੰ ਲੈਬਾਰਟਰੀ ਵਿੱਚ ਅਜੇ ਤੱਕ ਬਣਾਇਆ ਨਹੀਂ ਜਾ ਸਕਿਆ। ਇਸ ਲਈ ਖ਼ੂਨ ਦੀ ਕੋਈ ਕੀਮਤ ਨਿਸ਼ਚਤ ਨਹੀਂ ਕੀਤੀ ਜਾ ਸਕਦੀ। ਇੱਕ ਜੀਵਿਤ ਵਿਅਕਤੀ ਦੀ ਜ਼ਿੰਦਗੀ ਵਿੱਚ ਇਸ ਤੋਂ ਵੱਡਾ ਕੋਈ ਦਾਨ ਨਹੀਂ ਹੈ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਨ ਤੋਂ ਘਬਰਾਉਣਾ ਇਸ ਵਿਚਲੀ ਸੱਚਾਈ ਤੋਂ ਅਣਜਾਣ ਹੋਣ ਦਾ ਸਿੱਟਾ ਹੀ ਹੁੰਦਾ ਹੈ। ਡਾਕਟਰੀ ਪੜ੍ਹਾਈ ਅਨੁਸਾਰ ਕੋਈ ਵੀ 18 ਸਾਲ ਤੋਂ 55 ਸਾਲ ਦਾ ਤੰਦਰੁਸਤ ਵਿਅਕਤੀ ਹਰ 3 ਮਹੀਨੇ ਬਾਅਦ ਖ਼ੂਨ ਦਾਨ ਕਰ ਸਕਦਾ ਹੈ। ਇਸ ਨਾਲ ਖ਼ੂਨ ਦਾਨ ਕਰਨ ਵਾਲੇ ਦੀ ਸਿਹਤ 'ਤੇ ਕੋਈ ਵੀ ਮਾੜਾ ਪ੍ਰਭਾਵ ਨਹੀਂ ਪੈਂਦਾ। ਖ਼ੂਨਦਾਨੀ ਦੇ ਸਰੀਰ ਵਿੱਚ ਘਟਿਆ ਖ਼ੂਨ ਕੁਝ ਘੰਟਿਆਂ ਵਿੱਚ ਹੀ ਪੂਰਾ ਹੋ ਜਾਂਦਾ ਹੈ। ਖ਼ੂਨ ਦਾਨ ਕਰਨ ਨਾਲ, ਜਦੋਂ ਕਿਸੇ ਮਰੀਜ਼ ਦੀ ਬਿਮਾਰੀ ਠੀਕ ਹੁੰਦੀ ਹੈ ਤਾਂ ਇਸ ਨਾਲ ਖ਼ੂਨਦਾਨੀ ਨੂੰ ਜਿਹੜੀ ਮਾਨਸਿਕ ਸੰਤੁਸ਼ਟੀ ਮਿਲਦੀ ਹੈ, ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਲਈ ਸਾਰਿਆਂ ਨੂੰ ਖ਼ੂਨਦਾਨ ਕਰਨਾ ਚਾਹੀਦਾ ਵੱਖ-ਵੱਖ ਪਾਰਟੀਆਂ ਦੇ ਅਹੁਦੇਦਾਰਾਂ ਨੇ ਕਈ ਸਮਾਜ ਸੇਵਾ ਦੇ ਕੰਮ ਤੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਤੇ ਤੀਸਰਾ ਖ਼ੂਨਦਾਨ ਕੈਂਪ ਲਗਾਉਣ ਦੀ ਸ਼ਲਾਘਾ ਕੀਤੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸ਼ੰਕਰ ਕਟਾਰੀਆ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਭਾਜਪਾ ਦੇ ਆਗੂ ਹਰਬੀਰ ਸਿੰਘ ਵਿੱਕੀ ਸੇਠੀ ਜ਼ੀਰਾ ਕਈ ਸਮਾਜ ਸੇਵੀ ਸੰਸਥਾ ਤੇ ਬਾਬਾ ਮੌਜਦੀਨ ਦੇ ਲੰਗਰ ਤੇ ਵੈੱਲਫੇਅਰ ਸੁਸਾਇਟੀ ਦੇ ਮੈਂਬਰ ਸ਼ਾਮਲ ਸਨ, ਦੇਰ ਸ਼ਾਮ ਤੱਕ ਇਸ ਖ਼ੂਨ ਦਾਨ ਕੈਂਪ ਵਿੱਚ 179 ਨੌਜਵਾਨਾਂ ਨੇ ਖ਼ੂਨਦਾਨ ਕੀਤਾ।

# ਲੋਕ ਸੰਗਰਾਮ ਮੋਰਚਾ ਵੱਲੋਂ ਹੁਸੈਨੀਵਾਲਾ ਵਿਖੇ ਨਾਟਕ ਤੇ ਸਿਆਸੀ ਕਾਨਫਰੰਸ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸੰਗਰਾਮ ਮੋਰਚਾ ਵੱਲੋਂ ਮਹਾਨ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦ ਵਿੱਚ ਹੁਸੈਨੀਵਾਲਾ ਵਿਖੇ ਇਨਕਲਾਬੀ ਨਾਟਕ ਤੇ ਸਿਆਸੀ ਕਾਨਫਰੰਸ ਕੀਤੀ ਗਈ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ 23 ਮਾਰਚ ਦੇ ਸ਼ਹੀਦਾਂ ਨੂੰ ਮੋਨ ਧਾਰ ਕੇ, ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਵੱਲੋਂ ਝੰਡਾ ਨਿਵਾ ਕੇ ਤੇ ਆਗੂਆਂ ਵੱਲੋਂ ਫੋਟੋਆਂ ਨੂੰ ਫੁੱਲ ਭੇਟ ਕਰਕੇ ਸ਼ਰਧਾਂਜਲੀਆਂ ਅਰਪਣ ਕੀਤੀਆਂ। ਲੋਕ ਸੰਗਰਾਮ ਮੋਰਚਾ ਦੇ ਆਗੂ ਰਾਜੇਸ਼ ਮਲਹੋਤਰਾ, ਪ੍ਰੈੱਸ ਸਕੱਤਰ ਪਰਮਜੀਤ ਜ਼ੀਰਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਤੇ ਰੇਸ਼ਮ ਰਟੌਲ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਪ੍ਰਧਾਨ ਬਲਦੇਵ ਜ਼ੀਰਾ, ਸੀਨੀਅਰ ਮੀਤ ਪ੍ਰਧਾਨ ਲਾਲ ਸਿੰਘ ਗੋਲੇਵਾਲਾ ਤੇ ਔਰਤ ਆਗੂ ਬਲਜੀਤ ਮਖੂ, ਦਸਮੇਸ਼ ਮਜ਼ਦੂਰ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਜਸਦੇਵ ਲਲਤੋਂ ਤੇ ਬੀ ਕੇ ਯੂ ਆਜ਼ਾਦ ਦੇ ਜਗਰਾਜ ਸਿੰਘ ਨੇ ਕਾਨਫਰੰਸ 'ਤੇ ਸੰਬੋਧਨ ਕੀਤਾ।

ਕ੍ਰਾਂਤੀ ਕਲਾ ਮੰਚ ਦੀ ਨਾਟਕ ਟੀਮ ਵੱਲੋਂ ਇਨਕਲਾਬੀ ਨਾਟਕ ਖੇਡੇ ਗਏ। ਰਮਨ ਮਲਹੋਤਰਾ ਨੇ ਇਨਕਲਾਬੀ ਗੀਤਾਂ ਰਾਹੀਂ ਸੰਗਤ ਨੂੰ ਝੂਮਣ ਲਾ ਦਿੱਤਾ। ਆਗੂਆਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਫਾਂਸੀ ਲੱਗਦੇ ਸਮੇਂ ਨਾਹਰਾ "ਇਨਕਲਾਬ ਜ਼ਿੰਦਾਬਾਦ! ਸਾਮਰਾਜਵਾਦ ਮੁਰਦਾਬਾਦ!!" ਬੁਲੰਦ ਕੀਤਾ ਸੀ। 23 ਮਾਰਚ ਦੇ ਸ਼ਹੀਦ ਜਿਉਂਦੇ ਜੀ ਕਹਿ ਗਏ ਸਨ ਕਿ ਕਾਂਗਰਸ ਪਾਰਟੀ ਬਰਤਾਨੀਆ ਨਾਲ ਸਮਝੌਤਾ ਕਰਕੇ ਲੋਕਾਂ ਨਾਲ ਗਦਾਰੀ ਕਰੇਗੀ, ਇੰਝ ਹੀ ਹੋਇਆ। ਅੰਗਰੇਜ਼ਾਂ ਦੀ ਥਾਂ ਕਾਲੇ ਭਾਰਤੀ ਹਾਕਮ ਗੱਦੀਆਂ 'ਤੇ ਬੈਠ ਗਏ। ਲੋਕਾਂ ਦੀ ਮੁਕਤੀ ਦੀ ਜੰਗ ਅਧਵਾਟੇ ਰਹਿ ਗਈ, ਕਿਸਾਨ ਤੇ ਆਦਿਵਾਸੀ ਆਪਣੀਆਂ ਜ਼ਮੀਨਾਂ ਬਚਾਉਣ ਲਈ ਸਾਮਰਾਜੀਆਂ ਤੇ ਕਾਰਪੋਰੇਟਾਂ ਵਿਰੁੱਧ ਲੜ ਰਹੇ ਹਨ। ਮਾਓਵਾਦੀ-ਸਾਮਰਾਜੀਆਂ ਜਗੀਰਦਾਰਾਂ ਤੇ ਨੌਕਰਸ਼ਾਹ ਸਰਮਾਏਦਾਰਾਂ ਤੋਂ ਕਿਰਤੀ ਲੋਕਾਂ ਨੂੰ ਮੁਕਤੀ ਦਿਵਾ ਕੇ ਲੋਕਾਸ਼ਾਹੀ ਰਾਜ ਸਿਰਜਨ ਲਈ ਜੱਦੋਜਹਿਦ ਕਰ ਰਹੇ ਹਨ। ਭਾਰਤੀ ਹਾਕਮਾਂ ਨੇ ਉਨ੍ਹਾਂ ਨੂੰ ਕੌਮੀ ਮੁਕਤੀ ਲਹਿਰਾਂ ਨੂੰ ਹਰਾਉਣ ਲਈ ਲੱਖਾਂ ਦੀ ਤਾਦਾਦ ਵਿੱਚ ਪੁਲਸ, ਅਰਧਸੈਨਿਕ ਬਲ ਤੇ ਹਵਾਈ ਫੌਜ ਹਮਲੇ 'ਤੇ ਉਤਾਰ ਰੱਖੀ ਹੈ। ਸ਼ੰਭੂ, ਖਨੌਰੀ ਬਾਰਡਰਾਂ 'ਤੇ ਕਿਸਾਨ ਮੋਰਚਿਆਂ ਨੂੰ ਭਗਵੰਤ ਮਾਨ ਸਰਕਾਰ ਤੇ ਮੋਦੀ ਸਰਕਾਰ ਨੇ ਲੀਡਰਾਂ ਨੂੰ ਗ੍ਰਿਫਤਾਰ ਕਰਕੇ ਪੁਲਸ ਦੇ ਜ਼ੋਰ ਧਰਨੇ ਪੁੱਟ ਦਿੱਤੇ ਹਨ। ਕਿਸਾਨਾਂ ਦਾ ਸਾਮਾਨ ਖੁਰਦ ਬੁਰਦ ਕਰਾ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਸਿਰਜਨ ਲਈ ਲੁਟੇਰੇ ਪ੍ਰਬੰਧ ਨੂੰ ਬਦਲਣ ਲਈ ਲੋਕ ਸੰਗਰਾਮ ਨੂੰ ਹੋਰ ਤੇਜ਼ ਕਰਨਾ ਚਾਹੀਦਾ ਹੈ। ਅਖੀਰ 'ਤੇ ਦਲਵਿੰਦਰ ਸਿੰਘ ਸ਼ੇਰ ਖਾਂ ਨੇ ਨਾਹਰੇ ਲਗਾ ਕੇ ਪ੍ਰੋਗਰਾਮ ਦੀ ਸਮਾਪਤੀ ਕੀਤੀ।

# ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਸੀ ਡੀ ਪੀ ਓ ਦਫਤਰ ਅੱਗੇ ਰੋਸ ਧਰਨਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਅੱਜ ਸੀ ਡੀ ਪੀ ਓ ਦਫਤਰ ਸ੍ਰੀ ਮੁਕਤਸਰ ਸਾਹਿਬ ਅੱਗੇ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਸ਼ਿੰਦਰਪਾਲ ਕੌਰ ਥਾਂਦੇਵਾਲਾ ਦੀ ਅਗਵਾਈ ਹੇਠ ਰੋਸ ਧਰਨਾ ਲਗਾਇਆ ਗਿਆ ਤੇ ਸੀ ਡੀ ਪੀ ਓ ਦੇ ਖਿਲਾਫ ਜ਼ੋਰਦਾਰ ਨਾਹਰੇਬਾਜ਼ੀ ਕੀਤੀ ਗਈ।ਇਸ ਸਮੇਂ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਵਿਸ਼ੇਸ਼ ਤੌਰ ਤੇ ਪੁੱਜੇ। ਰੋਸ ਧਰਨੇ ਨੂੰ ਸੰਬੋਧਨ ਆਗੂਆਂ ਨੇ ਕਿਹਾ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਮਾਰਚ 2025 ਵਿੱਚ ਸ੍ਰੀ ਮੁਕਤਸਰ ਸਾਹਿਬ ਖੇਤਰ ਵਿੱਚ ਚੱਲ ਰਹੇ ਆਂਗਣਵਾੜੀ ਸੈਂਟਰਾਂ ਵਿੱਚ ਲਾਭਪਾਤਰੀ ਗਰਭਵਤੀ ਔਰਤਾਂ ਤੇ ਦੁੱਧ ਪਿਲਾਉਂਦੀਆਂ ਮਾਵਾਂ ਲਈ ਜੋ ਮੁਰਮੁਰੇ ਪੈਕਟਾਂ ਵਿੱਚ ਭੇਜੇ ਗਏ ਹਨ, ਉਹ ਮੁਰਮੁਰੇ ਠੀਕ ਨਹੀਂ ਹਨ ਤੇ ਖਰਾਬ ਹਨ।ਉਨ੍ਹਾਂ ਦਾ ਰੰਗ ਵੀ ਬਦਲਿਆ ਪਿਆ ਹੈ ਤੇ ਖਾਣ ਵਿੱਚ ਵੀ ਕੌੜੇ ਹਨ।ਜਦੋਂ ਜਥੇਬੰਦੀ ਨੇ ਇਸ ਦਾ ਵਿਰੋਧ ਕੀਤਾ ਤਾਂ ਸੀ ਡੀ ਪੀ ਓ ਤੇ ਸੁਪਰਵਾਈਜ਼ਰਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਉੱਪਰ ਦਬਾ ਪਾ ਰਹੀਆਂ ਹਨ ਕਿ ਤੁਸੀਂ ਕਹੋ ਕਿ ਰਾਸ਼ਨ ਠੀਕ ਹੈ।ਆਗੂਆਂ ਨੇ ਕਿਹਾ ਕਿ ਪਿਛਲੇਂ ਸਮੇਂ ਦੌਰਾਨ ਵੀ ਮਹਿਕਮੇ ਵੱਲੋਂ ਪੰਜੀਰੀ ਤੇ ਹੋਰ ਸਾਮਾਨ ਖਰਾਬ ਭੇਜਿਆ ਗਿਆ ਸੀ, ਪਰ ਇਸ ਮਾੜੇ ਰਾਸ਼ਨ ਨੂੰ ਬੰਦ ਕਰਨ ਦੀ ਥਾਂ ਉਲਟਾ ਮਹਿਕਮੇ ਵੱਲੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਤੇ ਦਬਾਅ ਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਅਖ਼ਬਾਰਾਂ ਨੂੰ ਝੂਠੀਆਂ ਖ਼ਬਰਾਂ ਵੀ ਮਹਿਕਮੇ ਵੱਲੋਂ ਭੇਜੀਆਂ ਗਈਆਂ ਹਨ ਕਿ ਰਾਸ਼ਨ ਤਾਂ ਠੀਕ ਹੈ ਤੇ ਵਰਕਰਾਂ ਜਾਣ-ਬੁੱਝ ਕੇ ਇਸ ਨੂੰ ਮਾੜਾ ਕਹਿ ਰਹੀਆਂ ਹਨ ਤੇ ਮਹਿਕਮੇ ਨੂੰ ਬਦਨਾਮ ਕਰ ਰਹੀਆਂ ਹਨ।ਆਗੂਆਂ ਨੇ ਕਿਹਾ ਕਿ ਅਜਿਹਾ ਮਾੜਾ ਰਾਸ਼ਨ ਖਾ ਕੇ ਔਰਤਾਂ ਬਿਮਾਰ ਹੋਣਗੀਆਂ।ਅਸੀਂ ਇਸ ਦਾ ਵਿਰੋਧ ਕਰਦੀਆਂ ਹਾਂ।ਉਨ੍ਹਾਂ ਕਿਹਾ ਕਿ ਜਥੇਬੰਦੀ ਦੀ ਮੰਗ ਹੈ ਕਿ ਆਂਗਣਵਾੜੀ ਸੈਂਟਰਾਂ ਵਿੱਚ ਸਹੀ ਰਾਸ਼ਨ ਭੇਜਿਆ ਜਾਵੇ ਤੇ ਪ੍ਰਾਈਵੇਟ ਕੰਪਨੀਆਂ ਦੀ ਥਾਂ ਸਰਕਾਰੀ ਅਦਾਰੇ ਵੇਰਕਾ ਦਾ ਰਾਸ਼ਨ ਭੇਜਿਆ ਜਾਵੇ।ਇਸ ਮੌਕੇ ਸਰਬਜੀਤ ਕੌਰ ਚੱਕ ਕਾਲਾ ਸਿੰਘ ਵਾਲਾ, ਇੰਦਰਪਾਲ ਕੌਰ ਮੁਕਤਸਰ, ਚਰਨਜੀਤ ਕੌਰ, ਅੰਮ੍ਰਿਤਪਾਲ ਕੌਰ ਥਾਂਦੇਵਾਲਾ , ਸੁਖਦੇਵ ਕੌਰ ਬਰਕੰਦੀ, ਪਰਮਜੀਤ ਕੌਰ ਜਵਾਹਰੇਵਾਲਾ, ਬਲਜਿੰਦਰ ਕੌਰ ਉਦੇਕਰਨ, ਕੋਰ ਜੀਤ ਕੌਰ, ਛਿੰਦਰ ਕੌਰ ਚੱਕ ਕਾਲਾ ਸਿੰਘ ਵਾਲਾ, ਰਾਜ ਰਾਣੀ ਉਦੇਕਰਨ ਅਤੇ ਹੋਰ ਆਗੂ ਮੌਜੂਦ ਸਨ ।

# 28 ਨੂੰ ਪੂਰੇ ਭਾਰਤ 'ਚ ਜਬਰ ਵਿਰੋਧੀ ਕਾਲਾ ਦਿਵਸ ਮਨਾਇਆ ਜਾਵੇਗਾ : ਕਿਸਾਨ ਆਗੂ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ 'ਤੇ ਕਿਸਾਨ ਮੋਰਚੇ ਵਿੱਚ ਸ਼ਾਮਲ ਬਠਿੰਡਾ ਜ਼ਿਲ੍ਹੇ ਦੀਆਂ ਕਿਸਾਨ ਜਥੇਬੰਦੀਆਂ ਦੀ ਇੱਕ ਮੀਟਿੰਗ ਜਸਵੀਰ ਸਿੰਘ ਆਕਲੀਆ ਜ਼ਿਲ੍ਹਾ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ ਦੀ ਪ੍ਰਧਾਨਗੀ ਹੇਠ ਸਥਾਨਕ ਟੀਚਰਜ ਹੋਮ ਵਿਖੇ ਹੋਈ ।ਮੀਟਿੰਗ ਵਿੱਚ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਪੰਜਾਬ ਪੁਲਿਸ ਦੁਆਰਾ ਪਿਛਲੇ ਦਿਨੀ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਨ, ਸ਼ੰਭੂ ਖਨੌਰੀ ਤੇ ਹੋਰ ਬਾਰਡਰਾਂ 'ਤੇ ਕਿਸਾਨਾਂ 'ਤੇ ਲਾਠੀ ਚਾਰਜ ਕਰਨ, ਜੇਲਾਂ ਵਿੱਚ ਡੱਕਣ, ਉਨ੍ਹਾਂ ਦਾ ਸਾਮਾਨ ਭੰਨਣ ਤੇ ਚੋਰੀ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਬੀਕੇਯੂ ਉਗਰਾਹਾਂ ਦੇ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ, ਬੀਕੇਯੂ ਡਕੌਂਦਾ (ਬੁਰਜ ਗਿੱਲ) ਦੇ ਸੂਬਾ ਮੀਤ ਪ੍ਰਧਾਨ ਬਲਦੇਵ ਸਿੰਘ ਭਾਈਰੂਪਾ, ਬੀਕੇਯੂ ਮਾਨਸਾ ਦੇ ਸੂਬਾ ਜਨਰਲ ਸਕੱਤਰ ਬੇਅੰਤ ਸਿੰਘ ਮਹਿਮਾ, ਬੀਕੇਯੂ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਕੋਟਲੀ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਸਵਰਨ ਸਿੰਘ ਪੂਹਲੀ, ਬੀਕੇਯੂ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਦਾਰਾ ਸਿੰਘ ਮਾਈਸਰਖਾਨਾ, ਬੀਕੇਯੂ ਮਾਲਵਾ ਦੇ ਜ਼ਿਲ੍ਹਾ ਆਗੂ ਕੁਲਦੀਪ ਸਿੰਘ ਕੋਟਸ਼ਮੀਰ ਅਤੇ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਸੰਪੂਰਨ ਸਿੰਘ ਨੇ ਬੋਲਦਿਆਂ ਹੋਇਆਂ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਨੇ ਪਿਛਲੇ ਦਿਨੀਂ ਕਿਸਾਨਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਤੇ ਧੋਖੇ ਨਾਲ ਕਿਸਾਨ ਆਗੂਆਂ ਨੂੰ ਮੀਟਿੰਗ ਤੇ ਬੁਲਾ ਕੇ ਗਿਰਫਤਾਰ ਕੀਤਾ ਗਿਆ। ਜਮਹੂਰੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਕਿਸਾਨਾਂ ਦੇ ਲੋਕਤੰਤਰੀ ਅਧਿਕਾਰਾਂ ਨੂੰ ਕੁਚਲਦਿਆਂ ਹੋਇਆਂ ਸ਼ੰਭੂ ਖਨੌਰੀ ਅਤੇ ਦੂਜੇ ਬਾਡਰਾਂ ਤੇ ਚੱਲ ਰਹੇ ਧਰਨਿਆਂ ਉੱਪਰ ਰਾਤ ਦੇ ਸਮੇਂ ਧਾਵਾ ਬੋਲ ਕੇ ਕਿਸਾਨਾਂ ਤੇ ਲਾਠੀ ਚਾਰਜ ਕੀਤਾ ਗਿਆ।ਉਨ੍ਹਾਂ ਦੇ ਸਾਮਾਨ ਦੀ ਵੱਡੀ ਪੱਧਰ 'ਤੇ ਭੰਨ ਤੋੜ ਕੀਤੀ ਗਈ ਤੇ ਵੱਡੀ ਪੱਧਰ 'ਤੇ ਕਿਸਾਨਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ।ਲਾਵਾਰਸ ਹੋਏ ਕਿਸਾਨਾਂ ਦੇ ਟਰੈਕਟਰ ਟਰਾਲੀਆਂ ਤੇ ਦੂਜੇ ਸਾਮਾਨ ਦੀ ਵੱਡੀ ਪੱਧਰ 'ਤੇ ਚੋਰੀ ਕਰਵਾਈ ਗਈ।ਸੋਸ਼ਲ ਮੀਡੀਆ 'ਤੇ ਆ ਰਹੀਆਂ ਵੀਡੀਓਜ਼ ਵਿੱਚ ਇਹ ਵੀ ਦੇਖਿਆ ਗਿਆ ਕਿ ਕਿਸਾਨਾਂ ਦੀਆਂ ਚੋਰੀ ਹੋਈਆਂ ਟਰਾਲੀਆਂ ਸੱਤਾਧਾਰੀ ਆਮ ਪਾਰਟੀ ਦੇ ਆਗੂਆਂ ਦੇ ਘਰਾਂ ਤੋਂ ਬਰਾਮਦ ਹੋ ਰਹੀਆਂ ਹਨ।ਕਿਸਾਨ ਆਗੂਆਂ ਨੇ ਇਸ ਘਟਨਾਕ੍ਰਮ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ ਲਗਾਇਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਕੇਂਦਰ ਦੀ ਮੋਦੀ ਸਰਕਾਰ ਦੀਆਂ ਨਾਦਰਸ਼ਾਹੀ ਤੇ ਲੋਕ ਵਿਰੋਧੀ ਨੀਤੀਆਂ ਨੂੰ ਪੰਜਾਬ ਵਿੱਚ ਲਾਗੂ ਕਰ ਰਹੀ ਹੈ। ਉਹ ਕਿਸਾਨਾਂ ਤੇ ਜ਼ੁਲਮ ਕਰਕੇ ਸਰਕਾਰਾਂ ਦੇ ਕਾਰਪੋਰੇਟ ਪੱਖੀ ਅਤੇ ਲੋਕ ਵਿਰੋਧੀ ਏਜੰਡੇ ਨੂੰ ਅੱਗੇ ਵਧ ਕੇ ਲਾਗੂ ਕਰਨ ਦਾ ਯਤਨ ਕਰ ਰਹੀ ਹੈ। ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਕਿਸਾਨ ਭਾਵੇਂ ਕਿਸੇ ਵੀ ਮੋਰਚੇ ਜਾਂ ਜਥੇਬੰਦੀ ਦੇ ਬੈਨਰ ਥੱਲੇ ਸ਼ਾਂਤੀਪੂਰਨ ਸੰਘਰਸ਼ ਕਰਦੇ ਹੋਣ, ਉਨ੍ਹਾਂ 'ਤੇ ਕੋਈ ਵੀ ਜ਼ੁਲਮ ਸਹਿਣ ਨਹੀਂ ਕੀਤਾ ਜਾਵੇਗਾ ਤੇ ਇਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 28 ਮਾਰਚ ਨੂੰ ਪੂਰੇ ਭਾਰਤ ਵਿੱਚ ਜਬਰ ਵਿਰੋਧੀ ਕਾਲਾ ਦਿਵਸ ਮਨਾਇਆ ਜਾਵੇਗਾ ਤੇ ਜ਼ਿਲ੍ਹਾ ਹੈੱਡ ਕੁਆਰਟਰਾਂ 'ਤੇ ਧਰਨੇ ਦੇ ਕੇ ਰੋਸ ਮੁਜ਼ਾਹਰੇ ਕੀਤੇ ਜਾਣਗੇ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਜੇਲ੍ਹਾਂ ਅੰਦਰ ਡੱਕੇ ਹੋਏ ਆਗੂਆਂ ਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।ਉਨ੍ਹਾਂ ਦੇ ਪੂਰੇ ਸਾਮਾਨ ਦੀ ਬਰਾਮਦੀ ਕਰਾ ਕੇ ਕਿਸਾਨਾਂ ਦੇ ਸਪੁਰਦ ਕੀਤਾ ਜਾਵੇ। ਗੁੰਮ ਹੋਏ ਸਮਾਨ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੈ, ਇਸ ਕਰਕੇ ਉਸ ਸਾਮਾਨ ਦੀ ਪੂਰਤੀ ਪੰਜਾਬ ਸਰਕਾਰ ਕਰੇ।ਇਸ ਸਮੇਂ ਹੋਰਨਾਂ ਤੋਂ ਇਲਾਵਾ ਰਾਜ ਮਹਿੰਦਰ ਸਿੰਘ ਕੋਟਭਾਰਾ ਬੀਕੇਯੂ ਡਕੌਂਦਾ, ਦਰਸ਼ਨ ਸਿੰਘ ਫੂੱਲੋ ਮਿੱਠੀ ਕੁਲ ਹਿੰਦ ਕਿਸਾਨ ਸਭਾ, ਬਲਵਿੰਦਰ ਸਿੰਘ ਗੰਗਾ ਬੀਕੇਯੂ ਮਾਨਸਾ, ਜਸਵੰਤ ਸਿੰਘ ਕਿਰਤੀ ਕਿਸਾਨ ਯੂਨੀਅਨ, ਚੰਦ ਸਿੰਘ ਭੁੱਚੋ ਬੀਕੇਯੂ ਡਕੌਂਦਾ, ਗੋਬਿੰਦ ਸਿੰਘ ਬੀਕੇਯੂ ਲੱਖੋਵਾਲ, ਹਰੀ ਸਿੰਘ ਜਮਹੂਰੀ ਕਿਸਾਨ ਸਭਾ ਆਦਿ ਕਿਸਾਨ ਆਗੂਆਂ ਨੇ ਅਪੀਲ ਕੀਤੀ ਕਿ ਲੋਕਤੰਤਰੀ ਤਰੀਕੇ ਨਾਲ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਉੱਪਰ ਹੋਏ ਜ਼ੁਲਮ ਦਾ ਟਾਕਰਾ ਕਰਨ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ 28 ਮਾਰਚ ਨੂੰ 11 ਵਜੇ ਡੀ ਸੀ ਦਫਤਰ ਬਠਿੰਡਾ ਵਿਖੇ ਪਹੁੰਚਣ ਦੀ ਖੇਚਲਾ ਕਰਨ ਤਾਂ ਕਿ ਸਰਕਾਰਾਂ ਦੇ ਲੋਕ ਵਿਰੋਧੀ ਤੇ ਗੈਰ-ਜਮਹੂਰੀ ਤੌਰ ਤਰੀਕਿਆਂ ਨੂੰ ਠੱਲ੍ਹ ਪਾਈ ਜਾ ਸਕੇ ਅਤੇ ਕਾਰਪੋਰੇਟ ਘਰਾਣਿਆਂ ਵਾਸਤੇ ਲੋਕਾਂ ਦੇ ਸਾਰੇ ਕਾਰੋਬਾਰ ਨੂੰ ਖਤਮ ਕਰਨ ਲਈ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਨੂੰ ਰੋਕਿਆ ਜਾ ਸਕੇ।

# ਪੰਜਾਬ ਪੇ-ਸਕੇਲ ਬਹਾਲੀ ਫਰੰਟ ਸਾਂਝਾ ਫਰੰਟ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਪੇ-ਸਕੇਲ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਪੇ-ਸਕੇਲ ਬਹਾਲੀ ਸਾਂਝਾ ਫਰੰਟ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਰਿਹਾਇਸ਼ ਦਾ ਘਿਰਾਓ ਕੀਤਾ। ਸਰਕਾਰ ਦੀ ਪਿਛਲੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਸਬੰਧੀ ਆਪਣੇ ਵਿਚਾਰ ਰੱਖਦਿਆਂ ਸੂਬਾ ਕਨਵੀਨਰਾਂ ਨੇ ਸਰਕਾਰ ਤੇ ਵਾਅਦਾ ਖਿਲਾਫ਼ੀ ਦਾ ਦੋਸ਼ ਲਗਾਇਆ ਜੋ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁਲਾਜ਼ਮਾਂ ਨਾਲ ਕੀਤੇ ਸਨ, ਭਾਵੇਂ ਉਹ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਹੋਵੇ ਜਾਂ ਪੰਜਾਬ ਦੇ ਪੇ-ਸਕੇਲ ਬਹਾਲ ਕਰਨ ਸਬੰਧੀ ਵਾਅਦੇ ਹੋਣ, ਜਿਸ ਦੇ ਰੋਸ ਵਜੋਂ ਇੱਕ ਪਾਸੇ ਮੁਲਾਜ਼ਮਾਂ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਵੀ ਰੁੱਖ ਕੀਤਾ ਸੀ, ਜਿਸ ਵਿੱਚ ਫ਼ੈਸਲਾ ਮੁਲਾਜ਼ਮਾਂ ਦੇ ਹੱਕ ਵਿੱਚ ਆਉਣ ਤੇ ਸਰਕਾਰ ਨੂੰ ਅਦਾਲਤ ਵੱਲੋਂ ਮੁਲਾਜ਼ਮਾਂ ਉਤੇ ਪੰਜਾਬ ਦੇ ਪੇ-ਸਕੇਲ ਲਾਗੂ ਕਰਨ ਦੀ ਗੱਲ ਵੀ ਕਹੀ ਗਈ ਸੀ। ਇਸ ਤੋਂ ਬਾਅਦ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਰਿਟ ਪਟੀਸ਼ਨ ਪਾਈ, ਜੋ ਕਿ ਸਰਕਾਰ ਹਾਰ ਗਈ ਤੇ ਉਸ ਤੋਂ ਬਾਅਦ ਫ਼ਿਰ ਤੋਂ ਰੀਵਿਊ ਪਟੀਸ਼ਨ ਪਾਈ ਗਈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸੂਬਾ ਸਰਕਾਰ ਮੁਲਾਜ਼ਮਾਂ ਨਾਲ ਪੰਜਾਬ ਪੇ-ਸਕੇਲ ਬਹਾਲ ਕਰਨ ਦਾ ਦਾਅਵਾ ਪੂਰਾ ਨਹੀਂ ਕਰਨਾ ਚਾਹੁੰਦੀ। ਇਸ ਮੌਕੇ ਸੂਬਾ ਕਮੇਟੀ ਨੇ ਫ਼ੈਸਲਾ ਕੀਤਾ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਪੰਜਾਬ ਪੇ-ਸਕੇਲ ਲਾਗੂ ਕਰਨ ਤੋਂ ਇਨਕਾਰੀ ਹੁੰਦੀ ਹੈ ਤਾਂ ਸੂਬਾ ਸਰਕਾਰ ਦੇ ਹਰ ਪ੍ਰੋਗਰਾਮ ਵਿੱਚ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਕਨਵੀਨਰ ਸਲਿੰਦਰ ਕੰਬੋਜ, ਯੁੱਧਜੀਤ ਸਿੰਘ, ਸੰਦੀਪ ਸਿੰਘ, ਤਰਸੇਮ ਸਿੰਘ, ਸਸਪਾਲ ਸਿੰਘ, ਅੰਕਿਤ ਵਰਮਾ, ਨਵਜੀਵਨ ਸਿੰਘ, ਸੁਰਿੰਦਰ ਸਿੰਘ, ਨਿਰਮਲ ਜ਼ੀਰਾ, ਸੁਮਿਤ ਕੰਬੋਜ, ਕੁਲਦੀਪ ਖੋਖਰ ਸਟੇਟ ਕਮੇਟੀ ਮੈਂਬਰ, ਡੀਟੀਐੱਫ਼ ਦੇ ਸੂਬਾ ਪ੍ਰਧਾਨ ਵਿਕਰਮ ਦੇਵ, ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ, ਜ਼ਿਲ੍ਹਾ ਪ੍ਰਧਾਨ ਰਾਜੀਵ ਕੁਮਾਰ, ਸੂਬਾਰਡੀਨੇਟ ਸਰਵਿਸਜ਼ ਯੂਨੀਅਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾ, ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਪੁਰਾਣੀ ਪੈਨਸ਼ਨ ਪ੍ਰਾਪਤੀ ਤੋਂ ਰਣਦੀਪ ਸਿੰਘ ਆਦਿ ਹਾਜ਼ਰ ਸਨ।

# ਸਰਕਾਰ ਗ੍ਰਿਫ਼ਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕਰੇ : ਐਡਵੋਕੇਟ ਲਖਨਪਾਲ

**ਬਲਾਚੌਰ (ਜਸਵਿੰਦਰ ਬੈਂਸ)** ਜੈ ਜਵਾਨ ਅਤੇ ਜੈ ਕਿਸਾਨ ਦੇ ਨਾਅਰੇ ਲਗਾ ਕੇ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਦੇਸ਼ ਦੇ ਅੰਨਦਾਤਾ ਕਿਸਾਨਾਂ ਅਤੇ ਸਰਹੱਦਾਂ 'ਤੇ ਰਾਖੀ ਕਰਨ ਵਾਲੇ ਜਵਾਨਾਂ ਉੱਪਰ ਹੋਏ ਪੁਲਸ ਤਸ਼ੱਦਦ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਘੱਟ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਆਖਿਆ ਕਿ ਪੰਜਾਬ ਦੇ ਹਾਲਾਤ ਬੇਕਾਬੂ ਹੋ ਚੁੱਕੇ ਹਨ ਅਤੇ ਪੁਲਸ ਦਾ ਡੰਡਾ ਤੰਤਰ ਲੋਕਤੰਤਰ ਦੀਆਂ ਸ਼ਰੇਆਮ ਧੱਜੀਆਂ ਉਡਾਉਂਦੇ ਹੋਏ ਅੱਗੇ ਵੱਧਦਾ ਜਾ ਰਿਹਾ ਹੈ।ਇਸ ਮੌਕੇ ਕਰਨਲ ਪੁਸ਼ਪਿੰਦਰ ਸਿੰਘ ਬਾਂਠ ਦੇ ਉੱਪਰ ਹੋਏ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਪੁਲਸ ਦੀ ਛਵੀ ਨੂੰ ਖਰਾਬ ਕਰਨ ਵਾਲੇ ਵਰਦੀ ਧਾਰੀਆਂ ਨੂੰ ਮਿਸਾਲੀ ਸਜਾ ਮਿਲਣੀ ਚਾਹੀਦੀ ਹੈ।ਉਨ੍ਹਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਅਪੀਲ ਕੀਤੀ ਕਿ ਕਰਨਲ ਬਾਂਠ ਨਾਲ ਹੋਈ ਕੁੱਟਮਾਰ ਦੇ ਮਾਮਲੇ ਦੀ ਹਾਈਕੋਰਟ ਦੇ ਮੌਜੂਦਾ ਜੱਜ ਦੀ ਅਗਵਾਈ ਹੇਠ ਨਿਰਪੱਖ ਜਾਂਚ ਕਰਵਾ ਕੇ ਕਥਿਤ ਮੁਲਜ਼ਮਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

## ਭਗਤ ਸਿੰਘ ਤੇ ਸਾਥੀਆਂ ਦੀ ਸ਼ਹਾਦਤ ਸਦਕਾ ਵਿਦੇਸ਼ੀ ਰਾਜ ਤੋਂ ਮਿਲੀ ਆਜ਼ਾਦੀ : ਖੋਸਲਾ



**ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ)** ਲੋਕ ਭਲਾਈ ਬਾਪੂ ਮੰਡਲ ਅਤੇ ਕਾਂਗਰਸ ਫਲਾਇੰਗ ਸਕੁਆਇਡ ਫਗਵਾੜਾ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਨਿੱਘੀ ਸ਼ਰਧਾਂਜਲੀ ਦੇਣ ਲਈ ਇਕ ਸਮਾਗਮ ਕਰਵਾਇਆ ਗਿਆ।ਇਸ ਦੌਰਾਨ ਸਮੂਹ ਹਾਜ਼ਰੀਨ ਨੇ ਸ਼ਹੀਦਾਂ ਦੀਆਂ ਤਸਵੀਰਾਂ ਤੇ ਫੁੱਲਮਾਲਾ ਭੇਟ ਕਰਕੇ ਨਮਨ ਕੀਤਾ।ਕਾਂਗਰਸ ਫਲਾਇੰਗ ਸਕੁਆਇਡ ਦੇ ਸ਼ਹਿਰੀ ਮੀਤ ਪ੍ਰਧਾਨ ਤੁਲਸੀ ਰਾਮ ਖੋਸਲਾ ਅਤੇ ਲੋਕ ਭਲਾਈ ਬਾਪੂ ਮੰਡਲ ਦੇ ਸੂਬਾ ਚੇਅਰਮੈਨ ਸੋਹਣ ਸਿੰਘ ਪਰਮਾਰ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਅਦੁੱਤੀ ਕੁਰਬਾਨੀ ਨੇ ਭਾਰਤ ਦੇ ਲੋਕਾਂ ਵਿਚ ਅੰਗ੍ਰੇਜ਼ੀ ਰਾਜ ਖਿਲਾਫ ਭਾਰੀ ਰੋਸ ਪੈਦਾ ਕੀਤਾ ਅਤੇ ਉਸ ਸਮੇਂ ਨੌਜਵਾਨਾਂ ਵਿਚ ਸੁਤੰਤਰਤਾ ਹਾਸਲ ਕਰਨ ਲਈ ਨਵਾਂ ਜੋਸ਼ ਤੇ ਜਜ਼ਬਾ ਪੈਦਾ ਹੋਇਆ ਅਤੇ ਅਖੀਰ ਭਾਰਤ ਵਿਦੇਸ਼ੀ ਰਾਜ ਤੋਂ ਮੁਕਤ ਹੋਇਆ ਸੀ। ਉਹਨਾਂ ਅਜੋਕੀ ਨੌਜਵਾਨ ਪੀੜ੍ਹੀ ਨੂੰ ਦੇਸ਼ ਲਈ ਜਾਨਾਂ ਵਾਰਨ ਵਾਲੇ ਸੂਰਵੀਰ ਯੋਧਿਆਂ ਤੋਂ ਸੇਧ ਲੈਣ ਦੀ ਪੁਰਜ਼ੋਰ ਅਪੀਲ ਵੀ ਕੀਤੀ। ਇਸ ਮੌਕੇ ਅਮਨਦੀਪ ਕੌਰ ਕੌਂਸਲਰ, ਅਨੀਤਾ ਰਾਣੀ ਕੌਂਸਲਰ, ਸੰਜੀਵ ਕੁਮਾਰ ਸ਼ਰਮਾ ਸ਼ਹਿਰੀ ਮੀਤ ਪ੍ਰਧਾਨ ਕਾਂਗਰਸ, ਕਰਮਜੀਤ ਸਿੰਘ ਬਿੱਟੂ ਜਿਲ੍ਹਾ ਸਕੱਤਰ, ਸੁਖਦੇਵ ਸਿੰਘ, ਤਰਲੋਚਨ ਸਿੰਘ, ਹਰਮਿੰਦਰ ਸਿੰਘ, ਸੁਖਪਾਲ ਸਿੰਘ, ਹਰਬੰਸ ਸਿੰਘ, ਵਿਜੇ ਕੁਮਾਰ, ਅਸ਼ੋਕ ਕੁਮਾਰ, ਨਰਿੰਦਰ ਸਿੰਘ, ਗਿਆਨ ਚੰਦ, ਪਰਮਜੀਤ ਮੱਲ, ਜਸਵੀਰ ਕੌਰ ਆਦਿ ਹਾਜ਼ਰ ਸਨ।

## Lost and Found

I, Jagmohan Arora Son of Gurdeep Singh R/o 22-A, R B Estate, Loharka Road, Amritsar. My Power of Attorney property rakba 1 Kanal 16 Marle, Khasra No. 158//1/1, situated Rakba Village Nag 2, Tehsil and distt. Amritsar has been lost.

## ਬੇਦਖਲੀ ਨੋਟਿਸ

ਮੈਂ ਵੀਨਾ ਪਤਨੀ ਮਹਿੰਦਰ ਪਾਲ, ਵਾਸੀ ਮਕਾਨ ਨੰਬਰ 79, ਨਿਊ ਰਸੀਲਾ ਨਗਰ, ਬਸਤੀ ਦਾਨਿਸ਼ਮੰਦਾ, ਜਲੰਧਰ, ਪੰਜਾਬ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪ੍ਰੇਮ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ।ਇਸ ਲਈ ਮੈਂ ਉਸ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

ਮੈਂ, ਨਿਰਮਲਾ ਦੇਵੀ ਪਤਨੀ ਰਮੇਸ਼ ਵਾਸੀ ਪਿੰਡ ਮਾਹਲ ਪੱਤੀ ਧਾਰੀਵਾਲ, ਰਾਮ ਤੀਰਥ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕਿਸ਼ੋਰ ਕੁਮਾਰ ਅਤੇ ਉਸ ਦਾ ਪਰਵਾਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਅਤੇ ਇਸ ਦੇ ਪਰਵਾਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਮੀਤ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਪਿੰਡ ਅਮਰਗੜ੍ਹ, ਡਾਕਖਾਨਾ ਵਡਾਲਾ ਬਾਂਗਰ, ਤਹਿਸੀਲ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਬਲਰਾਜ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਜਨੀ ਪਤਨੀ ਲੇਟ ਦਿਨੇਸ਼ ਕੁਮਾਰ ਵਾਸੀ ਮਕਾਨ ਨੰ. 474/7, ਇਸਲਾਮਾਬਾਦ ਮੁਹੱਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਵਿਵੇਕ ਸ਼ਰਮਾ ਅਤੇ ਉਸ ਦੀ ਪਤਨੀ ਟਵਿੰਕਲ ਅਤੇ ਉਨ੍ਹਾਂ ਦੇ ਬੱਚੇ ਨਿਤਮ ਸ਼ਰਮਾ ਅਤੇ ਭਾਵਿਕਾ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਰਿੰਕੂ ਪੁੱਤਰ ਮੂਲ ਚੰਦ ਅਤੇ ਸੋਨੀਆ ਪਤਨੀ ਰਿੰਕੂ ਵਾਸੀ ਮਕਾਨ ਨੰਬਰ 137, ਰਮਣੀਕ ਐਵੇਨਿਊ, ਡਾਕਖਾਨਾ ਨੂਰਪੁਰ, ਪਠਾਨਕੋਟ ਰੋਡ, ਜਲੰਧਰ-144012, ਪੰਜਾਬ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੋਹਿਤ ਬਸਰਾ ਅਤੇ ਉਸ ਦੀ ਪਤਨੀ 'ਚੇਤਨਾ' ਸਾਡੇ ਕਹਿਣੇ ਤੋਂ ਬਾਹਰ ਹਨ । ਇਸ ਲਈ ਅਸੀ ਇਨਾ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਹੋਰ ਪਰਿਵਾਰਿਕ ਮੈਂਬਰਾਂ ਦਾ ਇਨਾ ਨਾਲ ਕੋਈ ਸੰਬੰਧ ਨਹੀਂ ਹੈ। ਏਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਇਨਕਲਾਬੀ ਸਮਾਗਮ



**ਜਲਾਲਾਬਾਦ (ਜੀਤ ਕੁਮਾਰ/ਜੰਗੀਰ ਕੌਰ)**-ਸ਼ਹੀਦ ਭਗਤ ਸਿੰਘ ਯਾਦਗਾਰ ਸਭਾ ਤੇ ਸ਼ਹੀਦ ਊਧਮ ਸਿੰਘ ਯਾਦਗਾਰ ਸਭਾ ਜਲਾਲਾਬਾਦ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਾਰਤੀ ਆਜ਼ਾਦੀ ਸੰਗਰਾਮ ਦੇ ਮਹਾਨ ਸੂਰਮੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦਾ ਸ਼ਹੀਦੀ ਦਿਹਾੜਾ ਐਤਵਾਰ ਨੂੰ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿੱਚ ਇਨਕਲਾਬੀ ਸਮਾਗਮ ਕਰਕੇ ਧੂਮਧਾਮ ਨਾਲ ਮਨਾਇਆ। ਸਭਾ ਦੇ ਅਹੁਦੇਦਾਰਾਂ ਤੇ ਹੋਰ ਸ਼ਖ਼ਸੀਅਤਾਂ ਵੱਲੋਂ ਸਵੇਰੇ ਸਭ ਤੋਂ ਪਹਿਲਾਂ ਮਹਾਨ ਸ਼ਹੀਦ ਭਗਤ ਸਿੰਘ ਦੇ ਆਦਮ-ਕੱਦ ਬੁੱਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਸ਼ਰਧਾਂਜਲੀ ਦਿੱਤੀ ਗਈ। ਇਸ ਦੇ ਬਾਅਦ ਮਹਾਨ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਸ਼ਾਲ ਇਨਕਲਾਬੀ ਸਮਾਗਮ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿੱਚ ਵਿਖੇ ਹੋਇਆ, ਜਿਸ ਵਿੱਚ ਲੋਕ ਕਲਾਂ ਮੰਚ ਜ਼ੀਰਾ ਦੇ ਡਾਇਰੈਕਟਰ ਸ੍ਰੀ ਮੇਘ ਰਾਜ ਰੱਲਾ ਦੀ ਅਗਵਾਈ ਵਾਲੀ ਟੀਮ ਵੱਲੋਂ ਇਨਕਲਾਬੀ ਨਾਟਕ, ਕੋਰਿਓਗ੍ਰਾਫੀਆਂ ਤੇ ਨਾਟਕ ਪੇਸ਼ ਕੀਤੇ ਗਏ ਅਤੇ 23 ਮਾਰਚ ਦੇ ਸ਼ਹੀਦਾਂ ਦੀ ਵਿਚਾਰਧਾਰਾ ਵਾਲਾ ਸਮਾਜ ਸਿਰਜਣ ਲਈ ਸੁਨੇਹਾ ਦਿੱਤਾ। ਇਸ ਮੌਕੇ ਪ੍ਰਧਾਨ ਪ੍ਰੇਮ ਪ੍ਰਕਾਸ਼ ਕਾਨੂੰਗੋ, ਪਵਨ ਕੁਮਾਰ, ਭੂਮਣ ਸਿੰਘ ਕਾਠਗੜ੍ਹ, ਕ੍ਰਿਸ਼ਨ ਬਲਦੇਵ, ਸੂਬਾ ਸਿੰਘ ਨੰਬਰਦਾਰ ਤੇ ਹੋਰਾਂ ਆਗੂਆਂ ਨੇ ਸੰਬੋਧਨ ਕਰਦਿਆਂ 23 ਮਾਰਚ ਦੇ ਮਹਾਨ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੀ ਵਿਚਾਰਧਾਰਾ ਵਾਲਾ ਸਮਾਜ ਸਿਰਜਣ ਦਾ ਸੱਦਾ ਦਿੱਤਾ। ਇਸ ਸਮਾਗਮ ਵਿੱਚ ਹਲਕਾ ਗੁਰੂ ਹਰਸਹਾਏ ਦੇ ਵਿਧਾਇਕ ਫੌਜਾ ਸਿੰਘ ਸਰਾਰੀ ਵੀ ਵਿਸ਼ੇਸ਼ ਤੌਰ 'ਤੇ ਪੁੱਜੇ ਤੇ ਉਨ੍ਹਾਂ ਮਹਾਨ ਸ਼ਹੀਦ ਭਗਤ ਸਿੰਘ ਨੂੰ ਦੀ ਵਿਚਾਰਧਾਰਾ ਵਾਲਾ ਸਮਾਜ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਦੇ ਦੌਰਾਨ ਆਈਆਂ ਸੰਗਤਾਂ ਵਿੱਚ ਲੰਗਰ ਵੀ ਵੰਡਿਆ ਗਿਆ।

## ਕਿਸਾਨ ਜਥੇਬੰਦੀਆਂ ਨੇ 23 ਮਾਰਚ ਦਾ ਸ਼ਹੀਦੀ ਦਿਹਾੜਾ ਜਬਰ ਦੇ ਵਿਰੋਧ ਵਜੋਂ ਮਨਾਇਆ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਇੱਥੇ ਪੁੱਡਾ ਗਰਾਊਂਡ ਵਿੱਚ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਤੇ ਭਾਰਤੀ ਕਿਸਾਨ ਯੂਨੀਅਨ ਭਟੇੜੀ ਵੱਲੋਂ ਕਿਸਾਨਾਂ 'ਤੇ ਕੀਤੇ ਜਬਰ ਦੇ ਵਿਰੋਧ ਵਜੋਂ ਰੈਲੀ ਵਿੱਚ ਜੋਸ਼ੀਲੇ ਨਾਹਰੇ ਮਾਰ ਕੇ ਮਨਾਇਆ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੱਕੀ ਮੰਗਾਂ ਨੂੰ ਲੈ ਕੇ ਸ਼ੰਭੂ ਤੇ ਖਨੌਰੀ ਬਾਰਡਰਾਂ ਕਿਸਾਨੀ ਸੰਘਰਸ਼ ਨੂੰ ਜਬਰ ਦੇ ਬੁਲਡੋਜ਼ਰਾਂ ਨਾਲ ਦਬਾਇਆ ਗਿਆ, ਜਿੱਥੇ ਕਿਸਾਨਾਂ 'ਤੇ ਜਬਰ ਕੀਤਾ, ਉਥੇ ਰੋਜ਼ ਵਰਤੋਂ ਦਾ ਸਾਮਾਨ ਭੰਨਿਆ ਗਿਆ, ਟਰੈਕਟਰ ਟਰਾਲੀ ਦੂਰ-ਦੂਰ ਸੁੱਟ ਦਿੱਤਾ ਤੇ ਭੰਨ ਦਿੱਤਾ, ਜਿੱਥੋਂ ਲੁਟੇਰੇ ਚੋਰੀ ਕਰਕੇ ਲੈ ਗਏ।ਕਿਸਾਨਾਂ 'ਤੇ ਲਾਠੀਆਂ ਮਾਰੀਆਂ ਤੇ ਅੱਧੀ ਰਾਤ ਨੂੰ ਕੁਝ ਨੂੰ ਦੂਰ ਦੂਰ ਛੱਡ ਦਿੱਤਾ ਅਤੇ ਬਾਕੀਆਂ ਨੂੰ ਜੇਲ੍ਹੀਂ ਬੰਦ ਕਰ ਦਿੱਤਾ।ਆਗੂਆਂ ਨੇ ਕਿਹਾ ਕਿ ਕਦੇ ਵੀ ਇਹ ਨਹੀਂ ਹੋਇਆ ਕਿ ਕਿਸੇ ਧਿਰ ਨੂੰ ਮੀਟਿੰਗ 'ਤੇ ਗੱਲਬਾਤ ਕਰਨ ਦੇ ਬਹਾਨੇ ਬੁਲਾ ਕੇ ਗ੍ਰਿਫਤਾਰ ਕੀਤਾ ਹੋਵ, ਪਰ ਆਮ ਆਦਮੀ ਦੀ ਸਰਕਾਰ ਕਿਸਾਨਾਂ ਨਾਲ ਇਹ ਵੀ ਕਰ ਦਿਖਾਇਆ ਤੇ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਕੀਤਾ।

ਬੁਲਾਰਿਆਂ ਨੇ ਕਿਹਾ ਕਿ ਸਰਕਾਰ ਨੂੰ ਭੁਲੇਖਾ ਹੈ ਕਿ ਤਸ਼ੱਦਦ ਕਰਕੇ ਅੰਦੋਲਨ ਨੂੰ ਖਤਮ ਕਰ ਦੇਵੇਗੀ ਸੰਘਰਸ਼ ਸਗੋਂ ਹੋਰ ਜ਼ੋਰ ਨਾਲ ਉਠੇਗਾ।ਖਤਮ ਤਾਂ ਸਗੋਂ ਆਮ ਆਦਮੀ ਦੀ ਸਰਕਾਰ ਹੋਵੇਗੀ ਕਿਉਂਕਿ ਇਸ ਨਾਲ ਪਿੰਡਾਂ ਵਿੱਚ ਇਨ੍ਹਾਂ ਖਿਲਾਫ ਹਨੇਰੀ 2027 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸਾਹਮਣੇ ਆਵੇਗੀ।ਕਿਸਾਨ ਆਗੂਆਂ ਨੇ ਸਰਕਰ ਤੋਂ ਮੰਗ ਕੀਤੀ ਕਿ ਸਰਕਾਰ ਗ੍ਰਿਫਤਾਰ ਕੀਤੇ ਸਾਰੇ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ ਅਤੇ ਭੰਨ-ਤੋੜ ਕੀਤੇ ਤੇ ਚੋਰੀ ਹੋਏ ਸਾਮਾਨ ਦੀ ਭਰਪਾਈ ਕਰੇ।ਰੈਲੀ ਵਿੱਚ ਪੰਜਾਬ ਪੁਲਸ ਦੀ ਮਾਰ ਕੁੱਟ ਵਿੱਚ ਪੀੜਤ ਕਰਨਲ ਬਾਠ ਸਾਹਿਬ ਦੀ ਪਤਨੀ ਜਸਵਿੰਦਰ ਕੌਰ ਬਾਠ ਸਪੈਸ਼ਲ ਤੌਰ 'ਤੇ ਸ਼ਾਮਲ ਹੋਏ ਤੇ ਸੰਬੋਧਨ ਕੀਤਾ।ਰੈਲੀ ਨੂੰ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ ਨੀਆਲ, ਰਣਜੀਤ ਸਿੰਘ ਸਵਾਜਪੁਰ, ਡਾ. ਜਰਨੈਲ ਸਿੰਘ ਕਾਲੇਕੇ, ਸੁਰਿੰਦਰ ਸਿੰਘ ਗੰਜੂਪੁਰ, ਪ੍ਰੋ. ਅਜਾਇਬ ਸਿੰਘ ਟਿਵਾਣਾ, ਗੁਰਨਾਮ ਸਿੰਘ ਢੈਂਠਲ, ਸ਼ੇਰ ਸਿੰਘ ਸਿੱਧੂਵਾਲ, ਗੁਰਦੇਵ ਸਿੰਘ ਗਜੂਮਾਜਰਾ, ਵਿਕਰਮਜੀਤ ਸਿੰਘ ਅਰਨੋ, ਕੁਲਦੀਪ ਸਿੰਘ ਬਰਾਸ, ਜਗਮੇਲ ਸਿੰਘ ਬਮਨਾ, ਯਾਦਵਿੰਦਰ ਸਿੰਘ ਬੁਰੜ, ਦੇਵਿੰਦਰ ਕੌਰ ਹਰਦਾਸਪੁਰ, ਕਰਮਜੀਤ ਸਿੰਘ ਮੈਨ, ਕਰਮਜੀਤ ਕੌਰ ਭਿੰਡਰ, ਕਿਰਨਜੀਤ ਕੌਰ ਬਮਨਾ, ਗਮਦੂਰ ਸਿੰਘ ਬਾਬਰਪੁਰ, ਬੂਟਾ ਸਿੰਘ ਨੂਰਖੇੜੀਆਂ, ਜਸਵੀਰ ਸਿੰਘ ਚੰਦੂਮਾਜਰਾ ਤੇ ਗੁਰਮੇਲ ਸਿੰਘ ਘੱਗਾ ਆਦਿ ਨੇ ਸੰਬੋਧਨ ਕੀਤਾ।

## ਸਕੂਲ 'ਚ ਪੜ੍ਹਾਉਂਦੇ ਅਧਿਆਪਕ ਦਾ ਮੁਹਾਲੀ 'ਚ ਕੱਟ'ਤਾ ਚਲਾਨ !

### ■ ਮੁੱਖ ਅਧਿਆਪਕ ਨੇ ਕੀਤੀ ਜਾਂਚ ਦੀ ਮੰਗ

**ਜਲਾਲਾਬਾਦ (ਪਰਮਜੀਤ ਢਾਬਾਂ)**-ਜ਼ਰਾ ਬਚ ਕੇ ਮੋੜ ਤੋਂ, ਤੁਹਾਡੇ ਘਰ ਬੈਠੇ ਹੀ ਬਿਨਾਂ ਮੋਟਰਸਾਈਕਲ ਚਲਾਏ ਹੋ ਸਕਦਾ ਹੈ ਆਨਲਾਈਨ ਚਲਾਨ।ਜੀ ਹਾਂ, ਤੁਸੀਂ ਸਹੀ ਪੜ੍ਹਿਆ। ਇਸ ਤਰ੍ਹਾਂ ਦਾ ਮਾਮਲਾ ਫਾਜ਼ਿਲਕਾ ਜ਼ਿਲ੍ਹੇ ਨਾਲ ਸੰਬੰਧਤ ਇੱਕ ਸਰਕਾਰੀ ਸਕੂਲ ਵਿੱਚ ਪੜ੍ਹਾਉਣ ਵਾਲੇ ਅਧਿਆਪਕ ਨੂੰ ਮੋਟਰਸਾਈਕਲ ਦਾ ਆਨਲਾਈਨ ਚਲਾਨ ਕੱਟੇ ਜਾਣ ਦਾ ਨੋਟਿਸ ਆਉਣ ਦਾ ਸਾਹਮਣੇ ਆਇਆ ਹੈ। ਸਰਕਾਰੀ ਪ੍ਰਾਇਮਰੀ ਸਕੂਲ ਪਾਲੀਵਾਲਾ ਵਿਖੇ ਬਤੌਰ ਈਟੀਟੀ ਅਧਿਆਪਕ ਪੜ੍ਹਾ ਰਹੇ ਅਮਰੀਕ ਸਿੰਘ ਪੁੱਤਰ ਚੰਨ ਸਿੰਘ ਵਾਸੀ ਚੱਕ ਬਲੋਚਾ ਤਹਿਸੀਲ ਜਲਾਲਾਬਾਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਨੇ 2021 ਵਿੱਚ ਬਜਾਜ ਕੰਪਨੀ ਦਾ ਇੱਕ ਮੋਟਰਸਾਈਕਲ ਸੀ 100, ਜਿਸ ਦੀ ਨੰਬਰ ਪਲੇਟ ਪੀਬੀ 05 ਏਪੀ 5172 ਹੈ, ਖ਼ਰੀਦਿਆ ਹੋਇਆ ਹੈ।ਅਧਿਆਪਕ ਅਮਰੀਕ ਸਿੰਘ ਮੁਤਾਬਿਕ ਉਹ ਆਪਣੇ ਮੋਟਰਸਾਈਕਲ 'ਤੇ ਕਦੇ ਵੀ ਮੋਹਾਲੀ ਨਹੀਂ ਗਿਆ, ਪ੍ਰੰਤੂ ਉਸ ਦੀ ਹੈਰਾਨੀ ਦੀ ਹੱਦ ਉਸ ਵੇਲੇ ਨਾ ਰਹੀ, ਜਦੋਂ ਉਸ ਨੂੰ ਉਸ ਦੇ ਮੋਬਾਈਲ ਨੰਬਰ 'ਤੇ ਆਨਲਾਈਨ ਚਲਾਉਣ ਮੁਹਾਲੀ ਤੋਂ ਮੋਟਰਸਾਈਕਲ ਦਾ ਕੱਟਿਆ ਹੋਇਆ ਆ ਗਿਆ।ਇਹ ਸਭ ਕੁਝ ਦੇਖ ਕੇ ਉਹ ਹੱਕਾ-ਬੱਕਾ ਰਹਿ ਗਿਆ ਕਿ ਉਹ ਤਾਂ ਮੋਟਰਸਾਈਕਲ 'ਤੇ ਕਦੇ ਮੋਹਾਲੀ ਗਿਆ ਤੱਕ ਨਹੀਂ।ਉਸ ਨੇ ਦੱਸਿਆ ਕਿ ਉਸ ਨੂੰ 21/3/2025 ਨੂੰ ਉਸ ਦੇ ਮੋਬਾਈਲ ਨੰਬਰ 'ਤੇ 11:22 ਮਿੰਟ 'ਤੇ ਸਵੇਰੇ ਚਲਾਨ ਦਾ ਮੈਸਜ ਆਇਆ ਹੈ, ਜਿਸ ਮੌਕੇ ਉਹ ਆਪਣੇ ਸਕੂਲ ਵਿਖੇ ਹਾਜ਼ਰ ਸੀ ਤੇ ਉਸ ਦਾ ਮੋਟਰਸਾਈਕਲ ਉਸ ਦੇ ਕੋਲ ਸਕੂਲ ਵਿੱਚ ਮੌਜੂਦ ਸੀ।ਉਸ ਨੇ ਦੱਸਿਆ ਕਿ ਉਸ ਦਾ ਚਲਾਨ ਹੈਲਮਟ ਨਾ ਪਾ ਕੇ ਮੋਟਰਸਾਈਕਲ ਚਲਾਉਣ ਦਾ ਫਰੈਂਕੋ ਚੌਕ ਤੋਂ ਫਰੈਂਕੋ ਹੋਟਲ ਲੇਨ ਨੰਬਰ 1 ਕੋਲ ਇੰਸਪੈਕਟਰ ਸਿਮਰਜੀਤ ਸਿੰਘ ਰਾਹੀਂ ਕੱਟਿਆ ਗਿਆ ਹੈ, ਜਿਸ ਦਾ ਵੇਰਵਾ ਚਲਾਨ ਦੀ ਕਾਪੀ ਉੱਪਰ ਅੰਕਿਤ ਹੈ।ਅਧਿਆਪਕ ਨੇ ਕਿਹਾ ਕਿ ਉਹ ਇਸ ਆਏ ਆਨਲਾਈਨ ਚਲਾਨ ਖ਼ਿਲਾਫ਼ ਆਪਣੀ ਕਾਨੂੰਨੀ ਚਾਰਾਜੋਈ ਕਰਨਗੇ।ਦੂਜੇ ਪਾਸੇ ਸਕੂਲ ਦੇ ਮੁੱਖ ਅਧਿਆਪਕ ਹਰਭਜਨ ਲਾਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਜੇਕਰ ਆਨਲਾਈਨ ਚਲਾਨ ਸਕੂਲਾਂ ਵਿੱਚ ਪੜ੍ਹਾਉਣ ਮੌਕੇ ਅਧਿਆਪਕਾਂ ਖ਼ਿਲਾਫ਼ ਜੁਰਮ



ਕਰਨ ਦੇ ਆਉਂਦੇ ਰਹਿਣਗੇ ਤਾਂ ਆਮ ਲੋਕਾਂ ਦਾ ਕੀ ਬਣੇਗਾ।ਉਨ੍ਹਾਂ ਦੱਸਿਆ ਕਿ ਉਸ ਦੇ ਸਕੂਲ ਵਿੱਚ ਪੜ੍ਹਾਉਣ ਵਾਲਾ ਅਧਿਆਪਕ ਅਮਰੀਕ ਸਿੰਘ ਦਾ ਸਰਕਾਰੀ ਸਕੂਲ ਪਾਲੀਵਾਲਾ ਤੋਂ ਪਿੰਡ ਚੱਕ ਬਲੋਚਾਂ ਕਰੀਬ ਛੇ ਕਿਲੋਮੀਟਰ ਦੀ ਦੂਰੀ 'ਤੇ ਪੈਂਦਾ ਹੈ।ਇਹ ਅਧਿਆਪਕ ਆਪਣੇ ਮੋਟਰਸਾਈਕਲ 'ਤੇ ਹਮੇਸ਼ਾ ਹੈਲਮਟ ਪਹਿਨ ਕੇ ਸਕੂਲ ਵਿੱਚ ਆਉਂਦਾ ਹੈ ਤੇ ਕਦੇ ਵੀ ਨਿਯਮਾਂ ਦੀ ਉਲੰਘਣਾ ਨਹੀਂ ਕਰਦਾ। ਦੂਜੇ ਪਾਸੇ ਉਹ ਮੋਹਾਲੀ ਵਿਖੇ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਕਦੇ ਵੀ ਨਹੀਂ ਗਿਆ। ਮੁੱਖ ਅਧਿਆਪਕ ਨੇ ਜ਼ਿਲ੍ਹਾ ਪੁਲਸ ਮੁਖੀ ਮੁਹਾਲੀ ਤੋਂ ਮੰਗ ਕਰਦਿਆਂ ਕਿਹਾ ਕਿ ਇਸ ਚਲਾਨ ਦੀ ਮੁਕੰਮਲ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।ਇਸ ਸੰਬੰਧੀ ਜਦੋਂ ਟ੍ਰੈਫਿਕ ਪੁਲਸ ਮੋਹਾਲੀ ਦੇ ਡੀ ਐੱਸ ਪੀ ਕਰਨੈਲ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਧਿਆਪਕ ਲਿਖਤੀ ਤੌਰ 'ਤੇ ਉਨ੍ਹਾਂ ਨੂੰ ਦਰਖਾਸਤ ਦੇਣ ਤੇ ਉਹ ਇਸ ਦੀ ਜ਼ਰੂਰ ਪੜਤਾਲ ਕਰਾਉਣਗੇ, ਕਿਉਂਕਿ ਜਾਲ੍ਹੀ ਨੰਬਰ ਲਗਾ ਕੇ ਵੀ ਕੁਝ ਸ਼ਰਾਰਤੀ ਅਨਸਰ ਜੁਰਮ ਨੂੰ ਅੰਜ਼ਾਮ ਦੇ ਰਹੇ ਹਨ।ਉਨ੍ਹਾ ਕਿਹਾ ਇਸ ਦੀ ਮੁਕੰਮਲ ਪੜਤਾਲ ਕਰਕੇ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ।

## ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਛੀਨੀਵਾਲ ਕਲਾਂ ਵਿਖੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਗਿਆਨੀ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਜੋਸ਼ ਖਰੋਸ਼ ਨਾਲ ਮਨਾਇਆ ਗਿਆ।ਪ੍ਰਧਾਨ ਛੀਨੀਵਾਲ ਨੇ ਕਿਹਾ ਕਿ ਮਹਾਨ ਸ਼ਹੀਦਾਂ ਨੇ ਵੱਡੀਆਂ ਕੁਰਬਾਨੀਆਂ ਦੇ ਕੇ ਦੇਸ਼ ਨੂੰ ਆਜ਼ਾਦ ਕਰਾਇਆ ਸੀ, ਪਰ ਅਫਸੋਸ ਕਿ ਮਹਾਨ ਸੂਰਬੀਰ ਜੋਧਿਆਂ ਦੇ ਸੁਪਨਿਆਂ ਦੀ ਆਜ਼ਦੀ ਅਜੇ ਤੱਕ ਵੀ ਨਹੀ ਆਈ।ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਅੱਜ ਦੇਸ਼ ਦੇ ਲੋਕ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਹਨ।ਕੇਂਦਰ ਤੇ ਰਾਜ ਸਰਕਾਰਾਂ ਲੋਕਾਂ ਦੀਆਂ ਮੰਗਾਂ ਪ੍ਰਤੀ ਸੁਹਿਰਦ ਨਹੀਂ ਹਨ।ਉਨ੍ਹਾਂ ਸਮੂਹ ਕਿਸਾਨਾਂ ਨੂੰ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਜਥੇਬੰਦਕ ਤੌਰ 'ਤੇ ਲਾਮਬੰਦ ਹੋਣ ਦੀ ਅਪੀਲ ਕੀਤੀ।

## ਨਸ਼ਾ ਵੇਚਣ ਵਾਲਿਆਂ ਖਿਲਾਫ਼ ਚਲਾਇਆ ਪੀਲਾ ਪੰਜਾ : ਬਿਲਾਸਪੁਰ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪੰਜਾਬ ਵਿੱਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨਸ਼ਾ ਵੇਚਣ ਵਾਲਿਆਂ ਵਿਰੁੱਧ ਆਪਣਾ ਪੀਲਾ ਪੰਜਾ ਚਲਾ ਦਿੱਤਾ ਹੈ, ਜਿਸ ਤੋਂ ਲੋਕ ਕਾਫ਼ੀ ਖੁਸ਼ ਦਿਖਾਈ ਦਿਸ ਰਹੇ ਹਨ, ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ ਨੌਜਵਾਨਾਂ ਨੂੰ ਹੱਸਦੇ ਵੱਸਦੇ ਦੇਖਣਾ ਚਾਹੁੰਦੇ ਹਨ।ਨਿਹਾਲ ਸਿੰਘ ਵਾਲਾ ਤੋਂ ਆਮ ਆਦਮੀਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਵਿੱਚ ਨਸ਼ਿਆ ਵਿਰੁੱਧ ਚੱਲ ਰਹੀ ਜੰਗ ਦੇ ਪ੍ਰਭਵਸ਼ਾਲੀ ਨਤੀਜਿਆਂ 'ਤੇ ਸੁੰਤਸ਼ੁਟੀ ਪ੍ਰਗਟ ਕੀਤੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਾਸ਼ਟਰੀ ਕਨਵੀਨਰ ਅਰਵਿੰਦਰ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਸ ਸਮਾਜਿਕ ਬੁਰਾਈ ਨੂੰ ਖ਼ਤਮ ਕਰਨ ਲਈ ਅਟੱਲ ਵਚਨਬੱਧਤਾ ਨਾਲ ਨਸ਼ਾ ਵਿਰੋਧੀ ਮੁਹਿੰਮ ਸ਼ੁਰੂ ਕੀਤੀ ਹੈ।

## ਐੱਨ ਆਰ ਆਈ ਨੌਜਵਾਨਾਂ ਵੱਲੋਂ ਸਕੂਲ ਨੂੰ 21000 ਦਾਨ ਰਾਸ਼ੀ ਭੇਟ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪਿੰਡ ਸ਼ਾਹਪੁਰ ਕਲਾਂ ਦੇ ਜੰਮਪਲ ਖੁਸ਼ਵੀਰ ਅੱਤਰੀ ਸਪੁੱਤਰ ਸ੍ਰੀ ਹਰੀਪਾਲ ਸ਼ਰਮਾ ਵੱਲੋਂ ਆਪਣੇ ਜਨਮ ਦਿਨ ਦੀ ਖੁਸ਼ੀ ਵਿੱਚ ਤੇ ਉਸ ਦੇ ਦੋਸਤ ਹਰਜਿੰਦਰ ਕੁਮਾਰ ਸਪੁੱਤਰ ਸ੍ਰੀ ਬਲਜੀਤ ਸ਼ਰਮਾ ਵੱਲੋਂ ਆਪਣੇ ਜੱਦੀ ਪਿੰਡ ਸ਼ਾਹਪੁਰ ਕਲਾਂ ਦੇ ਪ੍ਰਾਇਮਰੀ ਸਕੂਲ ਲਈ 21000 ਰੁਪਏ ਦੀ ਰਾਸ਼ੀ ਦਾਨ ਵਜੋਂ ਦਿੱਤੀ ਗਈ।ਇਸ ਰਾਸ਼ੀ ਤਹਿਤ ਸਕੂਲ ਦੇ ਬੱਚਿਆਂ ਲਈ ਫਰਿੱਜ ਤੇ ਸਾਊਂਡ ਸਿਸਟਮ ਖਰੀਦਿਆ ਗਿਆ।ਮੁੱਖ ਅਧਿਆਪਕ ਸ੍ਰੀ ਨਰਿੰਦਰ ਸ਼ਰਮਾ ਵੱਲੋਂ ਕਿਹਾ ਗਿਆ ਕਿ ਪਹਿਲਾਂ ਵੀ ਸਮੇਂ-ਸਮੇਂ 'ਤੇ ਸਮਾਜ ਸੇਵੀਆਂ ਵੱਲੋਂ ਸਕੂਲ ਲਈ ਦਾਨ ਦਿੱਤਾ ਜਾਂਦਾ ਰਿਹਾ ਹੈ, ਜਿਸ ਨਾਲ ਸਕੂਲ ਤਰੱਕੀਆਂ ਕਰਦਾ ਹੋਇਆ ਜ਼ਿਲ੍ਹੇ ਦੇ ਮੋਹਰੀ ਸਕੂਲਾਂ ਵਿੱਚ ਆਪਣੀ ਥਾਂ ਬਣਾ ਰਿਹਾ ਹੈ ਤੇ ਉਨ੍ਹਾਂ ਸਮਾਜ ਸੇਵੀਆਂ ਤੋਂ ਭਵਿੱਖ ਵਿੱਚ ਆਸ ਰੱਖਦਿਆਂ ਕਿਹਾ ਕਿ ਦਾਨ ਦੇਣ ਨਾਲ ਹੀ ਸੰਸਥਾਵਾਂ ਬੁਲੰਦੀਆਂ ਛੂੰਹਦੀਆਂ ਹਨ।ਰਾਸ਼ੀ ਭੇਜਣ 'ਤੇ ਨੌਜਵਾਨਾਂ ਦਾ ਧੰਨਵਾਦ ਕਰਦਿਆਂ ਸਕੂਲ ਦੇ ਮੁੱਖ ਅਧਿਆਪਕ ਸ੍ਰੀ ਨਰਿੰਦਰ ਪਾਲ ਸ਼ਰਮਾ ਤੇ ਪਿੰਡ ਦੇ ਸਰਪੰਚ ਲਖਵੀਰ ਸਿੰਘ ਲੱਖੀ ਵੱਲੋਂ ਕਿਹਾ ਗਿਆ ਕਿ ਐਨ.ਆਰ.ਆਈ ਦੇ ਸਹਿਯੋਗ ਨਾਲ ਸੰਸਥਾਵਾਂ ਬਹੁਤ ਅੱਗੇ ਜਾ ਸਕਦੀਆਂ ਹਨ।

## 23 ਮਾਰਚ ਦੇ ਸ਼ਹੀਦਾਂ ਦੀ ਯਾਦ 'ਚ ਵਿਦਿਆਰਥੀ ਇਕੱਤਰਤਾ



**ਮੂਨਕ (ਰਾਜਪਾਲ ਸਿੰਗਲਾ)**-ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੇ ਆਗੂ ਹੁਸ਼ਿਆਰ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਕਾਲਜ ਮੂਨਕ ਵਿੱਚ 23 ਮਾਰਚ ਦੇ ਸ਼ਹੀਦਾਂ ਦੀ ਯਾਦ 'ਚ ਵਿਦਿਆਰਥੀ ਇਕੱਤਰਤਾ ਕੀਤੀ।ਇਕੱਤਰਤਾ ਦੀ ਸ਼ੁਰੂਆਤ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਇਨਕਲਾਬੀ ਕਵੀ ਅਵਤਾਰ ਸਿੰਘ ਪਾਸ਼ ਸ਼ਰਧਾਂਜਲੀ ਭੇਟ ਕਰਕੇ ਕੀਤੀ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਦਿਆਰਥੀ ਆਗੂ ਨੇ ਕਿਹਾ ਕਿ ਮੁਲਕ ਦੀ ਸਿੱਖਿਆ, ਰੁਜ਼ਗਾਰ, ਸਿਹਤ ਸੇਵਾਵਾਂ, ਖੇਤੀ ਆਦਿ ਸਾਮਰਾਜੀ ਨੀਤੀਆਂ ਦੀ ਮਾਰ ਝੱਲ ਰਹੇ ਹਨ।ਇੱਕ-ਇੱਕ ਕਰਕੇ ਸਭਨਾਂ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ।ਨੌਜਵਾਨ ਵਿਦਿਆਰਥੀ ਕੇਂਦਰੀ ਦੇ ਸੂਬਾਈ ਸਰਕਾਰਾਂ ਦੇ ਵਿਸ਼ੇਸ਼ ਨਿਸ਼ਾਨੇ 'ਤੇ ਹਨ।ਨਵੀਂ ਸਿੱਖਿਆ ਨੀਤੀ ਦੇ ਤਹਿਤ ਸਰਕਾਰੀ ਸਿੱਖਿਆ ਦਾ ਭੋਗ ਪਾਇਆ ਜਾ ਰਿਹਾ ਹੈ। ਵਿਦੇਸ਼ੀ ਯੂਨੀਵਰਸਿਟੀਆਂ ਨੂੰ ਮੁਲਕ 'ਚ ਕੈਂਪਸ ਖੋਲ੍ਹਣ ਦੀਆਂ ਖੁੱਲ੍ਹੀਆਂ ਛੂਟਾਂ ਦਿੱਤੀਆਂ ਜਾ ਰਹੀਆਂ ਹਨ।ਸਿੱਖਿਆ ਦੇ ਨਿੱਜੀਕਰਨ ਦੇ ਨਾਲ ਭਗਵਾਂਕਰਨ ਵੀ ਕੀਤਾ ਜਾ ਰਿਹਾ ਹੈ।ਡਿਗਰੀਆਂ ਹਾਸਲ ਕਰ ਗਏ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਾਂ 'ਤੇ ਠੂਠਾ ਫੜਾ ਦਿੱਤਾ ਜਾਂਦਾ ਹੈ, ਨੌਜਵਾਨ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਵਿੱਚ ਲੁੱਟ ਕਰਾਉਣ ਲਈ ਮਜਬੂਰ ਹਨ।ਰੁਜ਼ਗਾਰ ਤੇ ਬਿਹਤਰ ਜ਼ਿੰਦਗੀ ਜਿਉਣ ਦੀ ਆਸ ਲੈ ਕੇ ਵਿਦੇਸ਼ੀਂ ਗਏ ਨੌਜਵਾਨਾਂ ਨੂੰ ਜ਼ਿਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਦੇਸ਼ੀਂ ਜੇਲ੍ਹਾਂ 'ਚ ਸੜਦੇ ਹਨ।ਉਨ੍ਹਾਂ ਕਿਹਾ ਕਿ ਅੱਜ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਸੇਧ ਲੈ ਕੇ ਨੌਜਵਾਨ ਵਿਦਿਆਰਥੀ ਲਹਿਰ ਉਸਾਰਨ ਦੀ ਲੋੜ ਹੈ।ਸਟੇਜ ਸਕੱਤਰ ਦੀ ਭੂਮਿਕਾ ਸ਼ੇਖਰ ਬੰਗਾ ਨੇ ਨਿਭਾਈ।

## ਪੰਥਕ ਜਥੇਬੰਦੀਆਂ ਵੱਲੋਂ ਪੰਜ ਮੈਂਬਰੀ ਕਮੇਟੀ ਦੀ ਭਰਤੀ ਮੁਹਿੰਮ ਨੂੰ ਭਰਵਾਂ ਸਹਿਯੋਗ ਦੇਣ ਦਾ ਫੈਸਲਾ



**ਸੰਗਰੂਰ (ਪ੍ਰਵੀਨ ਸਿੰਘ)**-ਵੱਖ ਵੱਖ ਪੰਥਕ ਜਥੇਬੰਦੀਆਂ ਦੇ ਆਗੂਆਂ ਦੀ ਇੱਥੇ ਹੋਈ ਭਰਵੀਂ ਮੀਟਿੰਗ ਦੌਰਾਨ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਦੀ ਭਰਤੀ ਮੁਹਿੰਮ ਨੂੰ ਭਰਵਾਂ ਸਹਿਯੋਗ ਦੇਣ ਦਾ ਫੈਸਲਾ ਕੀਤਾ ਗਿਆ। ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਬਣਾਈ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਹੇਠ ਹੋਣ ਵਾਲੀ ਪੰਥਕ ਇਕੱਤਰਤਾ ਵਿੱਚ ਪੰਥਕ ਜਜ਼ਬਾ ਰੱਖਣ ਵਾਲੀ ਸੰਗਤ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਪੁੱਜਣ ਦਾ ਸੱਦਾ ਦਿੱਤਾ ਗਿਆ। ਪੰਜ ਮੈਂਬਰੀ ਕਮੇਟੀ 29 ਮਾਰਚ ਨੂੰ ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਜ਼ਿਲ੍ਹਾ ਸੰਗਰੂਰ ਦੀ ਭਰਤੀ ਮੁਹਿੰਮ ਦੀ ਸ਼ੁਰੂਆਤ ਕਰੇਗੀ। ਅਕਾਲੀ ਨੇਤਾ ਸ੍ਰ. ਸੁਖਦੇਵ ਸਿੰਘ ਢੀਂਡਸਾ ਦੀ ਰਿਹਾਇਸ਼ ਵਿਖੇ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਅਕਾਲੀ ਆਗੂ ਬਲਦੇਵ ਸਿੰਘ ਮਾਨ ਨੇ ਕਿਹਾ ਕਿ ਅਕਾਲੀ ਦਲ ਕੋਲ ਬਹੁਤ ਵੱਡਾ ਫਲਸਫਾ ਹੈ, ਜਿਸ ਨੂੰ ਪੰਥ ਦੀ ਚੜ੍ਹਦੀ ਕਲਾ ਤੇ ਲੋਕ ਭਲਾਈ ਕਾਰਜਾਂ ਲਈ ਵਰਤਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਅਰਸੇ ਤੋਂ ਅਕਾਲੀ ਲੀਡਰਸ਼ਿਪ ਨੇ ਬੱਜਰ ਕੁਤਾਹੀਆਂ ਕੀਤੀਆਂ, ਜਿਸ ਕਾਰਨ ਪੰਥਕ ਸੰਸਥਾਵਾਂ ਤੇ ਪੰਥਕ ਰਵਾਇਤਾਂ ਨੂੰ ਵੱਡੀ ਠੇਸ ਪੁੱਜੀ। ਇਸ ਕਰਕੇ ਸੰਗਤ ਅਕਾਲੀ ਦਲ ਤੋਂ ਬੇਹੱਦ ਨਾਰਾਜ਼ ਹੋ ਗਈ, ਪਰ ਹੁਣ ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਦਾ ਸਮਾਂ ਆ ਗਿਆ ਹੈ।

ਇਸ ਮੌਕੇ ਬੋਲਦਿਆਂ ਸਾਬਕਾ ਵਿੱਤ ਮੰਤਰੀ ਸ੍ਰ. ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਅਕਾਲ ਤਖਤ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਦੀ ਭਰਤੀ ਮੁਹਿੰਮ ਲਈ ਸੰਗਤ ਵਿੱਚ ਕਾਫੀ ਉਤਸ਼ਾਹ ਹੈ ਤੇ ਪੰਥਕ ਜਜ਼ਬਾ ਰੱਖਣ ਵਾਲੀ ਸੰਗਤ ਪੰਥਕ ਇਕੱਤਰਤਾ ਵਿੱਚ ਸ਼ਾਮਲ ਹੋਣ ਵਾਸਤੇ ਉਤਾਵਲੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਭਰਤੀ ਮੁਹਿੰਮ ਪੰਜਾਬ ਦੀ ਸਿਆਸਤ ਨੂੰ ਨਵੀਂ ਸੇਧ ਤੇ ਦਸ਼ਾ ਦੇਵੇਗੀ। ਇਹ ਮੁਹਿੰਮ ਪੰਥਕ ਦਿੱਖ ਤੇ ਸੰਗਤ ਦਾ ਮਨ ਦੁਬਾਰਾ ਜਿੱਤਣ ਵਿੱਚ ਸਫਲ ਹੋਵੇਗੀ। ਇਸ ਮੌਕੇ ਬੋਲਦਿਆਂ ਗਗਨਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਅਕਾਲੀ ਵਿਚਾਰਧਾਰਾ ਨਾਲ ਜੁੜੇ ਲੋਕਾਂ ਨੂੰ ਅੱਗੇ ਆਉਣ ਦਾ ਸਮਾਂ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸੋਚ ਹੀ ਪੰਥ ਤੇ ਪੰਜਾਬ ਨੂੰ ਅੱਗੇ ਲਿਜਾ ਸਕਦੀ ਹੈ। ਵੱਖ ਵੱਖ ਬੁਲਾਰਿਆਂ ਨੇ ਪੰਥਕ ਜਜ਼ਬਾ ਰੱਖਣ ਵਾਲੀ ਸੰਗਤ ਨੂੰ 29 ਮਾਰਚ ਨੂੰ ਹੋਣ ਵਾਲੀ ਪੰਥਕ ਇਕੱਤਰਤਾ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਵਾਉਣ ਦਾ ਵਿਸ਼ਵਾਸ ਦਿਵਾਇਆ।

ਇਸ ਮੌਕੇ ਬਾਬੂ ਪ੍ਰਕਾਸ਼ ਚੰਦ ਗਰਗ, ਜਥੇ. ਗੁਰਬਚਨ ਸਿੰਘ ਬਚੀ, ਜਥੇ. ਤੇਜਾ ਸਿੰਘ ਕਾਮਲਪੁਰ, ਰਾਮਪਾਲ ਸਿੰਘ ਬਹਿਣੀਵਾਲ, ਸ਼੍ਰੋਮਣੀ ਕਮੇਟੀ ਮੈਂਬਰ ਮਲਕੀਤ ਸਿੰਘ ਚੰਗਾਲ, ਜਥੇ. ਹਰਦੇਵ ਸਿੰਘ ਰੋਗਲਾ, ਜਥੇ. ਪ੍ਰਿਤਪਾਲ ਸਿੰਘ ਹਾਂਡਾ, ਅਮਨਵੀਰ ਸਿੰਘ ਚੈਰੀ, ਜਸਵਿੰਦਰ ਸਿੰਘ ਪ੍ਰਿੰਸ, ਕਰਨ ਘੁਮਾਣ, ਇੰਦਰਜੀਤ ਸਿੰਘ ਤੂਰ, ਗੁਰਚਰਨ ਸਿੰਘ ਧਾਲੀਵਾਲ, ਭੁਪਿੰਦਰ ਸਿੰਘ ਮੌੜ, ਰਣਧੀਰ ਸਿੰਘ ਸਮੂਰਾ, ਗੁਰਜੀਤ ਸਿੰਘ ਜੀਤੀ, ਵਿੱਕੀ ਛਾਜਲੀ, ਗੁਰਦੀਪ ਸਿੰਘ ਕੋਟੜਾ, ਰਕੇਸ਼ ਬਨਾਰਸੀ, ਛੱਜੂ ਸਿੰਘ, ਗੁਲਜਾਰ ਸਿੰਘ ਪਿਸ਼ੌਰ, ਨਵੀਨ ਬਨਾਰਸੀ, ਰੂਪ ਸਿੰਘ ਸ਼ੇਰੋ, ਚਮਕੌਰ ਸਿੰਘ ਮੋਰਾਂਵਾਲੀ, ਭਗਵੰਤ ਸਿੰਘ ਲੌਂਗੋਵਾਲ, ਜਸਵਿੰਦਰ ਸਿੰਘ ਲਿਬੜਾ, ਯਾਦਵਿੰਦਰ ਸਿੰਘ ਨਿਰਮਾਣ, ਮਾ. ਦਲਜੀਤ ਸਿੰਘ, ਕੇਵਲ ਸਿੰਘ ਜਲਾਨ, ਸੁਖਦੇਵ ਸਿੰਘ ਸ਼ੇਰੋਂ ਆਦਿ ਮੌਜੂਦ ਸਨ।

## ਇੰਡੀਅਨ ਅਕੈਡਮਿਕ ਕਾਉਂਸਿਲ ਵੱਲੋਂ ਜੀ ਟੀ ਬੀ ਕੈਂਬ੍ਰਿਜ ਸਕੂਲ ਦੀ ਸਿਲੈਕਸ਼ਨ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਗੁਰੂ ਹਰਸਹਾਏ ਦੇ ਨਾਮਵਰ ਸਕੂਲ ਤੇ ਇਲਾਕਾ ਨਿਵਾਸੀਆਂ ਲਈ ਬੜੇ ਮਾਣ ਦੀ ਗੱਲ ਹੈ ਕਿ ਜੀ.ਟੀ.ਬੀ. ਕੈਂਬ੍ਰਿਜ ਵਰਲਡ ਸਕੂਲ ਨੂੰ ਇੰਡੀਅਨ ਅਕੈਡਮਿਕ ਕਾਉਂਸਲ ਵੱਲੋਂ ਸਿਲੈਕਟ ਕੀਤਾ ਗਿਆ।ਇਸ ਦੌਰਾਨ ਸਕੂਲ ਦਾ ਵੈਸਟਰਨ ਆਸਟਰੇਲੀਆ ਬੋਰਡ ਦੇ ਮੈਂਬਰਾਂ ਦੁਆਰਾ ਦੌਰਾ ਕੀਤਾ ਗਿਆ।ਆਸਟਰੇਲੀਆ ਤੋਂ ਮਿਸਟਰ ਕੋਲਿਨ ਗਲਾਸ ਜੋ ਕਿ ਵੈਸਟਰਨ ਆਸਟਰੇਲੀਆ ਕਰੀਕੁਲਮ ਦੇ ਬੋਰਡ ਐਡਵਾਈਜ਼ਰ ਹਨ ਤੇ ਮਿਸਟਰ ਕੈਨਨ ਮੈਕ ਜੋ ਕਿ ਇੰਟਰਨੈਸ਼ਨਲ ਐਜੂਕੇਸ਼ਨ ਐਂਡ ਟ੍ਰੇਨਿੰਗ ਮੈਨੇਜਰ ਹਨ, ਵੱਲੋਂ ਸਕੂਲ ਦਾ ਦੌਰਾ ਕੀਤਾ ਗਿਆ।ਪ੍ਰਿੰਸੀਪਲ ਪ੍ਰਤਾਪ ਸਿੰਘ ਵੱਲੋਂ ਇਨ੍ਹਾਂ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਇਨ੍ਹਾਂ ਮਹਿਮਾਨਾਂ ਨੇ ਵੈਸਟਰਨ ਆਸਟਰੇਲੀਆ ਕਰੀਕੁਲਮ ਤੇ ਇਸ ਦੇ ਸਿੱਖਿਆ ਵਿੱਚ ਵਿਸ਼ਵ ਵਿਆਪੀ ਮੌਕਿਆਂ ਬਾਰੇ ਜਾਣਕਾਰੀ ਦਿੱਤੀ।ਮਹਿਮਾਨਾਂ ਨੇ ਸਕੂਲ ਦਾ ਦੌਰਾ ਕਰਨ ਦੇ ਨਾਲ-ਨਾਲ ਅਧਿਆਪਕਾਂ ਨਾਲ ਗੱਲਬਾਤ ਵੀ ਕੀਤੀ ਅਤੇ ਸਕੂਲ ਦੀ ਬੜੀ ਪ੍ਰਸੰਸਾ ਕੀਤੀ।ਸਕੂਲ ਵਿੱਚ ਇਸ ਮਿਲਣੀ ਦਾ ਮਨੋਰਥ ਸਿਰਫ ਸਕੂਲ ਵਿੱਚ ਇੰਟਰਨੈਸ਼ਨਲ ਪੱਧਰ ਦੀ ਸਿੱਖਿਆ ਲੈ ਕੇ ਆਉਣਾ ਹੈ ਤਾਂ ਜੋ ਬੱਚੇ ਪੰਜਾਬ ਵਿੱਚ ਰਹਿ ਕੇ ਇੰਟਰਨੈਸ਼ਨਲ ਪੜ੍ਹਾਈ ਨੂੰ ਪ੍ਰਾਪਤ ਕਰ ਸਕਣ।ਇਨ੍ਹਾਂ ਮਹਿਮਾਨਾਂ ਨੇ ਦੱਸਿਆ ਕਿ ਹਰੇਕ ਸਬਜੈਕਟ ਦਾ ਇੱਕ ਐਕਸਪਰਟ ਪਰਸਨ ਟ੍ਰੇਨਿੰਗ ਲਈ ਸਕੂਲ ਵਿੱਚ ਭੇਜਿਆ ਜਾਵੇਗਾ, ਜੋ ਕਿ ਬੱਚਿਆਂ ਨੂੰ ਆਪਣੇ ਤਰੀਕੇ ਨਾਲ ਟ੍ਰੇਨਿੰਗ ਦੇਵੇਗਾ।ਸਕੂਲ ਪ੍ਰਬੰਧਕਾਂ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਸਨਮਾਨਤ ਕੀਤਾ ਗਿਆ।

## ਲਿਬਰੇਸ਼ਨ ਦਾ ਚੌਥਾ ਜ਼ਿਲ੍ਹਾ ਡੈਲੀਗੇਟ ਅਜਲਾਸ ਸੰਪੰਨ




**ਸੰਗਰੂਰ (ਪ੍ਰਵੀਨ ਸਿੰਘ)**-ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹਾਦਤ ਦਿਵਸ ਮੌਕੇ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਵੱਲੋਂ ਸਥਾਨਕ ਹਿੰਮਤ ਸਿੰਘ ਧਰਮਸ਼ਾਲਾ ਵਿਖੇ ਅਪਣਾ ਚੌਥਾ ਜ਼ਿਲ੍ਹਾ ਡੈਲੀਗੇਟ ਅਜਲਾਸ ਜਥੇਬੰਦ ਕੀਤਾ ਗਿਆ। ਕਾਮਰੇਡ ਘੁਮੰਡ ਸਿੰਘ ਖਾਲਸਾ, ਮਨਜੀਤ ਕੌਰ ਆਲੋਅਰਖ, ਨਾਥ ਸਿੰਘ ਛਾਜਲੀ, ਗੁਰਤੇਜ ਕੌਰ ਭਾਈ ਕੀ ਪਸ਼ੌਰ ਤੇ ਸੀਨੀਅਰ ਪਾਰਟੀ ਲੀਡਰ ਕਾਮਰੇਡ ਨਛੱਤਰ ਸਿੰਘ ਖੀਵਾ ਦੀ ਪ੍ਰਧਾਨਗੀ ਹੇਠ ਹੋਏ ਇਸ ਅਜਲਾਸ ਦੀ ਸ਼ੁਰੂਆਤ 23 ਮਾਰਚ ਦੇ ਮਹਾਨ ਇਨਕਲਾਬੀ ਸ਼ਹੀਦਾਂ, ਇਨਕਲਾਬੀ ਕਵੀ ਪਾਸ਼ ਤੇ ਕੌਮੀ ਪੱਧਰ ਦੇ ਸ਼ਹੀਦ ਵਿਦਿਆਰਥੀ ਆਗੂ ਚੰਦਰ ਸ਼ੇਖਰ ਪ੍ਰਸਾਦ ਦੀ ਯਾਦ ਵਿੱਚ ਮੋਨ ਧਾਰਨ ਪਿੱਛੋਂ ਇਨਕਲਾਬੀ ਨਾਹਰਿਆਂ ਦੀ ਗੂੰਜ ਵਿੱਚ ਹੋਈ। ਅਜਲਾਸ ਨੂੰ ਪਾਰਟੀ ਦੇ ਸੂਬਾਈ ਆਗੂ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਨੇ ਸੰਬੋਧਨ ਕਰਦਿਆਂ ਮੋਦੀ ਸਰਕਾਰ ਤੇ ਮਾਨ ਸਰਕਾਰ ਵੱਲੋਂ ਮਜ਼ਦੂਰਾਂ, ਕਿਸਾਨਾਂ ਉੱਤੇ ਕੀਤੇ ਤਿੱਖੇ ਹਮਲੇ ਦੇ ਟਾਕਰੇ ਲਈ ਜ਼ਿਲ੍ਹੇ ਵਿੱਚ ਪਾਰਟੀ ਨੂੰ ਬ੍ਰਾਂਚ/ਪਿੰਡ ਪੱਧਰ 'ਤੇ ਮਜ਼ਬੂਤ ਕਰਨ ਉੱਤੇ ਜ਼ੋਰ ਦਿੱਤਾ। ਜ਼ਿਲ੍ਹਾ ਸਕੱਤਰ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਤੀਜੇ ਅਜਲਾਸ ਤੋਂ ਬਾਅਦ ਜ਼ਿਲ੍ਹਾ ਪਾਰਟੀ ਵੱਲੋਂ ਕੀਤੀਆਂ ਮੁੱਖ ਸਰਗਰਮੀਆਂ ਬਾਰੇ ਰਿਪੋਰਟ ਪੇਸ਼ ਕੀਤੀ। ਜ਼ਿਲ੍ਹਾ ਜਥੇਬੰਦਕ ਰਿਪੋਰਟ ਬਾਰੇ ਕਿੱਕਰ ਸਿੰਘ ਖਾਲਸਾ, ਗੁਰਜੰਟ ਸਿੰਘ ਜਵੰਦੇ, ਨਾਥ ਸਿੰਘ ਛਾਜਲੀ ਸਮੇਤ ਕਈ ਡੈਲੀਗੇਟਾਂ ਨੇ ਅਪਣੇ ਸੁਝਾਅ ਦਿੱਤੇ। ਅਖੀਰ ਵਿੱਚ ਅੱਠ ਮੈਂਬਰੀ ਕਮੇਟੀ ਨਵੀਂ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਤਿੰਨ ਔਰਤ ਮੈਂਬਰ ਸ਼ਾਮਲ ਹਨ। ਕਮੇਟੀ ਨੇ ਅਹੁਦੇਦਾਰਾਂ ਵਜੋਂ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੂੰ ਜ਼ਿਲ੍ਹਾ ਸਕੱਤਰ, ਬਿੱਟੂ ਸਿੰਘ ਖੋਖਰ ਨੂੰ ਜ਼ਿਲ੍ਹਾ ਸਹਾਇਕ ਸਕੱਤਰ ਤੇ ਸਾਥੀ ਕੁਲਵੰਤ ਸਿੰਘ ਛਾਜਲੀ ਦੀ ਪ੍ਰੈੱਸ ਸਕੱਤਰ ਵਜੋਂ ਚੋਣ ਕੀਤੀ। ਅਜਲਾਸ ਵੱਲੋਂ ਪਾਸ ਕੀਤੇ ਮਤਿਆਂ ਵਿੱਚ ਕਿਸਾਨ ਅੰਦੋਲਨ ਉਤੇ ਮਾਨ ਸਰਕਾਰ ਵੱਲੋਂ ਕੀਤੇ ਜਾਬਰ ਹਮਲੇ, ਲਗਾਤਾਰ ਕੀਤੇ ਜਾ ਰਹੇ ਝੂਠੇ ਪੁਲਸ ਮੁਕਾਬਲਿਆਂ ਅਤੇ ਬਿਨਾਂ ਕਿਸੇ ਅਦਾਲਤੀ ਫੈਸਲੇ ਦੇ ਕੁਝ ਚੋਣਵੇਂ ਪਰ ਛੋਟੇ ਮੋਟੇ ਨਸ਼ਾ ਤਸਕਰਾਂ ਦੇ ਘਰ ਢਾਹੁਣ ਦੀ ਨਿਖੇਧੀ ਕੀਤੀ ਗਈ। ਇਕ ਹੋਰ ਮਤੇ ਵਿੱਚ ਦਲਿਤ ਮਜ਼ਦੂਰਾਂ ਨੂੰ ਸੁਚੇਤ ਕੀਤਾ ਗਿਆ ਕਿ ਉਹ ਬੀਜੇਪੀ ਵੱਲੋਂ ਮਜ਼ਦੂਰਾਂ ਨੂੰ ਕਿਸਾਨਾਂ ਖਿਲਾਫ ਭੜਕਾਉਣ ਤੇ ਅਪਣੇ ਪਿੱਛੇ ਖਿੱਚਣ ਦੀ ਸਾਜ਼ਿਸ਼ ਪ੍ਰਤੀ ਜਾਗਰੂਕ ਹੋਣ ਤੇ ਇਸ ਨੂੰ ਅਸਫਲ ਬਣਾਉਣ।

## ਸਰਬ ਸਾਂਝਾ ਵਿਚਾਰ ਮੰਚ ਵੱਲੋਂ ਖ਼ੂਨਦਾਨ ਤੇ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ



**ਚੀਮਾ (ਰਵਿੰਦਰ ਚੀਮਾ)**-ਨਜ਼ਦੀਕੀ ਪਿੰਡ ਸ਼ਾਹਪੁਰ ਕਲਾਂ ਵਿਖੇ ਸਰਬ ਸਾਂਝਾ ਵਿਚਾਰ ਮੰਚ ਵੱਲੋਂ ਮਾਸਟਰ ਗੁਰਪ੍ਰੀਤ ਸਿੰਘ ਟੋਨੀ ਦੀ ਅਗਵਾਈ ਵਿੱਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਮੰਜੀ ਸਾਹਿਬ ਦੀ ਲੋਕਲ ਕਮੇਟੀ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਅੱਖਾਂ ਦਾ ਮੁਫਤ ਚੈੱਕਅਪ ਤੇ ਖੂਨਦਾਨ ਕੈਂਪ ਲਗਾਇਆ ਗਿਆ।ਸਰਬ ਸਾਂਝਾ ਵਿਚਾਰ ਮੰਚ ਦੇ ਪ੍ਰਧਾਨ ਮਾਸਟਰ ਗੁਰਪ੍ਰੀਤ ਸਿੰਘ ਟੋਨੀ ਤੇ ਮੰਚ ਦੇ ਚੇਅਰਮੈਨ ਚਮਕੌਰ ਸਿੰਘ ਸ਼ਾਹਪੁਰ ਨੇ ਦੱਸਿਆ ਕਿ ਇਸ ਕੈਂਪ ਵਿੱਚ 345 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਪਟਿਆਲਾ ਤੋਂ ਪੁੱਜੀ ਹੋਈ ਮਾਹਰ ਡਾਕਟਰਾਂ ਦੀ ਟੀਮ ਨੇ ਕੀਤਾ ਤੇ ਲੋੜੀਂਦੇ ਮਰੀਜ਼ਾਂ ਨੂੰ ਮੰਚ ਵੱਲੋਂ ਐਨਕਾਂ ਤੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ ਅਤੇ ਕੈਂਪ ਵਿੱਚ ਪਹੁੰਚੇ 46 ਮਰੀਜ਼ਾਂ ਦੇ ਲੈਂਜ ਪਟਿਆਲਾ ਵਿਖੇ ਮੁਫ਼ਤ ਪਾਏ ਜਾਣਗੇ। ਇਸ ਮੌਕੇ ਖ਼ੂਨਦਾਨ ਕੈਂਪ ਵਿੱਚ ਗੁਰੂ ਨਾਨਕ ਦੇਵ ਚੈਰੀਟੇਬਲ ਬਲੱਡ ਬੈਂਕ ਸੰਗਰੂਰ ਵੱਲੋਂ 20 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਇਸ ਮੌਕੇ ਗੁਰੂਘਰ ਦੇ ਹੈੱਡ ਗ੍ਰੰਥੀ ਬਾਬਾ ਬੂਟਾ ਸਿੰਘ, ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਗੁਰਸੇਵਕ ਸਿੰਘ, ਮੁਕੇਸ਼ ਜੁਨੇਜਾ ਚੇਅਰਮੈਨ ਮਾਰਕੀਟ ਕਮੇਟੀ ਸੁਨਾਮ, ਸੰਜੀਵ ਕੁਮਾਰ ਸੰਜੂ ਪੀ ਏ (ਸ੍ਰੀ ਅਮਨ ਅਰੋੜਾ), ਚੇਅਰਮੈਨ ਮਹਿੰਦਰ ਸਿੰਘ ਸੇਰੋਂ, ਜਗਦੀਪ ਸਿੰਘ ਗੁੱਜਰਾਂ ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਸੰਗਰੂਰ, ਕਰਮਜੀਤ ਕੌਰ ਸੀਨੀਅਰ ਕਾਂਗਰਸ ਆਗੂ, ਲਾਭ ਨੀਲੋਵਾਲ, ਡਾ. ਸੁਰੇਸ਼ ਕੁਮਾਰ ਜਨਤਾ ਹਸਪਤਾਲ ਚੀਮਾ, ਕੁਲਦੀਪ ਸ਼ਰਮਾ ਗਾਮਾ ਲੈਬ ਚੀਮਾ, ਪ੍ਰਿੰਸੀਪਲ ਬੂਟਾ ਸਿੰਘ ਝਾੜੋਂ ਤੋਂ ਇਲਾਵਾ ਪਿੰਡ ਦੀਆਂ ਵੱਖ ਵੱਖ ਧਾਰਮਿਕ, ਸਮਾਜਿਕ ਸੰਸਥਾਵਾਂ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਮਾਸਟਰ ਨਰਿੰਦਰ ਸ਼ਰਮਾ, ਮਾਸਟਰ ਹਰਦੇਵ ਸਿੰਘ ਚੀਮਾ, ਛੱਤੀ ਸ਼ਾਹਪੁਰ ਤੇ ਨਛੱਤਰ ਸ਼ਰਮਾ ਵੱਲੋਂ ਕੈਂਪ ਨੂੰ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਿੰਡ ਤੇ ਇਲਾਕੇ ਦੀਆਂ ਸਤਿਕਾਰਤ ਸ਼ਖ਼ਸੀਅਤਾਂ ਹਾਜ਼ਰ ਸਨ।

## ਮਨਰੇਗਾ ਮਜ਼ਦੂਰਾਂ ਵੱਲੋਂ ਮੰਗਾਂ ਸੰਬੰਧੀ ਬੀ ਡੀ ਪੀ ਓ ਦ਼ਫ਼ਤਰ ਅੱਗੇ ਧਰਨਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਮਨਰੇਗਾ ਮਜ਼ਦੂਰਾਂ ਵੱਲੋਂ ਬੀਡੀਪੀਓ ਦਫ਼ਤਰ ਸ਼੍ਰੀ ਮੁਕਤਸਰ ਸਾਹਿਬ ਵਿਖੇ ਪਿਛਲੇ ਕਈ ਮਹੀਨਿਆਂ ਤੋਂ ਲੱਖਾਂ ਰੁਪਏ ਦਾ ਰੁਕਿਆ ਬਕਾਇਆ ਜਾਰੀ ਕਰਵਾਉਣ, ਪਿੰਡਾਂ ਵਿੱਚ ਬੰਦ ਪਿਆ ਕੰਮ ਚਾਲੂ ਕਰਵਾਉਣ, ਨਹਿਰਾਂ ਕੱਸੀਆਂ 'ਤੇ ਕੰਮ ਕਰਦੇ ਮਜ਼ਦੂਰਾਂ ਦੇ ਸੁਰੱਖਿਆ ਦੇ ਸਾਜ਼ੋ ਸਾਮਾਨ ਦਾ ਪ੍ਰਬੰਧ ਕਰਨ, ਰਹਿੰਦੇ ਜੌਬ ਕਾਰਡ ਬਣਾਉਣ ਆਦਿ ਮੰਗਾਂ ਨੂੰ ਲੈ ਕੇ ਧਰਨਾ ਲਾਇਆ ਗਿਆ।ਬੀ ਡੀ ਪੀ ਓ ਕੇਵਲ ਕੁਮਾਰ ਤੇ ਏ ਪੀ ਓ ਮੇਜਰ ਸਿੰਘ ਨਾਲ ਮੀਟਿੰਗ ਕਰਕੇ ਮੰਗ ਪੱਤਰ ਦਿੱਤਾ ਗਿਆ।ਬੀ ਡੀ ਪੀ ਓ ਵੱਲੋਂ ਅਪ੍ਰੈਲ ਦੇ ਪਹਿਲੇ ਹਫਤੇ ਰਹਿੰਦਾ ਬਕਾਇਆ ਜਾਰੀ ਤੇ ਜਲਦੀ ਬੰਦ ਕੰਮ ਚਾਲੂ ਕਰਨ ਦਾ ਭਰੋਸਾ।ਇਸ ਮੌਕੇ ਪਿੰਡ ਵੜਿੰਗ ਝਬੇਲਵਾਲੀ ਚੱਕ ਗਾਂਧਾ ਸਿੰਘ ਵਾਲਾ ਖੋਖਰ ਡੋਡਾਂ ਵਾਲੀ ਤੋਂ ਮਜ਼ਦੂਰ ਧਰਨੇ ਵਿੱਚ ਸ਼ਾਮਲ ਹੋਏ।ਪ੍ਰੈੱਸ ਬਿਆਨ ਜਾਰੀ ਕਰਦਿਆਂ ਮਜ਼ਦੂਰ ਆਗੂ ਗਿਆਨ ਸਿੰਘ ਝਬੇਲਵਾਲੀ ਸਤਵਿੰਦਰ ਸਿੰਘ ਚੱਕ ਗਾਂਧਾ ਸਿੰਘ ਵਾਲਾ ਜਗਦੀਪ ਕੌਰ ਵੜਿੰਗ ਤੇ ਮੰਗਲ ਸਿੰਘ ਖੋਖਰ ਨੇ ਕਿਹਾ ਕਿ ਸ਼੍ਰੀ ਮੁਕਤਸਰ ਸਾਹਿਬ ਬਲਾਕ ਦੇ ਬਹੁਤ ਸਾਰੇ ਪਿੰਡਾਂ ਵਿੱਚ ਮਨਰੇਗਾ ਮਜ਼ਦੂਰਾਂ ਦੇ ਕੀਤੇ ਕੰਮਾਂ ਦਾ ਲੱਖਾਂ ਰੁਪਏ ਬਕਾਇਆ ਜਾਰੀ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਮਨਰੇਗਾ ਦਾ ਕੰਮ ਬੰਦ ਪਿਆ ਹੈ, ਜਿਸ ਨੂੰ ਤੁਰੰਤ ਚਾਲੂ ਕੀਤਾ ਜਾਵੇ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਤੇ ਪੂਰਾ ਸਾਲ ਕੰਮ ਦਿੱਤਾ ਜਾਵੇ।

ਆਗੂਆਂ ਨੇ ਕਿਹਾ ਕਿ ਮਜ਼ਦੂਰਾਂ ਦੀ ਪਹਿਲਾਂ ਹੀ ਮਾੜੀ ਹਾਲਤ ਹੈ ਉਪਰੋਂ ਕੇਂਦਰ ਸਰਕਾਰ ਨੇ ਮਨਰੇਗਾ ਦੇ ਬਜਟ ਵਿੱਚ ਕਟੌਤੀ ਕਰ ਦਿੱਤੀ ਹੈ, ਜਿਸ ਦੀ ਸਖਤ ਨਿਖੇਦੀ ਕੀਤੀ ਗਈ। ਉਨ੍ਹਾਂ ਕਿਹਾ ਕਿ ਮਾੜੀ ਹਾਲਤ ਵਿੱਚ ਰਹਿ ਰਹੇ ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਤੇ ਮਕਾਨ ਬਣਾਉਣ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਸਰਵੇ ਕਰਕੇ ਗਰਾਂਟ ਜਾਰੀ ਕੀਤੀ ਜਾਵੇ।ਪਿੰਡ ਖੋਖਰ ਵਿਖੇ ਸੰਘਰਸ਼ ਕਰ ਰਹੇ ਮਜ਼ਦੂਰਾਂ ਨੂੰ ਪੰਚਾਇਤੀ ਜ਼ਮੀਨ ਵਿੱਚੋਂ ਪਲਾਟ ਪਲਾਟ ਕੀਤੇ ਜਾਣ ਤੇ ਮਜ਼ਦੂਰਾਂ ਦੇ ਰਹਿੰਦੇ ਜੌਬ ਕਾਰਡ ਤੁਰੰਤ ਪ੍ਰਭਾਵ ਨਾਲ ਬਣਾਏ ਜਾਣ।ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਵਾਜਬ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਨੂੰ ਲਾਮਬੰਦ ਕਰਕੇ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦਾ ਜ਼ਿੰਮੇਵਾਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਤੇ ਮੁਕਸਰ ਜ਼ਿਲ੍ਹੇ ਦਾ ਸਿਵਿਲ ਪ੍ਰਸ਼ਾਸਨ ਹੋਵੇਗਾ।

ਇਸ ਮੌਕੇ ਰੇਸ਼ਮ ਸਿੰਘ ਝਬੇਲਵਾਲੀ, ਜਸਕਰਨ ਸਿੰਘ, ਜਸਪ੍ਰੀਤ ਕੌਰ, ਨੇਕ ਸਿੰਘ, ਗੁਰਮੇਲ ਸਿੰਘ, ਜਗਰੂਪ ਸਿੰਘ ਘਾਰੂ, ਜਸਵੀਰ ਸਿੰਘ, ਕੁਲਦੀਪ ਕੌਰ, ਬਿੰਦਰ ਕੌਰ, ਹਰਪਾਲ ਕੌਰ, ਕੁਲਵਿੰਦਰ ਕੌਰ, ਸੁਖਦੇਵ ਕੌਰ ਭਰਾਤਰੀ ਜਥੇਬੰਦੀ ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਆਗੂ ਹਰਜਿੰਦਰ ਸਿੰਘ ਖੋਖਰ ਤੇ ਮੰਗਾ ਆਜ਼ਾਦ ਨੇ ਵੀ ਸੰਬੋਧਨ ਕੀਤਾ।

## ਸਰਕਾਰੀ ਸਿਵਲ ਹਸਪਤਾਲ 'ਚ ਪਹਿਲੀ ਸਪੈਸ਼ਲ ਕੈਂਸਰ ਓ.ਪੀ.ਡੀ. ਜਲਦੀ ਹੋਵੇਗੀ ਸ਼ੁਰੂ : ਚੇਅਰਮੈਨ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ) ਭਗਵੰਤ ਸਿੰਘ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ।ਸ੍ਰੀ ਸੁਖਜਿੰਦਰ ਸਿੰਘ ਕੌਣੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਨੇ ਕੀਤਾ।ਉਨ੍ਹਾਂ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਸਰਕਾਰੀ ਸਿਵਲ ਹਸਪਤਾਲ ਬਾਦਲ ਵਿਖੇ ਪਹਿਲੀ ਸਪੈਸ਼ਲ ਕੈਂਸਰ ਓ.ਪੀ.ਡੀ. ਜਲਦੀ ਸ਼ੁਰੂ ਹੋ ਜਾਵੇਗੀ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਡਾ.ਰਾਜੀਵ ਸੂਦ ਵਾਇਸ ਚਾਂਸਲਰ ਬਾਬਾ ਫ਼ਰੀਦ ਯੂਨੀਵਰਸਿਟੀ ਵੱਲੋਂ ਇਸ ਸਬੰਧੀ ਬੇਨਤੀ ਪ੍ਰਵਾਨ ਕਰ ਲਈ ਗਈ ਹੈ।

## ਗੁਰੂ ਨਾਨਕ ਲਾਅ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੰਕਜ ਰਾਮਪਾਲ ਦੇ ਚੈਂਬਰ ਦਾ ਦੌਰਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**



ਗੁਰੂ ਨਾਨਕ ਲਾਅ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੰਕਜ ਰਾਮਪਾਲ ਦੇ ਚੈਂਬਰ ਦਾ ਦੌਰਾ ਕੀਤਾ ਗਿਆ। ਪੰਕਜ ਰਾਮਪਾਲ ਨੇ ਚੈਂਬਰ ਵਿੱਚ ਲਾਅ ਦੇ ਵਿਦਿਆਰਥੀਆਂ ਨੂੰ ਵਕੀਲ ਡਾਇਰੀ ਫਾਈਲ ਤੇ ਦਸਤਾਵੇਜ਼ਾਂ ਦੀ ਜਾਣਕਾਰੀ ਦਿੱਤੀ, ਜਿਸ ਵਿਚ ਮੁਦੱਈ ਤੇ ਪ੍ਰਤੀਵਾਦੀ ਦਾ ਨਾਮ ਅਤੇ ਉਨ੍ਹਾ ਦੁਆਰਾ ਫਾਈਲ ਕੀਤੇ ਗਏ ਦਸਤਾਵੇਜ਼ਾਂ ਦਾ ਵਿਵਰਣ ਸਮਝਾਇਆ।ਤਲਬਨਾਮਾ, ਨੋਟਿਸ ਵਾਸਤੇ ਜ਼ਾਹਰ ਕਰਨ ਦੀ ਵਜ੍ਹਾ, ਫਾਰਮ ਨੰਬਰ 03 ਤੇ ਵਕਾਲਤਨਾਮਾ ਆਦਿ ਦਸਤਾਵੇਜ਼ਾਂ ਦਾ ਨਿਰੀਖਣ ਕਰਵਾਇਆ।ਉਨ੍ਹਾਂ ਦੱਸਿਆ ਕਿ ਲਾਅ ਦੇ ਪੇਸ਼ੇ ਵਿੱਚ ਕਿਨ੍ਹਾਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਜਿਵੇਂ ਕਿ ਵਕੀਲ ਦੇ ਮੁਅੱਕਲ ਤੇ ਕੋਰਟ ਦੇ ਪ੍ਰਤੀ ਡਿਊਟੀ, ਮੁਕੱਦਮਾਂ ਤਿਆਰੀ ਵਕੀਲ ਦੇ ਗੁਣ ਆਦਿ ਵਿਸ਼ਿਆਂ +ਤੇ ਵਿਸਥਾਰ ਜਾਣਕਾਰੀ ਪ੍ਰਧਾਨ ਕੀਤੀ। ਉਨ੍ਹਾਂ ਕਿਹਾ ਕਿ ਇਸ ਪੇਸ਼ੇ ਵਿਚ ਰਹਿਣ ਵਾਸਤੇ ਮਹਿਨਤ ਇਮਾਨਦਾਰੀ ਤੇ ਚੰਗੀ ਬੋਲੀ ਹੋਣਾ ਜ਼ਰੂਰੀ ਹੈ। ਵਿਦਿਆਰਥੀਆਂ ਨੇ ਵੱਖ ਵੱਖ ਵਿਸ਼ਿਆਂ ਨੂੰ ਲੈ ਕੇ ਵਕੀਲ ਸਾਹਿਬ ਤੋਂ ਪ੍ਰਸ਼ਨ ਕੀਤੇ ਤੇ ਉਨ੍ਹਾਂ ਨੇ ਵਿਦਿਆਰਥੀਆਂ ਦੇ ਪ੍ਰਸ਼ਨਾਂ ਦਾ ਸਰਲ ਭਾਸ਼ਾ ਵਿੱਚ ਜਵਾਬ ਦਿੰਦੇ ਹੋਏ ਉਨ੍ਹਾਂ ਦੀ ਉਤਸੁਕਤਾ ਸ਼ਾਂਤ ਕੀਤੀ।ਅੱਜ ਦੀ ਇਹ ਵਕੀਲ ਚੈਂਬਰ ਦੌਰੇ ਦੇ ਦੌਰਾਨ ਪ੍ਰਿੰਸੀਪਲ ਡਾ: ਅਵਰ ਖਾਨ, ਅਸਿਸਟੈਂਟ ਪ੍ਰੋ: ਰਚਨਾ ਰਾਏ ਤੇ ਮੈਡਮ ਚੀਨਾ ਦੇ ਨਿਰਦੇਸ਼ਾਂ ਹੇਠ ਕਰਵਾਈ ਗਈ।ਕਾਲਜ ਦੇ ਚੇਅਰਮੈਨ ਰਤਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਚੈਂਬਰ ਦੌਰੇ ਲਈ ਰਵਾਨਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਦੇ ਕਿਤਾਬੀ ਗਿਆਨ ਦੇ ਨਾਲ ਨਾਲ ਵਕਾਲਤ ਦੀਆਂ ਬਰੀਕੀਆਂ ਨੂੰ ਸਮਝਣ ਵਿਚ ਸਹਾਇਤਾ ਮਿਲਦੀ ਹੈ।ਵਾਈਸ ਚੇਅਰਮੈਨ ਅਸੀਸਪ੍ਰੀਤ ਸਿੰਘ ਸਾਈਆਂਵਾਲਾ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਦਾ ਪੂਰੀ ਤਰ੍ਹਾਂ ਵਿਕਾਸ ਹੁੰਦਾ ਹੈ।ਇਸ ਮੌਕੇ ਕਾਲਜ ਦੇ ਸਾਰੇ ਵਿਦਿਆਰਥੀ ਹਾਜ਼ਰ ਸਨ।

## ਵੱਖ-ਵੱਖ ਜਥੇਬੰਦੀਆਂ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ

### ■ ਸਾਮਰਾਜ ਵਿਰੋਧੀ ਜਨਤਕ ਲਹਿਰ ਵਿਸ਼ਾਲ ਕਰਨ ਦਾ ਅਹਿਦ

**ਮਲੋਟ (ਗੁਰਮੀਤ ਸਿੰਘ ਮੱਕੜ)**



ਬਰਤਾਨਵੀ ਸਾਮਰਾਜ ਵਿਰੋਧੀ ਇਨਕਲਾਬ ਲਹਿਰ ਦੇ ਜੁਝਾਰੂ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਮੌਕੇ ਦਾਣਾ ਮੰਡੀ ਮਲੋਟ ਵਿਖੇ ਭਾਕਿਯੂ ਏਕਤਾ ਉਗਰਾਹਾਂ ਤੇ ਵੱਖ ਵੱਖ ਜਥੇਬੰਦੀਆਂ ਨੇ ਜਨਤਕ ਇਕੱਠਾਂ ਰਾਹੀਂ ਸੰਗਰਾਮੀ ਸ਼ਰਧਾ ਦੇ ਫੁੱਲ ਤੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਹ ਜਾਣਕਾਰੀ ਦਿੰਦਿਆਂ ਜਥੇਬੰਦੀਆਂ 'ਚ ਕੌਮੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲੱਖਾ ਸ਼ਰਮਾ ਆਲਮਵਾਲਾ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਵਣਵਾਲਾ, ਡੀ.ਟੀ.ਐੱਫ਼. ਦੇ ਮਾ. ਰਾਮ ਸਵਰਨ ਲੱਖੇਵਾਲੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਕਾਕਾ ਸਿੰਘ ਖੁੰਡੇ ਹਲਾਲ ਭਾਕਿਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਪਾਸ਼ ਸਿੰਘ ਸਿੰਘੇਵਾਲਾ, ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ ਨੇ ਦੱਸਿਆ ਕਿ ਸ਼ਰਧਾਂਜਲੀ ਸਮਾਗਮਾਂ ਵਿੱਚ ਔਰਤਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਹੋਰਨਾਂ ਕਿਰਤੀ ਲੋਕਾਂ ਨੇ ਇਕੱਠਾਂ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਦੀ ਜੈ ਜੈ ਕਾਰ ਕੀਤੀ ਅਤੇ ਉਨ੍ਹਾਂ ਦੇ ਸੁਪਨਿਆਂ ਦੀ ਲੋਕ-ਪੱਖੀ ਬੁਨਿਆਦੀ ਤਬਦੀਲੀ ਵਾਲਾ ਸਮਾਜ ਸਿਰਜਣ ਦੇ ਅਧੂਰੇ ਸੰਗਰਾਮੀ ਕਾਰਜ ਨੂੰ ਪੂਰਾ ਕਰਨ ਵਿੱਚ ਬਣਦਾ ਰੋਲ ਨਿਭਾਉਣ ਦਾ ਅਹਿਦ ਕੀਤਾ। ਉਨ੍ਹਾਂ ਦੋਸ਼ ਲਗਾਇਆ ਕਿ ਭਾਰਤ ਦੀ ਕੇਂਦਰੀ ਭਾਜਪਾ ਸਰਕਾਰ ਤੇ ਪੰਜਾਬ ਦੀ ਆਪ ਸਰਕਾਰ ਵੱਲੋਂ ਕਿਸਾਨ ਲਹਿਰ ਉੱਤੇ ਵਿੱਢਿਆ ਜਾਬਰ ਹੱਲਾ ਵੀ ਜਲ ਜੰਗਲ ਜ਼ਮੀਨਾਂ ਸਮੇਤ ਖੇਤੀ ਤੇ ਵਪਾਰ ਦਾ ਪੂਰਾ ਤਾਣਾ ਬਾਣਾ ਸਾਮਰਾਜੀ ਕਾਰਪੋਰੇਟਾਂ ਹਵਾਲੇ ਕਰਨ ਵਾਲੀਆਂ ਨੀਤੀਆਂ ਤੇ ਕਾਨੂੰਨ ਮੜ੍ਹਨ ਵੱਲ ਸੇਧਤ ਹੈ। ਉਨ੍ਹਾਂ ਦੱਸਿਆ ਕਿ ਐੱਸ.ਕੇ.ਐੱਮ. ਭਾਰਤ ਵੱਲੋਂ ਉਲੀਕੇ ਗਏ ਪ੍ਰੋਗਰਾਮ ਮੁਤਾਬਿਕ 28 ਮਾਰਚ ਨੂੰ ਜ਼ਬਰ ਵਿਰੋਧੀ ਦਿਹਾੜੇ ਵਿੱਚ ਭਰਵੀਂ ਸ਼ਮੂਲੀਅਤ ਦੀ ਤਿਆਰੀ ਵਾਸਤੇ 24 ਮਾਰਚ ਨੂੰ ਕੀਤੀਆਂ ਜਾ ਰਹੀਆਂ ਸਾਂਝੀਆਂ ਜ਼ਿਲ੍ਹਾ ਮੀਟਿੰਗਾਂ ਵਿੱਚ ਸਮੂਹ ਕਿਸਾਨ ਮਜ਼ਦੂਰ ਵਪਾਰੀ ਮੁਲਾਜ਼ਮ ਤੇ ਹੋਰ ਕਿਰਤੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ। ਮੁੱਖ ਬੁਲਾਰਿਆਂ ਵਿੱਚ ਲੰਬੀ ਬਲਾਕ ਦੇ ਜਨਰਲ ਸਕੱਤਰ ਮਲਕੀਤ ਸਿੰਘ ਗੱਗੜ, ਮਨੋਹਰ ਸਿੰਘ ਸਿੱਖਵਾਲਾ, ਅਜੈਬ ਸਿੰਘ ਮੱਲਣ, ਹਰਫੂਲ ਸਿੰਘ ਭਾਗਸਰ, ਸੁਖਰਾਜ ਸਿੰਘ ਰਹੂੜਿਆਂਵਾਲੀ, ਨਿਸ਼ਾਨ ਸਿੰਘ ਕੱਖਾਂਵਾਲੀ, ਗੁਰਤੇਜ ਸਿੰਘ, ਜਗਸੀਰ ਸਿੰਘ, ਡਾ. ਹਰਪਾਲ ਸਿੰਘ ਕਿੱਲਿਆਂਵਾਲੀ, ਕੁਲਦੀਪ ਸਿੰਘ ਤੇਲੀਆਂ ਢਾਣੀ, ਸੁਖਦੇਵ ਸਿੰਘ, ਬੋਹੜ ਸਿੰਘ ਮਲੋਟ, ਕੁਲਦੀਪ ਸਿੰਘ ਕਰਮਗੜ੍ਹ, ਕੁੱਲ ਹਿੰਦ ਕਿਸਾਨ ਸਭਾ ਦੇ ਨਗਿੰਦਰ ਸਿੰਘ ਵਣਵਾਲਾ, ਲੋਕ ਮੋਰਚਾ ਦੇ ਸੂਬਾਈ ਆਗੂ ਗੁਰਦੀਪ ਸਿੰਘ ਖੁੱਡੀਆਂ, ਪਿਆਰਾ ਲਾਲ ਦੋਦਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਰਾਮਪਾਲ ਗੱਗੜ ਆਦਿ ਤੋਂ ਇਲਾਵਾ ਇਨਕਲਾਬੀ ਗੀਤ ਹਰਦੀਪ ਸਿੰਘ ਮਲੋਟ ਨੇ ਸਾਂਝਾ ਕੀਤਾ। ਮਾ. ਰਾਮ ਸਵਰਨ ਲੱਖੇਵਾਲੀ ਨੇ ਭਗਤ ਸਿੰਘ ਸਮੇਤ ਹੋਰਨਾਂ ਇਨਕਲਾਬੀ ਸੋਚ ਨੂੰ ਪ੍ਰਣਾਈਆਂ ਕਿਤਾਬਾਂ ਦੀ ਸਟਾਲ ਵੀ ਲਾਈ।

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਨੋਟਿਸ**

ਨਿਮਨ ਹਸਤਾਖ਼ਰੀ ਨੇ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਰਫੇਸੀ ਐਕਟ ਦੇ ਸੈਕਸ਼ਨ 13(4) ਅਧੀਨ ਹੇਠਾਂ ਵਰਨਣ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਜਨਤਾ ਨੂੰ ਵੱਡੇ ਪੱਧਰ 'ਤੇ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਐਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਨਿਕਲਦੀ ਰਕਮ + ਭਵਿੱਖੀ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਹੇਠਾਂ ਦਰਸਾਏ ਕੇਸ ਵਿੱਚ ਵਿਕਰੀ ਬੈਂਕ ਦੁਆਰਾ ਮਿਤੀ 29.04.2025 ਨੂੰ ਕਰਵਾਈ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਸ੍ਰੀਮਤੀ ਕੰਵਲਜੀਤ ਕੌਰ ਪਤਨੀ ਸ੍ਰੀ ਅਮਰੀਕ ਸਿੰਘ ਵਾਸੀ ਕਤਲੀ, ਰੂਪਨਗਰ, ਪੰਜਾਬ-140111 ਸ੍ਰੀ ਅਮਰੀਕ ਸਿੰਘ ਪੁੱਤਰ ਸ੍ਰੀ ਗੁਰਨਾਮ ਸਿੰਘ ਵਾਸੀ ਕਤਲੀ, ਰੂਪਨਗਰ, ਰੋਪੜ, ਪੰਜਾਬ-140111 (ਕਰਜ਼ਦਾਰ) ਸ੍ਰੀ ਬਹਾਦੁਰ ਸਿੰਘ ਪੁੱਤਰ ਸ੍ਰੀ ਮਲਹਾਰਾ ਸਿੰਘ ਵਾਸੀ ਵਾੜਾ ਬਾਂਦੇ ਮਹਿਲ, ਰੂਪਨਗਰ, ਪੰਜਾਬ-140111 (ਗਰੰਟਰ) |
| ਬਕਾਇਆ ਰਕਮ HL/109611000018 WCTL/109612000075 | 1. ਰੁਪਏ 36,09,875.81<br>2. ਰੁਪਏ 3,00,304/- (ਅਤੇ 01-03-2025 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਬੈਨਾਮਾ ਦਸਤਾਵੇਜ਼ ਨੰ. 2021-22/35/1/170 ਮਿਤੀ 16-04-2021 ਅਨੁਸਾਰ ਸ੍ਰੀਮਤੀ ਕੰਵਲਜੀਤ ਕੌਰ ਪਤਨੀ ਸ੍ਰੀ ਅਮਰੀਕ ਸਿੰਘ ਦੀ ਮਲਕੀਅਤ ਅਚੱਲ ਜਾਇਦਾਦ ਰਕਬਾ 8 ਮਰਲੇ, ਸਾਹਿਬਜ਼ਾਦਾ ਜੁਝਾਰ ਸਿੰਘ ਨਗਰ, ਪਿੰਡ ਛੋਟੀ ਹਵੇਲੀ, ਹਦਬਸਤ ਨੰ. 48, ਤਹਿਸੀਲ ਅਤੇ ਜ਼ਿਲ੍ਹਾ ਰੂਪਨਗਰ। |
| ਰਾਖਵੀ ਰਕਮ | ਰੁਪਏ 35 ਲੱਖ (ਪੈਂਤੀ ਲੱਖ ਰੁਪਏ ਕੇਵਲ) |
| ਈ ਐੱਮ ਡੀ (ਬਿਆਨਾ ਰਾਸ਼ੀ) | ਸਫ਼ਲ ਬੋਲੀਕਾਰ ਦੁਆਰਾ ਰਾਖਵੀਂ ਕੀਮਤ ਦੀ ਕੁੱਲ ਈ ਐੱਮ ਡੀ (ਬਿਆਨਾ ਰਾਸ਼ੀ) 25 ਫੀਸਦੀ ਜਲੰਧਰ ਵਿੱਚ ਅਦਾਇਗੀਯੋਗ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਦੇ ਰਾਹੀਂ ਮਿਤੀ 29.04.2025 ਨੂੰ ਜਮ੍ਹਾਂ ਕਰਵਾਈ ਜਾਵੇਗੀ। ਟੈਂਡਰ ਫਾਰਮ ਅਤੇ ਈ ਐੱਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮ. ਮੁੱਖ ਦਫ਼ਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਨੂੰ ਮਾਲੂਮ ਭੰਜਟ : ਕੋਈ ਨਹੀਂ। ਜਾਇਦਾਦ "ਜਿਵੇਂ ਹੈ ਜਿੱਥੇ ਹੈ" ਦੇ ਅਧਾਰ 'ਤੇ ਵੇਚੀ ਜਾਵੇਗੀ। ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਰਾਹੀਂ, ਜਲੰਧਰ ਵਿੱਚ ਅਦਾਇਗੀਯੋਗ, ਈ ਐਮ ਡੀ (ਬਿਆਨਾ ਰਾਸ਼ੀ) ਅਰਥਾਤ 25% ਸਮੇਤ ਟੈਂਡਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ/ਸਮਾਂ 24.04.2025 ਨੂੰ ਸਵੇਰੇ 11.00 ਵਜੇ ਤੱਕ ਹੈ। ਟੈਂਡਰ ਦਰਸਾਈ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਸਾਰੇ ਪੇਸ਼ਕਾਰਾਂ/ਉਨ੍ਹਾਂ ਦੇ ਪ੍ਰਤੀਨਿਧੀਆਂ ਦੀ ਹਾਜ਼ਰੀ ਵਿੱਚ ਮੁੱਖ ਦਫ਼ਤਰ : ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਜਾਣਗੇ। ਟੈਂਡਰ ਫਾਰਮ ਸਹਿਤ ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਜਾਇਦਾਦ ਦੀ ਪੜਤਾਲ ਲਈ ਬਰਾਂਚ ਦਫ਼ਤਰ, ਰੂਪਨਗਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਓਰਿਟਾਈਜ਼ੇਸ਼ਨ ਐਂਡ ਰਿਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦਾ ਵਿਸ਼ਾ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾ ਕੋਈ ਕਾਰਨ ਦੱਸਿਆਂ ਵਿਕਰੀ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਵਿਕਰੀ ਮੁਲਤਵੀ ਕਰਨ/ਬਦਲਾਅ ਕਰਨ ਦਾ ਹੱਕ ਪ੍ਰਾਪਤ ਹੈ।

ਮਿਤੀ : 21.03.2025 ਅਧਿਕਾਰਤ ਅਫਸਰ

## ਜਨਤਕ ਜਥੇਬੰਦੀਆਂ ਵੱਲੋਂ ਕਰਨਲ ਤੇ ਕਿਸਾਨਾਂ ਦੇ ਹੱਕ 'ਚ ਰੋਸ ਪ੍ਰਦਰਸ਼ਨ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਰਿਟਾ ਕੈਪਟਨ ਅਮਰਜੀਤ ਸਿੰਘ ਤੇ ਸੂਬੇਦਾਰ ਕੇਵਲ ਸਿੰਘ ਦੀ ਅਗਵਾਈ 'ਚ ਗੜ੍ਹਸ਼ੰਕਰ ਬੰਗਾ ਚੌਂਕ ਵਿਖੇ ਸ਼ਾਂਤਮਈ ਢੰਗ ਨਾਲ ਰੋਸ ਧਰਨਾ ਦਿੱਤਾ ਗਿਆ, ਜਿਸ 'ਚ ਆਰਮੀ ਦੇ ਰਿਟਾਇਰਡ ਅਫ਼ਸਰ ਅਤੇ ਅਲੱਗ ਅਲੱਗ ਜਥੇਬੰਦੀਆਂ ਦੇ ਆਗੂਆਂ ਨੇ ਹਿੱਸਾ ਲਿਆ।ਪਟਿਆਲਾ ਦੇ ਕਰਨਲ ਪੁਸ਼ਪਿੰਦਰ ਸਿੰਘ ਬਾਠ ਨਾਲ ਮਾਰਕੁਟਾਈ ਬਦਸਲੂਕੀ ਖਿਲਾਫ ਅਤੇ ਕਿਸਾਨਾਂ ਤੇ ਹੋ ਰਹੇ ਅੱਤਿਆਚਾਰ ਵਿਰੁੱਧ ਸਭ ਨੇ ਆਪਣਾ ਰੋਸ ਦਿਖਾਇਆ ਅਤੇ ਇਨਸਾਫ ਦੀ ਮੰਗ ਕੀਤੀ। ਮੈਡਮ ਸਰਿਤਾ ਸ਼ਰਮਾ ਐਕਸ ਡਾਇਰੈਕਟਰ ਵਾਟਰ ਸਪਲਾਈ ਸੀਵਰੇਜ ਬੋਰਡ ਪੰਜਾਬ ਨੇ ਕਿਹਾ ਪੁਲਸ ਅਤੇ ਆਰਮੀ ਤੇ ਸਾਡੇ ਦੇਸ਼ ਦੇ ਮਜ਼ਬੂਤ ਥੰਮ੍ਹ ਨੇ ਇਨ੍ਹਾਂ ਦੋਨਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਪਰ ਅੱਜ ਪੰਜਾਬ ਸਰਕਾਰ ਚੰਗੇ ਅਫ਼ਸਰਾਂ ਨੂੰ ਕੰਮ ਨਹੀਂ ਕਰਨ ਦੇ ਰਹੀ ਤੇ ਕੁਝ ਪੁਲਸ ਅਫ਼ਸਰ ਮਨਮਾਨੀ ਕਰ ਰਹੇ ਹਨ।ਜਿੱਥੇ ਆਮ ਇਨਸਾਨ ਨੂੰ ਕੁੱਟਿਆ ਤੇ ਡਰਾਇਆ ਜਾ ਰਿਹਾ ਓਥੇ ਇੱਕ ਉੱਚ ਰੈਂਕ ਦੇ ਕਰਨਲ ਨੂੰ 12 ਪੁਲਸ ਮੁਲਾਜ਼ਮਾਂ ਵੱਲੋਂ ਘੇਰ ਕੇ ਕੁੱਟਣਾ ਕਿੱਧਰ ਦੀ ਬਹਾਦਰੀ ਹੈ।ਬਰਦਾਸ਼ਤ ਤੋਂ ਬਾਹਰ ਹੋ ਚੁੱਕੇ ਇਸ ਮਹੌਲ ਵਿੱਚ ਕੋਈ ਵੀ ਸੁਰੱਖਿਅਤ ਨਹੀਂ। ਕੈਪਟਨ ਅਮਰਜੀਤ ਸਿੰਘ, ਸੂਬੇਦਾਰ ਕੇਵਲ ਸਿੰਘ, ਮੈਡਮ ਸਰਿਤਾ ਸ਼ਰਮਾ, ਐਡਵੋਕੇਟ ਜਸਵੀਰ ਰਾਏ, ਕੈਪਟਨ ਸੰਤੋਖ ਸਿੰਘ, ਕੁਲਵਿੰਦਰ ਬਿੱਟੂ, ਕੁਲਦੀਪ ਬੰਗਾ ਸਰਪੰਚ, ਜਸਵੰਤ ਸਿੰਘ ਭੱਠਲ ਆਗੂ ਕਿਸਾਨ ਯੂਨੀਅਨ ਗੜ੍ਹਸ਼ੰਕਰ, ਡਾ. ਹਰਵਿੰਦਰ ਸਿੰਘ, ਰਿੰਕੂ ਬੇਦੀ ਸੁਭਾਸ਼ ਮੱਟੂ, ਦਰਸ਼ਨ ਸਿੰਘ ਮੱਟੂ, ਪਰਮਜੀਤ ਸਿੰਘ ਬੱਬਰ, ਸੂਬੇਦਾਰ ਜਸਵੀਰ ਸਿੰਘ, ਹੁਸਨ ਸਿੰਘ ਸਧੋਵਾਲ, ਯੁਰਿੰਦਰ ਕੌਰ ਬੰਗਾ ਅਤੇ ਹੋਰ ਆਗੂਆ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਡੀ ਐੱਸ ਪੀ ਗੜ੍ਹਸ਼ੰਕਰ ਰਾਹੀ ਸੌਂਪਿਆ ਗਿਆ।

## ਸਾਮਰਾਜੀ ਤੇ ਪੂੰਜੀਵਾਦੀ-ਜਗੀਰੂ ਲੁੱਟ ਤੇ ਵਿਤਕਰੇ ਦੇ ਖ਼ਾਤਮੇ ਲਈ ਜੂਝਣਾ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ : ਪਾਸਲਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਇਥੇ ਪ੍ਰਭਾਵਸ਼ਾਲੀ ਇਕੱਠ ਕਰਕੇ ਇਨਕਲਾਬੀ ਜੋਸ਼ ਓ ਖਰੋਸ਼ ਨਾਲ ਮਨਾਇਆ ਗਿਆ।ਪਾਰਟੀ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਸ਼ਹੀਦੀ ਦਿਹਾੜੇ ਨੂੰ ਸਾਰਥਕ ਬਣਾਉਣ ਹਿੱਤ ਸੰਸਾਰ ਕਿਰਤੀਆਂ ਦੀ ਸਾਮਰਾਜੀ ਤੇ ਕਾਰਪੋਰੇਟੀ ਲੁੱਟ ਤੋਂ ਮੁਕਤੀ ਦਾ ਮਾਨਵੀ ਸੰਗਰਾਮ ਅੰਤਮ ਜਿੱਤ ਤੱਕ ਜਿਤਾਣ ਲਈ ਜੂਝਦੇ ਰਹਿਣ ਦਾ ਸੰਕਲਪ ਲੈਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਸਾਮਰਾਜੀਆਂ ਦੇ ਜਨਮ ਜਾਤ ਦੋਸਤ ਰਾਸ਼ਟਰੀ ਸੇਵਕ ਸੰਘ (ਆਰ ਐਸ ਐਸ) ਦੇ ਇਸ਼ਾਰੇ ਤੇ ਹੰਢਾਵੇ ਭਾਰਤ ਦੇ ਅਜੋਕੇ ਕੇਂਦਰੀ ਹੁਕਮਰਾਨ ਭਾਰਤੀ ਵਸੋਂ, ਖਾਸ ਕਰਕੇ ਕਿਰਤੀ ਸ਼੍ਰੇਣੀ ਨੂੰ 23 ਮਾਰਚ ਦੇ ਸ਼ਹੀਦਾਂ ਤੇ ਗ਼ਦਰੀ ਸੂਰਬੀਰਾਂ ਦੀ ਕ੍ਰਾਂਤੀਕਾਰੀ ਵਿਚਾਰਧਾਰਾ, ਸਿੱਖ ਗੁਰੂ ਸਾਹਿਬਾਨ ਦੇ ਮਾਨਵ ਹਿਤੈਸ਼ੀ ਫਲਸਫੇ, ਭਗਤੀ ਲਹਿਰ ਦੇ ਰਹਿਬਰਾਂ ਦੇ ਸਥਾਪਤੀ ਖਿਲਾਫ਼ ਬਾਗ਼ੀ ਤੇਵਰਾਂ ਅਤੇ ਅਜੋਕੇ ਦੌਰ ਦੇ ਸਮੁੱਚੇ ਅਗਾਂਹਵਧੂ ਸਰੋਕਾਰਾਂ ਤੋਂ ਬੇਮੁੱਖ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਰਚ ਰਹੇ ਹਨ।ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਦੀ ਅਗਵਾਈ ਹੇਠਲੇ ਹਿੰਦੂਤਵੀ ਫਾਸਿਸਟ ਟੋਲੇ ਮਨੁੱਖ ਹੱਥੋਂ ਮਨੁੱਖ ਅਤੇ ਅਮੀਰ ਦੇਸ਼ਾਂ ਹੱਥੋਂ ਗਰੀਬ ਦੇਸ਼ਾਂ ਦੀ ਲੁੱਟ-ਖਸੁੱਟ ਦੇ ਨਿਜ਼ਾਮ ਸਦੀਵੀ ਕਾਇਮ ਰੱਖਣ ਲਈ ਫਿਰਕੂ ਵੰਡ ਤਿੱਖੀ ਕਰਨ ਦੇ ਖ਼ਤਰਨਾਕ ਮਨਸੂਬਿਆਂ ਤਹਿਤ ਘੱਟ ਗਿਣਤੀ ਮੁਸਲਮਾਨ ਤੇ ਈਸਾਈ ਭਾਈਚਾਰਿਆਂ 'ਤੇ ਕਾਤਲਾਨਾ ਹਮਲੇ ਕਰ ਰਹੇ ਹਨ।ਆਰ ਐਸ ਐਸ, ਭਾਜਪਾ ਤੇ ਸੰਘੀ ਸੰਗਠਨ ਦੇਸ਼ ਦੇ ਵਰਤਮਾਨ ਸੰਵਿਧਾਨ ਅਤੇ ਆਜ਼ਾਦੀ ਪਿੱਛੋਂ ਕਾਇਮ ਹੋਏ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਨੂੰ ਤਬਾਹ ਕਰਨ ਲਈ ਬਜ਼ਿਦ ਹਨ, ਪਰ ਭਾਰਤ ਦੇ ਮਿਹਨਤੀ ਲੋਕ ਇਹ ਸਾਜ਼ਿਸ਼ਾਂ ਕਦੀ ਵੀ ਸਫਲ ਨਹੀਂ ਹੋਣ ਦੇਣਗੇ।



ਉਨ੍ਹਾਂ ਕਿਹਾ ਕਿ ਤਾਨਾਸ਼ਾਹੀ ਤਰਜ਼ ਦਾ ਧਰਮ ਅਧਾਰਤ ਕੱਟੜ ਰਾਜ ਕਾਇਮ ਕਰਨ ਦੇ ਆਰ.ਐਸ.ਐਸ. ਦੇ ਫਿਰਕੂ-ਫਾਸ਼ੀ ਏਜੰਡੇ ਨੂੰ ਵਿਸ਼ਾਲ ਲੋਕ ਲਾਮਬੰਦੀ ਤੇ ਬੱਝਵੇਂ ਲੋਕ ਘੋਲਾਂ ਰਾਹੀਂ ਭਾਂਜ ਦੇਣੀ ਅਤੇ ਸਾਮਰਾਜੀ ਤੇ ਪੂੰਜੀਵਾਦੀ-ਜਗੀਰੂ ਸ਼ੋਸ਼ਣ ਦਾ ਫਸਤਾ ਵੱਢਣ ਲਈ ਜੂਝਣਾ ਹੀ 23 ਮਾਰਚ ਦੇ ਸ਼ਹੀਦਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ। ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰਾਨ ਸਾਥੀ ਕੁਲਵੰਤ ਸਿੰਘ ਸੰਧੂ ਤੇ ਮਹੀਪਾਲ, ਕੁਲਦੀਪ ਸਿੰਘ ਦੌੜਕਾ, ਜਸਵਿੰਦਰ ਸਿੰਘ ਢੇਸੀ, ਗੁਰਨੈਬ ਸਿੰਘ ਜੈਤੇਵਾਲ, ਮਨਜਿੰਦਰ ਸਿੰਘ ਢੇਸੀ ਨੇ ਵੀ ਵਿਚਾਰ ਰੱਖੇ।

## ਇਲਾਕਾ ਨਿਵਾਸੀ ਕਿੱਤਾ-ਮੁਖੀ ਕੋਰਸਾਂ ਦਾ ਲਾਹਾ ਲੈਣ : ਇੰਦਰਜੀਤ ਕੌਰ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੱਬੀ)**: ਨਜ਼ਦੀਕੀ ਪਿੰਡ ਲੁਠੇੜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਐਨ ਐਸ ਕਿਊ ਐਫ ਅਧੀਨ ਵੋਕੇਸ਼ਨਲ ਸਿੱਖਿਆ ਲੈ ਰਹੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਆਟੋਮੋਬਾਇਲ ਅਤੇ ਸਕਿਉਰਟੀ ਵਿਸ਼ੇ ਦੀਆਂ ਕਿੱਟਾਂ ਦੀ ਵੰਡ ਪ੍ਰਿੰਸੀਪਲ ਇੰਦਰਜੀਤ ਕੌਰ ਵੱਲੋਂ ਕੀਤੀ ਗਈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਐਨ ਐਸ ਕਿਊ ਐਫ ਦੇ ਕਿੱਤਾ ਮੁਖੀ ਕੋਰਸ ਪੂਰੇ ਭਾਰਤ ਦੇ ਚੋਣਵੇਂ ਸਕੂਲਾਂ ਵਿੱਚ ਚੱਲ ਰਹੇ ਹਨ।ਇਸੇ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਵਿਖੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਉਹਨਾਂ ਦੀ ਪੜ੍ਹਾਈ ਦੇ ਨਾਲ ਨਾਲ ਆਟੋਮੋਬਾਇਲ ਅਤੇ ਸਕਿਉਰਿਟੀ ਦੀ ਕਿੱਤਾਮੁਖੀ ਸਿੱਖਿਆ ਦਿੱਤੀ ਜਾ ਰਹੀ ਹੈ।ਵੋਕੇਸ਼ਨਲ ਟਰੇਨਰ ਸਿਕਿਉਰਿਟੀ ਹਰਿੰਦਰ ਕੁਮਾਰ ਕਾਈਨੌਰ ਅਤੇ ਆਟੋਮੋਬਾਇਲ ਵਿਸ਼ੇ ਦੇ ਵੋਕੇਸ਼ਨਲ ਟ੍ਰੇਨਰ ਗੁਰਮਿੰਦਰ ਸਿੰਘ ਹੁੰਦਲ ਦੁਆਰਾ ਵਿਦਿਆਰਥੀਆਂ ਨੂੰ ਇਹਨਾਂ ਵਿਸ਼ਿਆਂ ਅਧੀਨ ਪਰਪੱਕ ਕਰਕੇ ਹੁਨਰਮੰਦ ਬਣਾਇਆ ਜਾ ਰਿਹਾ ਹੈ।ਇਹਨਾਂ ਵਿਸ਼ਿਆਂ ਦੀਆਂ ਸਕੂਲ ਵਿੱਚ ਹਰ ਤਰ੍ਹਾਂ ਦੇ ਸਾਜ਼ੋ ਸਾਮਾਨ ਨਾਲ ਭਰਪੂਰ ਲੈਬਾਂ ਹਨ ਅਤੇ ਵੋਕੇਸ਼ਨਲ ਸਿੱਖਿਆ ਲੈਣ ਵਾਲੇ ਵਿਦਿਆਰਥੀਆਂ ਨੂੰ ਹਰ ਸਾਲ ਇੰਡਸਟਰੀਅਲ ਵਿਜ਼ਿਟ ਕਰਵਾ ਕੇ ਪ੍ਰਤੱਖ ਰੂਪ ਵਿਚ ਵਿਸ਼ੇ ਦਾ ਕਾਰਜੀ ਅਨੁਭਵ ਕਰਵਾਇਆ ਜਾਂਦਾ ਹੈ। ਇਸੇ ਅਧੀਨ ਹੀ ਬਾਰ੍ਹਵੀਂ ਜਮਾਤ ਪੂਰੀ ਹੋਣ 'ਤੇ ਉਹਨਾਂ ਨੂੰ ਆਪੋ ਆਪਣੇ ਵਿਸ਼ੇ ਦੀਆਂ ਕਿੱਟਾਂ ਵੰਡੀਆਂ ਜਾਂਦੀਆਂ ਹਨ। ਇਸ ਬਾਰੇ ਆਟੋਮੋਬਾਇਲ ਦੇ 18 ਵਿਦਿਆਰਥੀਆਂ ਅਤੇ ਨਿੱਜੀ ਸੁਰੱਖਿਆ ਦੇ 16 ਵਿਦਿਆਰਥੀਆਂ ਨੂੰ ਕਿੱਟਾਂ ਦੀ ਵੰਡ ਪ੍ਰਿੰਸੀਪਲ ਇੰਦਰਜੀਤ ਕੌਰ ਦੁਆਰਾ ਕੀਤੀ ਗਈ।ਲੈਕਚਰਾਰ ਦਵਿੰਦਰ ਸਿੰਘ ਮਕੜੌਨਾ, ਸ੍ਰੀਨਾ ਰਾਣੋ, ਮੋਨਿਕਾ ਸ਼ਰਮਾ, ਡਾਕਟਰ ਬਲਜੀਤ ਕੌਰ, ਲਖਵਿੰਦਰ ਸਿੰਘ, ਕੁਲਦੀਪ ਕੌਰ, ਮਨਿੰਦਰ ਚੱਢਾ, ਜਸਵਿੰਦਰ ਕੌਰ, ਰੋਜ਼ੀ ਰਾਣੀ, ਪਾਰੁਲ ਨੰਦਾ, ਅਮਨਪ੍ਰੀਤ ਕੌਰ, ਮੋਨਿਕਾ ਗੁਪਤਾ, ਵਰਿੰਦਰ ਵਰਮਾ, ਦਵਿੰਦਰ ਪਾਲ ਸਿੰਘ ਬਰਾੜ, ਹਰਿੰਦਰ ਕੁਮਾਰ ਕਾਈਨੌਰ, ਗੁਰਮਿੰਦਰ ਸਿੰਘ ਹੁੰਦਲ ਪਮੌਰ, ਸੁਰਮੁਖ ਸਿੰਘ ਦੇਸੂਮਾਜਰਾ, ਮਨਪ੍ਰੀਤ ਕੌਰ ,ਲਖਬੀਰ ਸਿੰਘ ਰੰਗੀਆਂ, ਲਵਪੁਨੀਤ ਸਿੰਘ ਢਿੱਲੋਂ, ਸਸ਼ਮਿਤਾ, ਸਤਪਾਲ ਸਿੰਘ, ਜਸਪਾਲ ਕੌਰ ਅਤੇ ਸੂਬੇਦਾਰ ਮੇਜਰ ਕੁਲਵਿੰਦਰ ਸਿੰਘ ਦੁੱਮਣਾ ਸਮੇਤ ਸਮੂਹ ਸਟਾਫ ਹਾਜ਼ਰ ਸੀ।

## ਸੰਤ ਬਾਬਾ ਨਿਧਾਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਨਜਦੀਕੀ ਪਿੰਡ ਨਡਾਲੋਂ ਵਿਖੇ ਸੰਤ ਬਾਬਾ ਨਿਧਾਨ ਸਿੰਘ ਜੀ ਹਜੂਰ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਅਤੇ ਪੰਜ ਪਿਆਰਿਆ ਦੀ ਅਗਵਾਈ ਵਿੱਚ ਗੁਰਦੁਆਰਾ ਸੰਤ ਬਾਬਾ ਦੀਵਾਨ ਸਿੰਘ, ਸੰਤ ਬਾਬਾ ਨਿਧਾਨ ਸਿੰਘ ਵਿਖੇ ਸਮੂਹ ਨਗਰ ਨਿਵਾਸੀ, ਐਨ.ਆਰ.ਆਈ ਵੀਰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਜਾਇਆ ਗਿਆ।ਇਹ ਨਗਰ ਕੀਰਤਨ ਗੁਰਦੁਆਰਾ ਸੰਤ ਬਾਬਾ ਦੀਵਾਨ ਸਿੰਘ, ਸੰਤ ਬਾਬਾ ਨਿਧਾਨ ਸਿੰਘ ਤੋਂ ਚੱਲਿਆ ਜੋ ਕਿ ਟੋਡਰਪੁਰ, ਵਾਧਾਂ, ਡੀਂਗਰੀਆ, ਮਾਗਟਾਂ, ਘੁੰਮਣਾ, ਮਾਣਕਾ, ਭਰੋਲੀ, ਸੰਧਵਾਂ, ਕੰਗਰੌੜ, ਪੰਡੋਰੀ ਗੰਗਾ ਸਿੰਘ, ਪੰਜੌੜ ਤੋਂ ਹੁੰਦਾ ਹੋਇਆ ਵਾਪਿਸ ਗੁਰਦੁਆਰਾ ਸਾਹਿਬ ਵਿਖੇ ਸੰਪਨ ਹੋਇਆ।ਇਸ ਮੌਕੇ ਵੱਖ-ਵੱਖ ਰਾਗੀ ਅਤੇ ਕੀਰਤਨੀ ਜਥਿਆਂ ਜਿਹਨਾਂ ਵਿੱਚ ਭਾਈ ਸੁਖਦੇਵ ਸਿੰਘ ਨਡਾਲੋਂ, ਬੀਬੀ ਸੁਰਿੰਦਰ ਕੌਰ ਮਾਹਿਲਪੁਰ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਰਸਭਿੰਨਾ ਕੀਰਤਨ ਕਰਕੇ ਨਿਹਾਲ ਕੀਤਾ।ਗੱਤਕਾ ਪਾਰਟੀ ਵਲੋਂ ਗੱਤਕੇ ਦੇ ਜੌਹਰ ਦਿਖਾਏ ਗਏ।ਇਸ ਮੌਕੇ ਸੰਤ ਗੁਰਮੀਤ ਸਿੰਘ ਕਾਰਸੇਵਾ ਵਾਲੇ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵਿੰਦਰ ਸਿੰਘ, ਰਿਟਾਇਰਡ ਪ੍ਰਿੰਸੀਪਲ ਸੱਤਪਾਲ ਸਿੰਘ, ਭਾਈ ਸਤਨਾਮ ਸਿੰਘ, ਗੁਰਮੁੱਖ ਸਿੰਘ, ਦਵਿੰਦਰ ਸਿੰਘ, ਮਨਜੀਤ ਸਿੰਘ, ਹਰਮਨ ਸਿੰਘ, ਜਰਨੈਲ ਸਿੰਘ ਖਾਲਸਾ, ਅੱਛਰਜੀਤ ਸਿੰਘ ਸਾਬਕਾ ਸਰਪੰਚ, ਕਮਲਰਾਜ ਸਿੰਘ, ਗੋਪੀ, ਗੁਰਪ੍ਰੀਤ ਸਿੰਘ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



## ਸੀ ਟੀ ਗਰੁੱਪ ਨੇ ਸ਼ਹੀਦੀ ਦਿਵਸ ਨੂੰ ਦੇਸ਼ ਭਗਤੀ ਤੇ ਸਮਾਜ ਸੇਵਾ ਨਾਲ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)** ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਨਾਰਥ ਕੈਂਪਸ (ਮਕਸੂਦਾਂ) ਅਤੇ ਸਾਊਥ ਕੈਂਪਸ (ਸ਼ਾਹਪੁਰ) ਨੇ ਸੰਯੁਕਤ ਰੂਪ ਵਿੱਚ ਸ਼ਹੀਦੀ ਦਿਵਸ ਨੂੰ ਮਨਾਉਂਦੇ ਹੋਏ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ ਵਿੱਚ ਦਿਲ ਤੋਂ ਭਰਪੂਰ ਸ਼ਰਧਾਂਜਲੀ ਅਤੇ ਦੇਸ਼ ਭਗਤੀ ਗਤੀਵਿਧੀਆਂ ਦਾ ਆਯੋਜਨ ਕੀਤਾ।ਦੋਵੇਂ ਕੈਂਪਸਾਂ ਵਿੱਚ ਵਿਦਿਆਰਥੀਆਂ, ਸਟਾਫ਼ ਅਤੇ ਫੈਕਲਟੀ ਨੇ ਇਨ੍ਹਾਂ ਗਤੀਵਿਧੀਆਂ ਵਿੱਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ।ਦਿਨ ਦੀ ਮੁੱਖ ਗਤੀਵਿਧੀ ਪੱਗ ਬੰਨ੍ਹਣ ਦੀ ਪ੍ਰਤੀਯੋਗਤਾ ਸੀ, ਜਿੱਥੇ 70 ਤੋਂ ਵੱਧ ਵਿਦਿਆਰਥੀਆਂ ਨੇ ਪਰੰਪਰਾਗਤ ਪੱਗ ਬੰਨ੍ਹਣ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ, ਜੋ ਕਿ ਸਿੱਖ ਗੌਰਵ ਅਤੇ ਵਿਰਾਸਤ ਨੂੰ ਦਰਸਾਉਂਦਾ ਹੈ।ਸੁਖਦੀਪ ਸਿੰਘ ਨੇ ਪਹਿਲਾ ਇਨਾਮ 2100 ਜਿੱਤਿਆ, ਜਦੋਂ ਕਿ ਤਨਰਾਜ ਸਿੰਘ ਨੇ1100 ਦਾ ਇਨਾਮ ਪ੍ਰਾਪਤ ਕੀਤਾ।ਨਿਰਵੈਰ ਸਿੰਘ, ਪ੍ਰਭਜੋਤ ਸਿੰਘ ਅਤੇ ਪਰਮਵੀਰ ਸਿੰਘ ਨੂੰ ਉਨ੍ਹਾਂ ਦੀ ਭਾਗੀਦਾਰੀ ਲਈ ਵਿਸ਼ੇਸ਼ ਤੋਹਫ਼ੇ ਦਿੱਤੇ ਗਏ।ਇਸ ਤੋਂ ਇਲਾਵਾ, ਇੱਕ ਪੋਸਟਰ-ਮੇਕਿੰਗ ਪ੍ਰਤੀਯੋਗਤਾ ਵੀ ਆਯੋਜਿਤ ਕੀਤੀ ਗਈ। ਸੀ ਟੀ ਗਰੁੱਪ ਦੀਆਂ ਐਨ ਸੀ ਸੀ ਅਤੇ ਐਨ ਐਸ ਐਸ ਯੂਨਿਟਾਂ ਨੇ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਇੱਕ ਰੈਲੀ ਦਾ ਆਯੋਜਨ ਕੀਤਾ।ਨਿਊ ਰੂਬੀ ਹਸਪਤਾਲ ਦੇ ਸਹਿਯੋਗ ਨਾਲ, ਸੀ.ਟੀ. ਗਰੁੱਪ ਨੇ ਇੱਕ ਖੂਨਦਾਨ ਕੈਂਪ ਦਾ ਆਯੋਜਨ ਕੀਤਾ। ਜਿੱਥੇ ਵਿਦਿਆਰਥੀਆਂ ਅਤੇ ਸਟਾਫ਼ ਨੇ ਉਦਾਰਤਾ ਨਾਲ ਖੂਨ ਦਾਨ ਕੀਤਾ। ਇਸ ਮੌਕੇ ਸੀ ਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਕਿਹਾ,ਅੱਜ ਅਸੀਂ ਉਨ੍ਹਾਂ ਬਹਾਦਰਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ ਜਿਨ੍ਹਾਂ ਨੇ ਸਾਡੇ ਦੇਸ਼ ਦੀ ਆਜ਼ਾਦੀ ਲਈ ਆਪਣੇ ਪ੍ਰਾਣ ਨਿਛਾਵਰ ਕੀਤੇ।



## ਸਾਮਰਾਜਵਾਦ ਖਿਲਾਫ ਕੁੱਲ ਹਿੰਦ ਕਿਸਾਨ ਸਭਾ ਨੇ ਮਨਾਇਆ ਸ਼ਹੀਦੀ ਦਿਹਾੜਾ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਨਜ਼ਦੀਕੀ ਪਿੰਡ ਗਰਾ ਵਿਖੇ ਕੁੱਲ ਹਿੰਦ ਕਿਸਾਨ ਸਭਾ ਦੇ ਯੂਨਿਟ ਨੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਸਾਮਰਾਜਵਾਦ ਦੇ ਵਿਰੋਧ ਦੇ ਤੌਰ 'ਤੇ ਮਨਾਇਆ। ਇਸ ਮੀਟਿੰਗ ਵਿੱਚ ਕਿਸਾਨਾਂ ਨੂੰ 28 ਮਾਰਚ ਦੇ ਡੀ ਸੀ ਦਫਤਰਾਂ ਦੇ ਘਿਰਾਓ ਦੇ ਵਿੱਚ ਸ਼ਾਮਲ ਹੋਣ ਦਾ ਵੀ ਸੱਦਾ ਦਿੱਤਾ ਗਿਆ।ਪਿੰਡ ਵਿੱਚ ਇਸ ਮੀਟਿੰਗ 'ਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੌਜਵਾਨ ਪੁੱਤਰ ਵੀ ਸ਼ਾਮਲ ਹੋਏ।ਕਿਸਾਨਾਂ ਦੀ ਮੀਟਿੰਗ ਦੀ ਪ੍ਰਧਾਨਗੀ ਜਸ਼ਨ ਸਿੰਘ ਬੈਂਸ ਨੇ ਕੀਤੀ।ਇਸ ਮੀਟਿੰਗ ਨੂੰ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਵਿੱਚ ਪੁਲਿਸੀਆ ਰਾਜ ਚੱਲ ਰਿਹਾ ਹੈ।ਪੁਰਅਮਨ ਢੰਗ ਨਾਲ 400 ਦਿਨ ਤੋਂ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਬੈਠੇ ਕਿਸਾਨਾਂ 'ਤੇ ਉਹਨਾਂ ਦੇ ਆਗੂਆਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਤੇ ਧਰਨੇ ਨੂੰ ਉਖਾੜ ਦਿੱਤਾ।ਉਹਨਾਂ ਨੇ ਕਿਹਾ ਕਿ ਪੁਲਸ ਨੇ ਕਿਸਾਨਾਂ ਦਾ ਕੀਮਤੀ ਸਮਾਨ ਜਬਤ ਕਰ ਲਿਆ।ਉਹਨਾਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 28 ਮਾਰਚ ਨੂੰ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਦੇ ਘਿਰਾਓ ਕਰਨ ਦੇ ਦਿੱਤੇ ਸੱਦੇ ਨੂੰ ਕਾਮਯਾਬ ਕਰਨ ਵਿੱਚ ਨੌਜਵਾਨ ਕਿਸਾਨ ਵੀਰ ਕੋਈ ਕਸਰ ਬਾਕੀ ਨਾ ਛੱਡਣ। ਉਹਨਾਂ ਨੇ ਮੰਗ ਕੀਤੀ ਕਿ ਕਿਸਾਨਾਂ ਦਾ ਜਬਤ ਸਮਾਨ ਵਾਪਸ ਕੀਤਾ ਜਾਵੇ। ਮੀਟਿੰਗ ਵਿੱਚ ਰਵੀਪਾਲ, ਹਰਜੋਤ ਸਿੰਘ ਬੈਂਸ,ਗੁਰਨਾਮ ਸਿੰਘ, ਇਕਬਾਲ ਸਿੰਘ, ਨਰੇਸ਼ ਕੁਮਾਰ, ਜਸ਼ਨਪ੍ਰੀਤ ਸਿੰਘ, ਸੁਨੀਲ ਕੁਮਾਰ, ਵਿਵੇਕ ਕੁਮਾਰ, ਹਰਸ਼ਵੀਰ ਸਿੰਘ, ਮਨਪ੍ਰੀਤ ਸਿੰਘ ਮਜਾਰਾ, ਅੰਮ੍ਰਿਤ ਪਾਲ ਸਿੰਘ ਬੈਂਸ, ਅਮਰਪ੍ਰੀਤ ਸਿੰਘ ਅਟਵਾਲ, ਸਤਬੀਰ ਸਿੰਘ ਤੋਂ ਇਲਾਵਾ ਹੋਰ ਨੌਜਵਾਨ ਵੀ ਵੱਡੀ ਗਿਣਤੀ ਵਿੱਚ ਸਨ।ਨੌਜਵਾਨਾਂ ਨੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਵੀ ਕੀਤੇ।



## ਮਾਤਾ ਜੋਗਿੰਦਰ ਕੌਰ ਦੇ ਪਰਵਾਰ ਨਾਲ ਵੱਖ-ਵੱਖ ਸ਼ਖਸੀਅਤਾਂ ਵੱਲੋਂ ਦੁੱਖ ਸਾਂਝਾ

**ਨੂਰਪੁਰ ਬੇਦੀ (ਸੁਰਜਿਤ ਸਿੰਘ ਕਾਹਲੋਂ)** ਪੱਤਰਕਾਰ ਗੁਰਦੀਪ ਸਿੰਘ ਝੱਜ ਤੇ ਝੱਜ ਟੈਂਟ ਹਾਊਸ ਦੇ ਮਾਲਕ ਰਘੁਵੀਰ ਸਿੰਘ ਝੱਜ ਦੀ ਮਾਤਾ ਜੋਗਿੰਦਰ ਕੌਰ ਦੇ ਅਕਾਲ ਚਲਾਣੇ 'ਤੇ ਉਹਨਾਂ ਦੇ ਨਾਲ ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ, ਅਜਵਿੰਦਰ ਸਿੰਘ ਬੇਈਹਾਰਾਂ, ਪ੍ਰਿੰਸੀਪਲ ਓਂਕਾਰ ਸਿੰਘ, ਸੂਬੇਦਾਰ ਰੋਸ਼ਨ ਲਾਲ ਸਾਬਕਾ ਸਰਪੰਚ ਨੀਰਜ ਰਾਣਾ, ਹਰਪ੍ਰੀਤ ਸਿੰਘ, ਕ੍ਰਿਸ਼ਨ ਕੁਮਾਰ, ਰਘਵੀਰ ਸਿੰਘ ਬੇਲਾ, ਅਵਤਾਰ ਸਿੰਘ ਗੁਰਸੇਮਾਜਰਾ, ਮਨਜੀਤ ਸਿੰਘ ਸੈਦਪੁਰ, ਮੱਖਣ ਸਿੰਘ, ਚੌਧਰੀ ਕਮਲ, ਚੌਧਰੀ ਨੰਦ ਲਾਲ, ਗੁਰਚਰਨ ਪੋਸਵਾਲ, ਕੁਲਵਿੰਦਰ ਸਿੰਘ ਝੱਜ, ਹਰਿਮੰਦਰ ਸਿੰਘ ਕਾਕੂ, ਚੌਧਰੀ ਦੌਲਤ ਸਿੰਘ ਚਬਰੇਵਾਲ, ਰਾਮਪਾਲ ਪਾਲੀ, ਕਸ਼ਮੀਰ ਸਿੰਘ, ਸੁਰਜੀਤ ਸਿੰਘ, ਜਸਵਿੰਦਰ ਸਿੰਘ ਮੀਰਪੁਰ, ਸਰਬਜੀਤ ਸਿੰਘ ਬੇਲਾ, ਦੇਵਰਾਜ ਝੱਜ, ਹਰਬੰਸ ਸਿੰਘ ਝੱਜ, ਨਾਜਰ ਸਿੰਘ, ਪ੍ਰੇਮ ਚੰਦ, ਡਾਕਟਰ ਰੇਸ਼ਮ ਸਿੰਘ ਬੈਂਸ, ਜੀਵਨ ਕੁਮਾਰ ਨੇ ਪਰਵਾਰ ਦੇ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਉਹ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਖੜੇ ਹਨ।

## ਕਰਨਲ ਕੁੱਟਮਾਰ ਮਾਮਲੇ 'ਚ ਸਾਬਕਾ ਸੈਨਿਕਾਂ ਦੇ ਵਫ਼ਦ ਨੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨਾਲ ਕੀਤੀ ਮੁਲਾਕਾਤ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਜ਼ਿਲ੍ਹੇ ਦੇ ਸਾਬਕਾ ਸੈਨਿਕਾਂ ਨੂੰ ਕੁਝ ਦਿਨ ਪਹਿਲਾਂ ਪਟਿਆਲਾ ਵਿਖੇ ਭਾਰਤੀ ਫੌਜ ਦੇ ਕਰਨਲ ਅਤੇ ਉਨ੍ਹਾਂ ਦੇ ਪੁੱਤਰ 'ਤੇ ਹੋਏ ਹਮਲੇ ਦੇ ਮਾਮਲੇ 'ਚ ਹਰ ਹਾਲ ਨਿਆਂ ਦਾ ਭਰੋਸਾ ਦਿੱਤਾ। ਇੱਥੇ ਜ਼ਿਲ੍ਹੇ ਦੇ ਸਾਬਕਾ ਸੈਨਿਕਾਂ ਦੇ ਇੱਕ ਵਫ਼ਦ ਨੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨਾਲ ਮੁਲਾਕਾਤ ਕੀਤੀ ਅਤੇ ਕਰਨਲ 'ਤੇ ਹੋਏ ਹਮਲੇ ਦੇ ਮਾਮਲੇ ਵਿੱਚ ਪੰਜਾਬ ਪੁਲਸ ਦੇ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਲਈ ਇੱਕ ਮੰਗ ਪੱਤਰ ਸੌਂਪਿਆ।ਡਾ. ਚੱਬੇਵਾਲ ਨੇ ਇਹ ਵੀ ਦੱਸਿਆ ਕਿ ਏ.ਡੀ.ਜੀ.ਪੀ. ਪੱਧਰ ਦੇ ਅਧਿਕਾਰੀ ਦੀ ਅਗਵਾਈ ਹੇਠ ਉੱਚ ਪੱਧਰੀ ਜਾਂਚ ਟੀਮ ਰੋਜ਼ਾਨਾ ਜਾਂਚ ਕਰੇਗੀ ਤਾਂ ਜੋ ਕਾਨੂੰਨ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ। ਡਾ. ਚੱਬੇਵਾਲ ਨੇ ਦੱਸਿਆ ਕਿ ਘਟਨਾ ਵਿੱਚ ਸ਼ਾਮਲ ਸਾਰੇ 12 ਪੁਲਸ ਅਧਿਕਾਰੀਆਂ ਨੂੰ ਪਹਿਲਾਂ ਹੀ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਵਿਭਾਗੀ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ।ਵਫ਼ਦ ਦੇ ਮੈਂਬਰਾਂ ਵਿੱਚ ਲੈਫਟੀਨੈਂਟ ਜਨਰਲ (ਸੇਵਾਮੁਕਤ) ਵੀ ਐਸ ਐਮ ਜੇ ਐਸ ਢਿੱਲੋਂ, ਪ੍ਰਧਾਨ ਕੈਪਟਨ ਜਤਿੰਦਰ ਸਿੰਘ, ਕਰਨਲ ਮਾਲਾਸੂ ਸਿੰਘ, ਕਰਨਲ ਡੀ ਜੇ ਐਸ ਪਟਿਆਲ, ਕਰਨਲ ਪੀ ਐਸ ਮਨਹਾਸ ਸ਼ਾਮਲ ਸਨ। ਕਰਨਲ ਐਮ ਜੀ ਆਹਲੂਵਾਲੀਆ, ਕਰਨਲ ਕਰਨ ਸਿੰਘ, ਆਰ ਪੀ ਓ ਪ੍ਰਦੀਪ ਕੁਮਾਰ, ਸੁਰਿੰਦਰ ਸ਼ਰਮਾ ਵੀ ਇਸ ਮੌਕੇ ਮੌਜੂਦ ਸਨ।

## ਸਵੈ ਇਛੁੱਕ ਖੂਨਦਾਨ ਕੈਂਪ ਲਗਾਇਆ

**ਗੁਰਾਇਆ (ਬਿੰਦਰ ਸੁਮਨ)** ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਨਿੱਘੀ ਯਾਦ ਨੂੰ ਸਮਰਪਿਤ ਸਵੈ ਇਛੁੱਕ ਖੂਨਦਾਨ ਕੈਂਪ ਬਾਲਾ ਜੀ ਮੋਟਰ, ਗੁਰਾਇਆ ਵੱਲੋਂ ਗੁਰਾਇਆ ਬਲੱਡ ਸੇਵਾ ਦੇ ਵਿਸ਼ੇਸ਼ ਸਹਿਯੋਗ ਨਾਲ ਬਾਲਾ ਜੀ ਮੋਟਰ, ਦਾਣਾ ਮੰਡੀ ਗੁਰਾਇਆ ਵਿਖੇ ਲਗਾਇਆ ਗਿਆ ਜਿਸ ਵਿੱਚ 84 ਯੂਨਿਟ ਇੱਕਤਰ ਕਰਕੇ ਦੁਆਬਾ ਹਸਪਤਾਲ ਜਲੰਧਰ ਦੀ ਟੀਮ ਨੂੰ ਲੋਕ ਸੇਵਾ ਹੇਤੂ ਦਿੱਤਾ ਗਿਆ ਅਤੇ ਪੁਨਰ ਜੋਤ ਆਈ ਬੈਂਕ ਲੁਧਿਆਣਾ ਵੱਲੋਂ ਅੱਖਾਂ ਦਾਨ ਦੇ ਫਾਰਮ ਭਰੇ ਗਏ।

ਇਸ ਮੌਕੇ ਬਲਜਿੰਦਰ ਕਾਲਾ ਨੇ ਕਿਹਾ ਕਿ ਖੂਨਦਾਨ ਇੱਕ ਮਹਾਂਦਾਨ ਹੈ ਇਸ ਨਾਲ ਬਹੁਤ ਸਾਰੀ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾਂਦਾ ਹੈ ਸਾਨੂੰ ਸਾਰਿਆਂ ਨੂੰ ਖੂਨਦਾਨ ਜਰੂਰ ਕਰਨਾ ਚਾਹੀਦਾ ਹੈ।ਇਸ ਮੌਕੇ ਬੋਲਦਿਆਂ ਗੁਰਾਇਆ ਬਲੱਡ ਸੇਵਾ ਦੇ ਪ੍ਰਧਾਨ ਹੈਪੀ ਮਾਹੀ ਨੇ ਜਿੱਥੇ ਖੂਨਦਾਨੀਆਂ ਦਾ ਧੰਨਵਾਦ ਕੀਤਾ।



## ਮੋਹਾਲੀ ਪ੍ਰੈੱਸ ਕਲੱਬ ਦੀ ਚੋਣ 29 ਨੂੰ



**ਮੋਹਾਲੀ (ਗੁਰਜੀਤ ਬਿੱਲਾ)** : ਮੋਹਾਲੀ ਪ੍ਰੈਸ ਕਲੱਬ ਦੀ 29 ਮਾਰਚ ਨੂੰ ਹੋਣ ਜਾ ਰਹੀ ਸਾਲਾਨਾ ਚੋਣ ਦੇ ਮੱਦੇਨਜ਼ਰ ਚੋਣ ਕਮਿਸ਼ਨ ਵੱਲੋਂ ਚੋਣ ਪ੍ਰੋਗਰਾਮ ਜਾਰੀ ਕਰ ਦਿੱਤਾ ਗਿਆ ਹੈ।ਮੁੱਖ ਚੋਣ ਅਧਿਕਾਰੀ ਹਰਿੰਦਰ ਪਾਲ ਸਿੰਘ ਹੈਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ, ਜਿਸ ਵਿੱਚ ਚੋਣ ਅਧਿਕਾਰੀ ਕੁਲਵਿੰਦਰ ਸਿੰਘ ਬਾਵਾ ਅਤੇ ਅਮਰਦੀਪ ਸਿੰਘ ਸੈਣੀ ਹਾਜ਼ਰ ਸਨ।ਇਸ ਦੌਰਾਨ ਚੋਣ ਕਮਿਸ਼ਨ ਨੇ ਚੋਣ ਪ੍ਰੋਗਰਾਮ ਜਾਰੀ ਕਰਦਿਆਂ ਦੱਸਿਆ ਕਿ 29 ਮਾਰਚ 2025 ਦੀ ਚੋਣ ਸੰਬੰਧੀ ਨਾਮਜ਼ਦਗੀਆਂ ਭਰਨ ਲਈ ਫਾਰਮ 26 ਮਾਰਚ ਤੱਕ ਸਵੇਰੇ 10.00 ਵਜੇ ਤੱਕ ਲਏ ਜਾ ਸਕਣਗੇ ਅਤੇ ਨਾਮਜ਼ਦਗੀਆਂ ਭਰਨ ਦਾ ਸਮਾਂ ਸਵੇਰੇ 11.00 ਵਜੇ ਤੋਂ ਦੁਪਿਹਰ 1.00 ਵਜੇ ਤੱਕ ਰੱਖਿਆ ਗਿਆ ਹੈ ਜਦਕਿ ਨਾਮਜ਼ਦਗੀ ਵਾਪਸ ਲੈਣ ਦਾ ਸਮਾਂ 26 ਮਾਰਚ ਹੀ ਨੂੰ ਬਾਅਦ ਦੁਪਹਿਰ 1.00 ਤੋਂ 3.00 ਵਜੇ ਤੱਕ ਨਿਰਧਾਰਿਤ ਕੀਤਾ ਗਿਆ ਹੈ।ਨਾਮਜ਼ਦਗੀ ਫਾਰਮਾਂ ਦੀ ਪੜਤਾਲ 26 ਮਾਰਚ ਨੂੰ ਹੀ ਬਾਅਦ ਦੁਪਹਿਰ 3.00 ਵਜੇ ਤੋਂ 4.00 ਵਜੇ ਤੱਕ ਹੋਵੇਗੀ। ਚੋਣ ਪ੍ਰਕਿਰਿਆ 29 ਮਾਰਚ ਨੂੰ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ ਹੋਵੇਗੀ।ਨਤੀਜੇ 29 ਮਾਰਚ ਨੂੰ ਸ਼ਾਮੀ 4.00 ਵਜੇ ਐਲਾਨੇ ਜਾਣਗੇ।ਜੇਕਰ 26 ਤੱਕ ਸਰਬਸੰਮਤੀ ਜਾਂ ਬਿਨਾਂ ਮੁਕਾਬਲੇ ਨਾਲ ਅਹੁਦੇਦਾਰ ਚੁਣੇ ਜਾਂਦੇ ਹਨ ਤਾਂ ਇਸ ਦੇ ਨਤੀਜੇ ਉਸੇ ਦਿਨ ਹੀ ਸ਼ਾਮ 4.00 ਵਜੇ ਤੋਂ ਬਾਅਦ ਐਲਾਨ ਕੀਤੇ ਜਾ ਸਕਦੇ ਹਨ।

ਨਾਮਜ਼ਦਗੀ ਫਾਰਮ ਭਰਨ ਤੋਂ ਪਹਿਲਾਂ ਕਲੱਬ ਦੇ ਮੈਨੇਜਰ ਕੋਲੋਂ ਸਾਲਾਨਾ ਫੀਸ ਅਤੇ ਨੋ-ਡਿਊਜ਼ ਸਰਟੀਫਿਕੇਟ ਲੈਣਾ ਲਾਜ਼ਮੀ ਹੋਵੇਗਾ ਅਤੇ ਨਾਮਜ਼ਦਗੀ ਫਾਰਮ ਜਮਾਂ ਕਰਨ ਮੌਕੇ ਬਤੌਰ 800 ਰੁਪਏ ਦੀ ਨਾ-ਮੋੜਨਯੋਗ ਰਾਸ਼ੀ ਬਤੌਰ ਫੀਸ ਲਈ ਜਾਵੇਗੀ। ਚੋਣ ਕਮਿਸ਼ਨ ਨੇ ਇਹ ਵੀ ਦੱਸਿਆ ਕਿ ਵੋਟ ਪਾਉਣ ਦੇ ਅਧਿਕਾਰ ਲਈ ਕਲੱਬ ਦੇ ਮੈਂਬਰਾਂ ਨੂੰ ਆਪਣੇ ਬਣਦੇ ਸਾਰੇ ਬਕਾਏ 28 ਮਾਰਚ ਨੂੰ ਸਵੇਰੇ 10.00 ਵਜੇ ਤੱਕ ਕਲੀਅਰ ਕਰਨੇ ਜ਼ਰੂਰੀ ਹੋਣਗੇ।

## ਜੇ ਪੀ ਐੱਮ ਓ ਵੱਲੋਂ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਜਨਤਕ ਜੱਥੇਬੰਦੀਆਂ ਦੇ ਸਾਂਝੇ ਮੋਰਚੇ (ਜੇ ਪੀ ਐਮ ਓ) ਇਕਾਈ ਹੁਸ਼ਿਆਰਪੁਰ ਵੱਲੋਂ ਮੁਲਾਜ਼ਮ ਭਵਨ ਵਿਖੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਇੱਕ ਇਕੱਤਰਤਾ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਉੱਘੇ ਟਰੇਡ ਯੂਨੀਅਨ ਆਗੂ ਮਾਸਟਰ ਹਰਕੰਵਲ ਸਿੰਘ ਨੇ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਵਾਲਾ ਸਮਾਜ ਸਿਰਜਣਾਂ ਅੱਜ ਦੇ ਸਮੇਂ ਦੀ ਮੁੱਖ ਮੰਗ ਹੈ।ਉਹਨਾਂ ਕਿਹਾ ਕਿ ਬਰਾਬਰਤਾ ਦਾ ਸਮਾਜ ਸਿਰਜਣ ਦਾ ਜੋ ਸ਼ਹੀਦ ਭਗਤ ਸਿੰਘ ਦਾ ਸੁਪਨਾ ਸੀ ਉਸਨੂੰ ਸੰਗਰਸ਼ਾਂ ਨੂੰ ਤੇਜ਼ ਕਰਕੇ ਹੀ ਪੂਰਾ ਕੀਤਾ ਜਾ ਸਕਦਾ ਹੈ।ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਮਿਹਨਤਕਸ਼ ਵਰਗ ਨੂੰ ਮਿਲ ਰਹੀਆਂ ਸਹੂਲਤਾਂ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਸਿਆਸਤ ਦੇ ਨਤ ਤੇ ਗੁੰਡਾਗਰਦੀ ਕੀਤੀ ਜਾ ਰਹੀ ਹੈ।ਪ ਸ ਸ ਫ ਦੇ ਸੂਬਾ ਪ੍ਰਧਾਨ ਸਾਥੀ ਸਤੀਸ਼ ਰਾਣਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੋਰਿਆਂ ਨੂੰ ਦੇਸ਼ ਵਿੱਚੋਂ ਕੱਢਣ ਲਈ ਸ਼ਹੀਦ ਭਗਤ ਸਿੰਘ ਵੱਲੋਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਪ੍ਰੰਤੂ ਇਸ ਆਜ਼ਾਦ ਦੇਸ਼ ਵਿੱਚ ਵੀ ਆਮ ਲੋਕ ਮੌਜੂਦਾ ਸਰਕਾਰਾਂ ਦੇ ਜ਼ਬਰ ਦਾ ਸ਼ਿਕਾਰ ਹੋ ਰਹੇ ਹਨ।ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਲੋਕਾਂ 'ਤੇ ਝੂਠੇ ਕੇਸ ਬਣਾ ਕੇ ਜੇਲ੍ਹਾਂ ਅੰਦਰ ਸੁੱਟਿਆ ਜਾ ਰਿਹਾ ਹੈ।ਉਹਨਾਂ ਸਮੂਹ ਮੁਲਾਜ਼ਮਥ ਅਤੇ ਪੈਨਸ਼ਨਰਾਂ ਨੂੰ 24-25 ਮਾਰਚ ਦੇ ਮੁਹਾਲੀ ਸੰਘਰਸ਼ ਵਿੱਚ ਵੀ ਭਰਵੀਂ ਸ਼ਮੂਲੀਅਤ ਦੀ ਅਪੀਲ ਕੀਤੀ।ਇਸ ਮੌਕੇ ਡਾ. ਸੁਖਦੇਵ ਸਿੰਘ ਢਿੱਲੋਂ, ਇੰਦਰਜੀਤ ਵਿਰਦੀ, ਦਵਿੰਦਰ ਸਿੰਘ ਕੱਕੋਂ, ਮਨਜੀਤ ਸੈਣੀ, ਰਕੇਸ਼ ਕੁਮਾਰ ਮਹਿਲਾਂਵਾਲੀ, ਬਲਵੀਰ ਸੈਣੀ, ਮਨਜੀਤ ਬਾਜਵਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਪਰਵਾਰ ਵੱਲੋਂ ਤ੍ਰਿਪਤਾ ਜੈਨ ਦੇ ਨੇਤਰ ਦਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਮੁਹੱਲਾ ਕਮੇਟੀ ਬਜਾਰ ਹੁਸ਼ਿਆਰਪੁਰ ਨਿਵਾਸੀ ਸ਼੍ਰੀਮਤੀ ਤ੍ਰਿਪਤਾ ਜੈਨ ਪਤਨੀ ਸੁਰਿੰਦਰ ਜੈਨ ਦੇ ਅਕਾਲ ਚਲਾਣਾ ਕਰਨ ਉਪਰੰਤ ਪਰਿਵਾਰਕ ਮੈਂਬਰਾਂ ਵੱਲੋਂ ਉਹਨਾਂ ਦੇ ਨੇਤਰਦਾਨ ਦੇ ਪ੍ਰਣ ਨੂੰ ਪੂਰਾ ਕਰਦੇ ਹੋਏ ਉਹਨਾਂ ਦੇ ਨੇਤਰ, ਨੇਤਰਦਾਨ ਸੰਸਥਾ ਹੁਸ਼ਿਆਰਪੁਰ ਨੂੰ ਦਾਨ ਕੀਤੇ ਗਏ।ਇਸ ਸਮੇਂ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਤੋਂ ਸੁਰੇਸ਼ ਕਪਾਟੀਆ, ਬਲਜੀਤ ਸਿੰਘ ਪਨੇਸਰ ਅਤੇ ਹਰਭਜਨ ਸਿੰਘ ਨੇ ਪਰਵਾਰ ਨਾਲ ਦੁੱਖ ਸਾਂਝਾਂ ਕੀਤਾ।ਸੰਸਥਾ ਦੇ ਮੈਂਬਰਾਂ ਨੇ ਦੱਸਿਆ ਕਿ ਸ਼੍ਰੀਮਤੀ ਤ੍ਰਿਪਤਾ ਜੈਨ ਜੀ ਦੇ ਨੇਤਰ ਦੋ ਨੇਤਰਹੀਣ ਵਿਅਕਤੀਆਂ ਨੂੰ ਲਗਵਾਏ ਜਾਣਗੇ ਅਤੇ ਉਹਨਾਂ ਦੀ ਵਿਅਕਤੀਆਂ ਦੀ ਹਨੇਰੀ ਜਿੰਦਗੀ ਵਿੱਚ ਰੋਸ਼ਨੀ ਭਰੀ ਜਾਵੇਗੀ।



## ਮੁਫਤ ਮੈਡੀਕਲ ਕੈਂਪਾਂ ਰਾਹੀਂ ਮਰੀਜ਼ਾਂ ਦਾ ਇਲਾਜ ਕਰਵਾਉਣਾ ਰੱਬ ਦੀ ਪੂਜਾ ਬਰਾਬਰ : ਡਾ. ਕੇਵਲ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਸ਼ਿਮਲਾ ਪਹਾੜੀ ਉੜਮੁੜ ਵਿਖੇ ਲਾਲ ਪੱਥ ਲੈਬਸ ਟਾਂਡਾ ਦੇ ਇੰਚਾਰਜ ਸਤਨਾਮ ਸਿੰਘ ਦੀ ਅਗਵਾਈ ਵਿੱਚ ਲਗਾਇਆ ਗਿਆ 2 ਰੋਜ਼ਾ ਮੁਫਤ ਮੈਡੀਕਲ ਚੈੱਕਅੱਪ ਕੈਂਪ ਬੜੀ ਸ਼ਾਨੋਂ ਸ਼ੌਕਤ ਦੇ ਨਾਲ ਸੰਪੰਨ ਹੋ ਨਿਬੜਿਆ।ਇਸ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਰਿਟਾ: ਡਿਪਟੀ ਡਾਇਰੈਕਟਰ ਹੈਲਥ ਪੰਜਾਬ ਅਤੇ ਉੱਘੇ ਸਮਾਜ ਸੇਵੀ ਡਾ. ਕੇਵਲ ਸਿੰਘ ਕਾਜਲ ਨੇ ਕੀਤਾ।ਕੈਂਪ ਵਿੱਚ ਅੱਖਾਂ ਦੇ ਮਾਹਿਰ ਡਾ. ਸ਼ਿਵਰਾਜ ਰੇਖੀ, ਦੰਦਾਂ ਦੇ ਮਾਹਿਰ ਡਾ. ਪ੍ਰਭਜੀਤ ਸਿੰਘ, ਹੋਮਿਓਪੈਥਿਕ ਡਾ. ਰਾਜਿੰਦਰ ਕੌਰ ਅਤੇ ਔਰਤ ਰੋਗਾਂ ਦੀ ਸਪੈਸ਼ਲਿਸਟ ਡਾ. ਪ੍ਰਵੀਨ ਭਗਤ ਤੋਂ ਇਲਾਵਾ ਮਨਜੋਤ, ਸ਼ਿਵਾਨੀ, ਸਤਵਿੰਦਰ ਸਿੰਘ, ਸਤਪਾਲ ਸਿੰਘ ਤੇ ਸੁਖਵਿੰਦਰ ਸਿੰਘ ਨੇ ਕਰੀਬ 300 ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ।ਕੈਂਪ 'ਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਡਾ. ਕੇਵਲ ਸਿੰਘ ਕਾਜਲ ਨੇ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਦਾ ਸਿਹਤ ਵਿਭਾਗ ਗਰੀਬ ਮਰੀਜ਼ਾਂ ਦੇ ਇਲਾਜ ਲਈ ਹਰ ਤਰ੍ਹਾਂ ਦੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਹਰ ਸੰਭਵ ਯਤਨ ਕਰ ਰਿਹਾ ਹੈ, ਪਰ ਅਜਿਹੀਆਂ ਸੰਸਥਾਵਾਂ ਵੱਲੋਂ ਮੁਫਤ ਮੈਡੀਕਲ ਕੈਂਪਾਂ ਦਾ ਆਯੋਜਨ ਕਰਨ ਨਾਲ ਜਿੱਥੇ ਰੱਬ ਦੇ ਘਰ ਵਿੱਚ ਤੁਹਾਡੇ ਚੰਗੇ ਕਰਮਾਂ ਦੀ ਹਾਜ਼ਰੀ ਲੱਗ ਜਾਂਦੀ ਹੈ, ਉੱਥੇ ਮਹਿੰਗੇ ਇਲਾਜ ਤੋਂ ਵੰਚਿਤ ਕਈ ਗਰੀਬ ਲਾਚਾਰ ਮਰੀਜ਼ਾਂ ਦੀਆਂ ਜ਼ਿੰਦਗੀਆਂ ਵੀ ਬਚ ਜਾਂਦੀਆਂ ਹਨ।ਇਸ ਮੌਕੇ ਆਏ ਹੋਏ ਮਹਿਮਾਨਾਂ ਅਤੇ ਮੁੱਖ ਮਹਿਮਾਨ ਡਾ. ਕੇਵਲ ਸਿੰਘ ਕਾਜਲ ਨੂੰ ਲੈਬ ਇੰਚਾਰਜ ਸਤਨਾਮ ਸਿੰਘ ਨੇ ਸਨਮਾਨਿਤ ਕੀਤਾ।

## ਆਰ ਬੀ ਯੂ ਵਿਖੇ 'ਡਿਜੀਟਲ ਯੁੱਗ 'ਚ ਤਕਨੀਕੀ-ਗਣਿਤ ਕਨੈਕਸ਼ਨ' ਵਿਸ਼ੇ 'ਤੇ ਵਰਕਸ਼ਾਪ

**ਮੁਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ਼ ਸਾਇੰਸਜ਼ (ਯੂ ਐਸ ਐਸ) ਨੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀ ਐਸ ਸੀ ਐਸ ਟੀ) ਦੇ ਸਹਿਯੋਗ ਨਾਲ, 'ਡਿਜੀਟਲ ਯੁੱਗ ਵਿੱਚ ਤਕਨੀਕੀ-ਗਣਿਤ ਕਨੈਕਸ਼ਨ' ਵਿਸ਼ੇ 'ਤੇ ਦੋ-ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ।




ਇਸ ਪ੍ਰੋਗਰਾਮ ਦੀ ਸ਼ੁਰੂਆਤ ਡਾ. ਮਨੋਜ ਬਾਲੀ, ਡੀਨ, ਯੂ ਐਸ ਐਸ ਦੇ ਸਵਾਗਤੀ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਗਣਿਤ ਨੂੰ ਆਧੁਨਿਕ ਤਕਨਾਲੋਜੀਆਂ ਨਾਲ ਜੋੜਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਵਰਕਸ਼ਾਪ ਦਾ ਉਦਘਾਟਨ ਕਰਦੇ ਹੋਏ ਮੁੱਖ ਮਹਿਮਾਨ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਵਿਦਿਆਰਥੀਆਂ ਨੂੰ ਅਜਿਹੀਆਂ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਆਪਣੀ ਪੂਰੀ ਸਮਰੱਥਾ ਦੀ ਪੜਚੋਲ ਕਰਨ ਲਈ ਉਤਸ਼ਾਹਿਤ ਕੀਤਾ। ਜੀ ਜੀ ਡੀ ਐਸ ਡੀ ਕਾਲਜ, ਚੰਡੀਗੜ੍ਹ ਦੇ ਐਸੋਸੀਏਟ ਪ੍ਰੋਫੈਸਰ ਡਾ. ਸਰਗਮ ਵਾਸੂ ਨੇ 'ਗਣਿਤ ਦੇ ਅਸਲ ਜੀਵਨ ਉਪਯੋਗ' ਵਿਸ਼ੇ 'ਤੇ ਇੱਕ ਭਾਸ਼ਣ ਦਿੱਤਾ। ਪ੍ਰੇਰਨਾਦਾਇਕ ਸੈਸ਼ਨ ਦੀ ਅਗਵਾਈ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਕੀਤੀ, ਜਿਨ੍ਹਾਂ ਨੇ ਗਣਿਤ ਦੀ ਪੜ੍ਹਾਈ ਦੇ ਆਪਣੇ ਨਿੱਜੀ ਅਨੁਭਵ ਸਾਂਝੇ ਕਰਕੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।ਕੁਇੱਜ਼ ਮੁਕਾਬਲੇ ਵਿੱਚ, ਯੂ ਐਸ ਪੀ ਐਸ ਦੇ ਸ਼੍ਰੇਅੰਕਾ, ਸਵਪਨਜੋਤ ਅਤੇ ਤਰੁਣ ਮਨਹਾਸ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਉਸ ਤੋਂ ਬਾਅਦ ਕਰਨਦੀਪ (ਯੂ ਐਸ ਸੀ), ਰਾਜਦੀਪ (ਆਰ ਬੀ ਸੀ ਐਨ), ਅਤੇ ਅੰਸ਼ੁਲ ਨਿਸ਼ਚਲ (ਯੂ ਐਸ ਸੀ) ਦੂਜੇ ਸਥਾਨ 'ਤੇ ਰਹੇ।ਪੀ ਪੀ ਟੀ ਪੇਸ਼ਕਾਰੀ ਵਿੱਚ ਮੁਕੁਲ ਗਰਗ (ਬੀ ਐਸ ਸੀ ਸੀ ਐਸ ਈ ਏ ਆਈ) ਦੀ ਅਗਵਾਈ ਵਾਲੀ ਟੀਮ ਟਿਊਲਿਪ ਜੇਤੂ ਬਣ ਕੇ ਉਭਰੀ, ਜਦੋਂ ਕਿ ਮੁਸਕਾਨ ਸਪਰਾ (ਡਿਪਲੋਮਾ ਸੀ ਐਸ ਈ) ਦੀ ਅਗਵਾਈ ਵਾਲੀ ਟੀਮ ਲੋਟਸ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਪੋਸਟਰ ਪ੍ਰੈਜ਼ੈਂਟੇਸ਼ਨ 'ਚ, ਹਰਸ਼ਦੀਪ ਸਿੰਘ ਅਤੇ ਸਿਮਰਨਜੀਤ ਕੌਰ (ਦੋਵੇਂ ਯੂ ਐਸ ਸੀ ਤੋਂ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਉਸ ਤੋਂ ਬਾਅਦ ਦਲੇਰ ਸਿੰਘ (ਯੂ ਐਸ ਪੀ) ਦੂਜੇ ਸਥਾਨ 'ਤੇ ਰਿਹਾ।ਟ੍ਰੇਜ਼ਰ ਹੰਟ ਵਿੱਚ ਸ਼੍ਰੇਆ ਭਾਰਦਵਾਜ, ਸਨੇਹਪ੍ਰੀਤ ਕੌਰ, ਰੋਹਿਤ ਕੁਮਾਰ, ਅਤੇ ਅਵਿਨਾਸ਼ (ਯੂ ਐਸ ਐਸ) ਜੇਤੂ ਬਣੇ, ਜਦੋਂਕਿ ਰੋਮਾਂਚਕ ਰੋਬੋ ਰੇਸ ਵਿੱਚ, ਸਾਹਿਲ, ਦੇਵਾਂਸ਼, ਸੁਖਬੀਰ ਅਤੇ ਸੁਖਪਾਲ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ।ਵਰਕਸ਼ਾਪ ਦੇ ਸਮਾਪਤੀ ਸਮਾਰੋਹ ਦੌਰਾਨ ਜੇਤੂਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਗਿਆ।ਪ੍ਰੋਗਰਾਮ ਦੀ ਸਮਾਪਤੀ ਪ੍ਰੋਗਰਾਮ ਕੋਆਰਡੀਨੇਟਰ ਡਾ. ਰਵਨੀਤ ਕੌਰ ਦੇ ਧੰਨਵਾਦ ਨਾਲ ਹੋਈ, ਜਿਨ੍ਹਾਂ ਨੇ ਬੁਲਾਰਿਆਂ, ਭਾਗੀਦਾਰਾਂ ਅਤੇ ਪ੍ਰਬੰਧਕਾਂ ਦੀ ਪ੍ਰਸ਼ੰਸਾ ਕੀਤੀ।

## ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ 'ਚ ਯੋਗਦਾਨ ਦੇਣ ਨੌਜਵਾਨ : ਬ੍ਰਮ ਸ਼ੰਕਰ ਜਿੰਪਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਭਗਤ ਸਿੰਘ ਚੌਕ ਵਿਖੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।ਇਸ ਮੌਕੇ ਉਨ੍ਹਾਂ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਇਨ੍ਹਾਂ ਅਮਰ ਇਨਕਲਾਬੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਅਤੇ ਇਕੱਠ ਨੂੰ ਸੰਬੋਧਨ ਕੀਤਾ।

ਵਿਧਾਇਕ ਜਿੰਪਾ ਨੇ ਕਿਹਾ ਕਿ ਸ਼ਹੀਦੇ-ਏ-ਅੰਤਿਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਅੱਜ ਵੀ ਦੇਸ਼ ਵਾਸੀਆਂ ਖਾਸਕਰ ਨੌਜਵਾਨਾਂ ਨੂੰ ਪ੍ਰੇਰਿਤ ਕਰਦੀ ਹੈ।ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਸ਼ਹੀਦਾਂ ਦੇ ਸਿਧਾਂਤਾਂ ਨੂੰ ਅਪਣਾ ਕੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ ਸ਼ਿੰਦਾ, ਸੀਨੀਅਰ ਡਿਪਟੀ ਮੇਅਰ ਪਰਵੀਨ ਸੈਣੀ, ਡਿਪਟੀ ਮੇਅਰ ਰੰਜੀਤਾ ਚੌਧਰੀ, ਕੌਂਸਲਰ ਰਾਜੇਸ਼ਵਰ ਦਿਆਲ ਬੱਬੀ, ਬਹਾਦਰ ਸਿੰਘ ਸੁਨੇਤ, ਵਰਿੰਦਰ ਸ਼ਰਮਾ, ਮਨੋਜ ਦੱਤਾ, ਚੰਦਰ ਪ੍ਰਕਾਸ਼, ਬ੍ਰਿਜ ਮੱਟੂ, ਬਲਵਿੰਦਰ ਰਾਣਾ, ਮੁਖੀ ਰਾਮ, ਮਨੀ ਗੋਗੀਆ, ਅਸ਼ੋਕ ਸ਼ਰਮਾ ਅਤੇ ਹੋਰ ਪਤਵੰਦੇ ਵੀ ਮੌਜੂਦ ਸਨ।

## ਅਮਿੱਟ ਯਾਦਾਂ ਛੱਡਦਾ ਸੰਪੰਨ ਹੋਇਆ ਪਿੰਡ ਚੂਹੜ ਦਾ ਖੇਡ ਟੂਰਨਾਮੈਂਟ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਬਾਬਾ ਕਲੀਰ ਸਪੋਰਟਸ ਐਂਡ ਵੈਲਫੇਅਰ ਕਲੱਬ (ਰਜਿ) ਅਤੇ ਐੱਨ ਆਰ ਆਈ ਭਰਾਵਾਂ ਤੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਪਿੰਡ ਚੂਹੜ ਵਿਖੇ ਕਰਵਾਇਆ ਜਾ ਰਿਹਾ ਖੇਡ ਟੂਰਨਾਮੈਂਟ ਅਮਿਟ ਯਾਦਾਂ ਛੱਡਦਾ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਿਆ ਹੈ।ਕਲੱਬ ਪ੍ਰਧਾਨ ਸੌਰਭ ਗੌਤਮ, ਸਾਬਕਾ ਸਰਪੰਚ ਰਜਨੀਸ਼ ਗੌਤਮ, ਨਰਿੰਦਰ ਸ਼ਰਮਾ ਦੀ ਦੇਖ ਰੇਖ ਹੇਠ ਸ਼ੁਰੂ ਹੋਏ ਇੱਕ ਰੋਜ਼ਾ ਟੂਰਨਾਮੈਂਟ ਵਿੱਚ ਕਬੱਡੀ ਦੇ ਰੋਚਕ ਮੁਕਾਬਲੇ ਵੇਖਣ ਨੂੰ ਮਿਲੇ।ਉੱਥੇ ਲੜਕੀਆਂ ਦੀਆਂ ਕਬੱਡੀ ਟੀਮਾਂ ਵਿਚਾਲੇ ਖੇਡੇ ਸ਼ੋਅ ਮੈਚ ਨੇ ਦਰਸ਼ਕਾਂ ਦੀ ਵਾਹ-ਵਾਹੀ ਖੱਟੀ। ਕਬੱਡੀਆਂ ਪ੍ਰੇਮੀਆਂ ਵੱਲੋਂ ਵਧੀਆ ਪ੍ਰਦਰਸ਼ਨ ਕਰਨ ਵਾਲੀਆਂ ਲੜਕੀਆਂ ਨੂੰ ਦਿਲ ਖੋਲ੍ਹ ਕੇ ਨਗਦ ਇਨਾਮ ਦੇ ਕੇ ਹੌਸਲਾ ਅਫਜਾਈ ਕੀਤੀ।ਇਸ ਟੂਰਨਾਮੈਂਟ ਦਾ ਉਦਘਾਟਨ ਬਾਬਾ ਪ੍ਰਗਟ ਨਾਥ ਹਰੀਮਪੁਰ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ ਕੀਤਾ।ਇਹ ਖੇਡ ਟੂਰਨਾਮੈਂਟ ਸ੍ਰੀ ਰਾਮ ਲੁਭਾਇਆ ਨਿਊਜ਼ੀਲੈਂਡ ਵਾਲਿਆਂ ਦੇ ਮਾਤਾ ਪਿਤਾ ਅਤੇ ਸ਼ਿਵ ਕੁਮਾਰ ਅਤੇ ਰੁਲਦੂ ਰਾਮ ਗਿੱਲ ਦੇ ਪੋਤਰਾ ਕਮਲ ਗਿੱਲ ਦੋਹਾਕਤਰ ਦੇ ਸਹਿਯੋਗ ਨਾਲ ਕਰਵਾਇਆ ਗਿਆ।



ਇਸ ਮੌਕੇ ਸੰਤ ਬਲਵੀਰ ਸਿੰਘ ਸੀਚੇਵਾਲ ਵਾਤਾਵਰਨ ਪ੍ਰੇਮੀ ਮੈਂਬਰ ਰਾਜ ਸਭਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਹਨਾਂ ਨੇ ਆਪਣੇ ਅਖਤਿਆਰੀ ਫੰਡ ਵਿੱਚੋਂ ਪਿੰਡ ਵਿੱਚ ਜਿੰਮ ਬਣਾਉਣ ਦਾ ਐਲਾਨ ਵੀ ਕੀਤਾ।ਹਲਕਾ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਨੇ ਜਿੱਥੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਨਾਲ ਦੀ ਨਾਲ ਪਿੰਡ ਵਾਸਤੇ ਵੱਡੇ ਪੱਧਰ 'ਤੇ ਪਿੰਡ ਦੇ ਵਿਕਾਸ ਲਈ ਗਰਾਂਟਾਂ ਦੇ ਐਲਾਨ ਕੀਤੇ।ਉਹਨਾਂ ਪਿੰਡ ਦੀ ਫਿਰਨੀ ਪੱਕੀ ਕਰਨ ਲਈ 44 ਲੱਖ ਰੁਪਏ ਦਾ ਐਲਾਨ ਕੀਤਾ ਉਥੇ ਹੀ ਪਿੰਡ ਦੇ ਵਿੱਚ ਆਧੁਨਿਕ ਸਹੂਲਤਾਂ ਦੇ ਨਾਲ ਲੈਸ ਖੇਡ ਸਟੇਡੀਅਮ ਬਣਾਉਣ ਦਾ ਵੀ ਐਲਾਨ ਕੀਤਾ। ਵਿਧਾਇਕ ਇੰਦਰਜੀਤ ਕੌਰ ਮਾਨ ਵੱਲੋਂ ਮੌਕੇ 'ਤੇ ਹੀ ਸਾਬਕਾ ਸਰਪੰਚ ਰਜਨੀਸ਼ ਗੌਤਮ ਅਤੇ ਉਹਨਾਂ ਦੇ ਸਾਥੀਆਂ ਨੂੰ 6 ਲੱਖ ਰੁਪਏ ਦੇ ਚੈੱਕ ਸੋਲਿਡ ਵੇਸਟ ਵਾਸਤੇ ਦਿੱਤੇ।

ਕਬੱਡੀ ਦਾ ਫਾਇਨਲ ਮੁਕਾਬਲਾ ਸਾਬੀ ਕਲੱਬ ਮੱਲੀਆਂ ਖੁਰਦ ਅਤੇ ਪਿੰਡ ਸੁਰਖਪੁਰ ਵਿਚਾਲੇ ਖੇਡਿਆ ਗਿਆ। ਜਿਸ ਵਿਚ ਸਾਬੀ ਕਲੱਬ ਮੱਲੀਆਂ ਖੁਰਦ ਦੀ ਟੀਮ ਨੇ ਜੇਤੂ ਰਹਿ ਕੇ ਇੱਕ ਲੱਖ ਰੁਪਏ ਦਾ ਨਕਦ ਇਨਾਮ ਅਤੇ ਜੇਤੂ ਟਰਾਫੀ ਹਾਸਲ ਕੀਤੀ। ਜਦੋਕਿ ਪਿੰਡ ਸੁਰਖਪੁਰ ਦੀ ਟੀਮ ਨੇ ਦੂਜਾ ਸਥਾਨ ਹਾਸਲ ਕਰਕੇ 75 ਹਜਾਰ ਰੁਪਏ ਦਾ ਇਨਾਮ ਅਤੇ ਦੂਜੇ ਸਥਾਨ ਦੀ ਟਰਾਫੀ ਹਾਸਲ ਕੀਤੀ।ਜੇਤੂ ਟੀਮਾਂ ਨੂੰ ਇਨਾਮ ਦੀ ਵੰਡ ਸਾਬਕਾ ਸਰਪੰਚ ਰਜਨੀਸ਼ ਗੌਤਮ ਅਤੇ ਬਾਬਾ ਕਲੀਰ ਸਪੋਰਟਸ ਕਲੱਬ ਵੱਲੋਂ ਕੀਤੀ ਗਈ।ਇਸ ਮੌਕੇ ਪ੍ਰਬੰਧਕਾਂ ਵੱਲੋਂ ਪਹੁੰਚੀਆਂ ਵਿਸ਼ੇਸ਼ ਸ਼ਖਸੀਅਤਾਂ ਤੇ ਟੂਰਨਾਮੈਂਟ ਦੇ ਸਹਿਯੋਗੀ ਸੱਜਣਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਹਰੀਆਂ ਵੇਲਾਂ ਵਾਲੇ ਨਿਹੰਗ ਸਿੰਘਾਂ ਵੱਲੋਂ ਹਾਜ਼ਰੀ ਲਗਵਾਈ।

ਇਸ ਮੌਕੇ ਡੀ ਐਸ ਪੀ ਸੁਖਪਾਲ ਸਿੰਘ ਨਕੋਦਰ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਟੂਰਨਾਮੈਂਟ ਦੀ ਕਮੈਂਟਰੀ ਗੁਰਮੇਲ ਸਿੰਘ ਕਲੇਰ, ਸਤਪਾਲ ਮਾਹੀ, ਮਨਜੀਤ ਠੁਲੀ ਵਾਲ, ਗੋਰੀ ਵਿਰਕ, ਸਾਬੀ ਥਿਗਲੀ, ਅਮਨ ਚਿੰਟੀ ਨੇ ਆਪਣੇ ਬੋਲਾਂ ਰਾਹੀਂ ਦਰਸ਼ਕਾਂ ਨੂੰ ਨਿਹਾਲ ਕੀਤਾ।

## ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਤੇ ਕਾਲਜ ਆਫ਼ ਐਜੂਕੇਸ਼ਨ ਵੱਲੋਂ ਸ਼ਹੀਦੀ ਦਿਵਸ

**ਜਲੰਧਰ (ਸ਼ੈਲੀ ਐਲਬਰਟ)** ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਲੋਹਾਰਾਂ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ 'ਤੇ 'ਬਹਾਦਰਾਂ ਨੂੰ ਯਾਦ ਕਰਨਾ: ਆਜ਼ਾਦੀ ਘੁਲਾਟੀਆਂ ਦੀ ਵਿਰਾਸਤ ਦਾ ਸਨਮਾਨ ਕਰਨਾ' ਥੀਮ ਦੇ ਤਹਿਤ ਦਿਲੋਂ ਸ਼ਰਧਾਂਜਲੀ ਭੇਟ ਕੀਤੀ। ਸੱਭਿਆਚਾਰਕ ਕਮੇਟੀ ਨੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨ ਅਤੇ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਪੈਦਾ ਕਰਨ ਲਈ ਐਸ ਡੀ ਜੀ-4 (ਗੁਣਵੱਤਾ ਸਿੱਖਿਆ) ਦੇ ਅਨੁਸਾਰ ਕਈ ਗਤੀਵਿਧੀਆਂ ਦਾ ਆਯੋਜਨ ਕੀਤਾ। ਸਮਾਰੋਹ ਦੀ ਸ਼ੁਰੂਆਤ ਕੋਮਲ, ਅਵਨੀਤ ਅਤੇ ਨੀਲਾ ਦੁਆਰਾ ਕਵਿਤਾਵਾਂ ਦੇ ਪਾਠਾਂ ਨਾਲ ਹੋਈ, ਜਿਨ੍ਹਾਂ ਦੇ ਸ਼ਬਦਾਂ ਨੇ ਭਗਤ ਸਿੰਘ ਦੇ ਰਾਸ਼ਟਰ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਸੁੰਦਰ ਢੰਗ ਨਾਲ ਪੇਸ਼ ਕੀਤਾ।ਇਸ ਤੋਂ ਬਾਅਦ, ਕਿਰਨ ਅਤੇ ਸ਼ਿਵਾਨੀ ਨੇ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ। ਇਸ ਸਮਾਗਮ ਦਾ ਮੁੱਖ ਆਕਰਸ਼ਣ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਕੋਰੀਓਗ੍ਰਾਫੀ ਪ੍ਰਦਰਸ਼ਨ ਸੀ, ਜਿਸ ਨੂੰ ਵਿਦਿਆਰਥੀ ਦੇਵ, ਲਵਪ੍ਰੀਤ ਸਿੰਘ, ਜਸਕਰਨ, ਸਿਮਰਨ, ਤਾਨੀਆ, ਗੀਤਿਕਾ, ਪਵਾਨੀ ਅਤੇ ਲੀਜ਼ਾ ਨੇ ਪੇਸ਼ ਕੀਤਾ। ਉਨ੍ਹਾਂ ਦਾ ਮਨਮੋਹਕ ਪ੍ਰਦਰਸ਼ਨ ਭਾਰਤ ਦੇ ਆਜ਼ਾਦੀ ਸੰਗਰਾਮ ਪ੍ਰਤੀ ਭਗਤ ਸਿੰਘ ਦੀ ਅਟੁੱਟ ਵਚਨਬੱਧਤਾ ਦਾ ਪ੍ਰਤੀਕ ਸੀ ਅਤੇ ਦਰਸ਼ਕਾਂ 'ਤੇ ਸਥਾਈ ਪ੍ਰਭਾਵ ਛੱਡਿਆ।



## ਉੱਭਰਦੇ ਖਿਡਾਰੀਆਂ ਨੂੰ ਅੱਗੇ ਲਿਆਉਣ ਲਈ ਖੇਡ ਨੀਤੀ 'ਤੇ ਮੁੜ ਵਿਚਾਰ ਕਰੇ ਪੰਜਾਬ ਸਰਕਾਰ : ਜਰਨੈਲ ਸਿੰਘ



**ਫਗਵਾੜਾ (ਇੰਦਰਜੀਤ ਸਿੰਘ ਮਠਾੜੂ, ਜਸਵਿੰਦਰ ਢੱਡਾ)** ਵੱਖ-ਵੱਖ ਖੇਡਾਂ 'ਚ ਮੱਲਾਂ ਮਾਰਨ ਵਾਲੇ ਪੰਜਾਬ ਦੇ ਸੀਨੀਅਰ ਖਿਡਾਰੀਆਂ ਦੀ ਇਕ ਵਿਸ਼ੇਸ਼ ਮੀਟਿੰਗ ਹੋਟਲ ਵਿਖੇ ਹੋਈ। ਜਿਸ ਦੀ ਪ੍ਰਧਾਨਗੀ ਜਰਨੈਲ ਸਿੰਘ ਵੇਟ ਲਿਫਟਰ ਕਨੇਡਾ ਨੇ ਕੀਤੀ।ਮੀਟਿੰਗ ਵਿਚ ਸਮੂਹ ਖਿਡਾਰੀਆਂ ਵਲੋਂ ਪੰਜਾਬ ਸਰਕਾਰ ਦੀ ਖੇਡ ਨੀਤੀ ਬਾਰੇ ਡੂੰਘਾਈ ਨਾਲ ਚਰਚਾ ਤੋਂ ਬਾਅਦ ਗੱਲਬਾਤ ਦੌਰਾਨ ਜਰਨੈਲ ਸਿੰਘ ਵੇਟ ਲਿਫਟਰ ਅਤੇ ਪੀ ਆਰ ਸੌਂਧੀ ਸਾਬਕਾ ਚੀਫ ਕੋਚ ਓਲੰਪਿਕ, ਕਾਮਨਵੈਲਥ, ਏਸ਼ੀਅਨ ਸਿਓਲ, ਚਾਈਨਾ, ਬੈਂਕਾਕ ਅਤੇ ਹੋਰਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਅਤੇ ਉੱਭਰਦੇ ਖਿਡਾਰੀਆਂ ਨੂੰ ਪ੍ਰਮੋਟ ਕਰਨ ਦੇ ਵੱਡੇ ਦਾਅਵੇ ਤਾਂ ਕਰਦੀ ਹੈ ਪਰ ਜਮੀਨੀ ਤੌਰ 'ਤੇ ਇਹਨਾਂ ਦਾਅਵਿਆਂ 'ਚ ਜਿਆਦਾ ਸੱਚਾਈ ਨਜ਼ਰ ਨਹੀਂ ਆ ਰਹੀ।ਉਹਨਾਂ ਕਿਹਾ ਕਿ ਸਰਕਾਰ ਦੀ ਖੇਡ ਨੀਤੀ ਬੇਸ਼ਕ ਜਿੰਨੀ ਵੀ ਚੰਗੀ ਹੋਵੇ ਪਰ ਜਦੋਂ ਤੱਕ ਉਸਨੂੰ ਹੇਠਲੇ ਪੱਧਰ 'ਤੇ ਲਾਗੂ ਨਹੀਂ ਕੀਤਾ ਜਾਵੇਗਾ, ਕੋਈ ਵੀ ਨੀਤੀ ਸਫਲ ਨਹੀਂ ਹੋਵੇਗੀ ਅਤੇ ਰਿਜਲਟ ਜੀਰੋ ਹੀ ਰਹੇਗਾ।ਉਹਨਾਂ ਹੈਰਾਨੀ ਪ੍ਰਗਟਾਈ ਕਿ ਮੌਜੂਦਾ ਸੂਬਾ ਸਰਕਾਰ ਨੇ ਤਿੰਨ ਸਾਲਾ ਦੀ ਗੱਲ ਕਰਦਿਆਂ ਕਿਹਾ ਇਹਨਾਂ ਤਿੰਨਾਂ ਸਾਲਾਂ ਵਿੱਚ ਸਰਕਾਰ ਦੀ ਮੱਦਦ ਸਦਕਾ ਕੋਈ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ਦਾ ਖਿਡਾਰੀ ਨਹੀਂ ਉੱਭਰਿਆ।ਜਿਹਨਾਂ ਵੀ ਖਿਡਾਰੀਆਂ ਨੇ ਮੈਡਲ ਹਾਸਲ ਕੀਤੇ ਹਨ, ਉਹਨਾਂ ਨੇ ਖੁੱਦ ਆਪਣੇ ਪੱਧਰ 'ਤੇ ਜਾਂ ਅਕੈਡਮੀਆਂ ਤੇ ਐਨ ਆਰ ਆਈਜ ਦੀ ਸਹਾਇਤਾ ਨਾਲ ਆਪਣਾ ਸਫਲ ਕੈਰੀਅਰ ਬਣਾਇਆ ਹੈ।ਇਸ ਮੌਕੇ ਕ੍ਰਿਪਾਲ ਸਿੰਘ ਪਾਲੀ ਰੈਸਲਰ ਅਤੇ ਕੱਬਡੀ ਪਲੇਅਰ ਯੂ.ਕੇ., ਕ੍ਰਿਪਾਲ ਸਿੰਘ ਪਾਲਾ ਬਾਕਸਰ ਚੈਂਪੀਅਨ ਕਨੇਡਾ, ਸੰਤੋਖ ਸਿੰਘ ਬਿਲਣ ਰੈਸਲਰ ਯੂ.ਕੇ., ਕੁਲਵਿੰਦਰ ਸਿੰਘ ਡੀ.ਪੀ. ਵੇਟ ਲਿਫਟਰ ਤੇ ਕਬੱਡੀ (ਕਨੇਡਾ), ਗੁਰਨੇਕ ਸਿੰਘ ਰਾਏ ਅਥਲੈਟਿਕ ਤੇ ਕਬੱਡੀ (ਅਮਰੀਕਾ), ਅਮਰੀਕ ਸਿੰਘ ਕਨੇਡਾ, ਰਣਜੀਤ ਸਿੰਘ ਅਵਾਰਡ ਜੇਤੂ ਸੰਦੀਪ ਕੁਮਾਰ ਓਲੰਪੀਅਨ ਵੇਟ ਲਿਫਟਰ ਤੇ ਕੋਚ ਇੰਸਪੈਕਟਰ ਪੰਜਾਬ ਪੁਲਿਸ, ਮਹਾਰਾਜਾ ਰਣਜੀਤ ਸਿੰਘ ਅਵਾਰਡ ਜੇਤੂ ਮਨਜੀਤ ਸਿੰਘ ਡੀ.ਐਸ.ਪੀ. ਸਾਊਥ ਏਸ਼ੀਅਨ ਵੇਟ ਲਿਫਟਰ ਆਦਿ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾਂਜਲੀ ਭੇਟ

**ਡੇਰਾਬੱਸੀ • ਵਿਨੈ ਕੁਮਾਰ ਜੈਨ**

ਪ੍ਰੈਸ ਕਲੱਬ ਸਬ ਡਿਵੀਜ਼ਨ ਡੇਰਾਬੱਸੀ (2589) ਵੱਲੋਂ ਪ੍ਰਧਾਨ ਹਰਜੀਤ ਸਿੰਘ ਲੱਕੀ ਅਤੇ ਚੀਫ ਪੈਟਰਨ ਕ੍ਰਿਸ਼ਨਪਾਲ ਸ਼ਰਮਾ ਜੀ ਦੀ ਸਰਪ੍ਰਸਤੀ ਹੇਠ ਇੱਕ ਮੀਟਿੰਗ ਕਰ ਸ਼ਹੀਦ-ਏ- ਆਜ਼ਮ ਸ੍ਰ. ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ ਸ਼ਹੀਦੀ ਦਿਹਾੜੇ ਤੇ ਅੱਜ ਉਨ੍ਹਾਂ ਨੂੰ ਦੋ ਮਿੰਟ ਦਾ ਮੌਨ ਰੱਖਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਇਸ ਮੁਹਿੰਮ ਦਾ ਹਿੱਸਾ ਬਣਦਿਆਂ ਸਕੂਲੀ ਵਿਦਿਆਰਥੀਆਂ ਅਤੇ ਪੁਲੀਸ ਨਾਲ ਰਲ ਕੇ ਇਕ ਜਾਗਰੁਕਤਾ ਰੈਲੀ ਕੱਢਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਦੌਰਾਨ ਪ੍ਰੈਸ ਕਲੱਬ ਵਿੱਚ ਸੀਨੀਅਰ ਪੱਤਰਕਾਰ ਅਨਿਲ ਸ਼ਰਮਾ, ਉੱਜਵਲ ਸ਼ਰਮਾ ਅਤੇ ਯਸ਼ਪਾਲ ਚੌਹਾਨ ਜੀ ਦਾ ਪ੍ਰੈਸ ਕਲੱਬ ਚ ਸ਼ਾਮਲ ਹੋਣ ਤੇ ਸਾਰੇ ਪੱਤਰਕਾਰਾਂ ਵੱਲੋਂ ਜ਼ੋਰਦਾਰ ਸਵਾਗਤ ਕੀਤਾ। ਇਸ ਤੋਂ ਇਲਾਵਾ ਕਲੱਬ ਦੇ ਮਰਹੂਮ ਮਾਸਟਰ ਕੇ.ਐਲ. ਗਾਂਧੀ ਦੀ ਯਾਦ ਵਿੱਚ ਛੇਤੀ ਹੀ ਵਾਲੀਬਾਲ ਟੂਰਨਾਮੈਂਟ, ਪੱਤਰਕਾਰਾਂ ਨੂੰ ਨਵੀਂ ਤਕਨਾਲੋਜੀ ਬਾਰੇ ਜਾਣਕਾਰੀ ਦੇਣ ਸੰਬੰਧੀ ਸੈਮੀਨਾਰ ਅਤੇ ਮਿਊਜ਼ੀਕਲ ਨਾਈਟ ਪ੍ਰੋਗਰਾਮ ਕਰਵਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਪ੍ਰੈਸ ਕਲੱਬ ਦੇ ਜਨਰਲ ਸਕੱਤਰ ਸਰਬਜੀਤ ਸਿੰਘ ਭੱਟੀ, ਸਰਪ੍ਰਸਤ ਰਵਿੰਦਰ ਵੈਸ਼ਨਵ, ਸਾਬਕਾ ਪ੍ਰਧਾਨ ਕਰਮ ਸਿੰਘ, ਜਗਜੀਤ ਸਿੰਘ ਕਲੇਰ, ਮਨਦੀਪ ਵਰਮਾ, ਵਿਕਰਮਜੀਤ ਪਵਾਰ, ਗੁਰਮੀਤ ਸਿੰਘ, ਰਾਜੀਵ ਗਾਂਧੀ, ਪਿੰਕੀ ਸੈਣੀ, ਵਿਮਲ ਚੋਪੜਾ, ਦਿਨੇਸ਼ ਵੈਸ਼ਨਵ, ਲੱਕੀ ਸੈਣੀ, ਪਰਮਜੀਤ ਸਿੰਘ, ਵਿਨੇ ਜੈਨ, ਕੁਲਬੀਰ ਰੁਬਲ, ਪੰਕਜ ਜੱਸੀ ਅਤੇ ਮੋਹਨ ਮੱਗੂ ਸਣੇ ਸਬ-ਡਵੀਜ਼ਨ ਡੇਰਾਬਸੀ ਦੇ ਪੱਤਰਕਾਰਾਂ ਨੇ ਸ਼ਮੂਲੀਅਤ ਕੀਤੀ।



## ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਵਿਖੇ ਸਾਲਾਨਾ ਸਮਾਗਮ ਕਰਵਾਇਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਸਮਾਗਮ ਕਰਵਾਇਆ ਗਿਆ। ਸਕੂਲ ਦੇ ਵਿਦਿਆਰਥੀਆਂ ਨੇ ਰੰਗਾ ਰੰਗ ਅਤੇ ਸਮਾਜ ਨੂੰ ਸੇਧ ਦੇਣ ਵਾਲੇ ਪ੍ਰੋਗਰਾਮ ਪੇਸ਼ ਕੀਤੇ ਗਈਆਂ। ਸਮਾਗਮ ਦੌਰਾਨ ਸਕੂਲ ਮੁਖੀ ਸ਼੍ਰੀਮਤੀ ਤ੍ਰਿਪਤੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਕੂਲ ਦੇ ਬੱਚੇ ਕਾਫੀ ਮਿਹਨਤ ਨਾਲ ਪੜ੍ਹਾਈ ਕਰ ਰਹੇ ਹਨ ਅਤੇ ਨਾਲ ਦੀ ਨਾਲ ਖੇਡਾਂ ਅਤੇ ਹੋਰ ਸਿੱਖਿਆ ਨਾਲ ਜੁੜੇ ਸਮਾਗਮਾ ਵਿੱਚ ਹਿੱਸਾ ਲੈਂਦੇ ਹਨ ਅਤੇ ਵਧੀਆ ਸਥਾਨ ਹਾਸਲ ਕਰਦੇ। ਮੁੱਖ ਮਹਿਮਾਨ ਹਲਕਾ ਵਿਧਾਇਕ ਅਤੇ ਡਿਪਟੀ ਸਪੀਕਰ ਜੈ ਕਿਸਨ ਸਿੰਘ ਰੋੜੀ ਖਾਸ ਤੌਰ 'ਤੇ ਹਾਜ਼ਰ ਹੋਏ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਹਰਜਿੰਦਰ ਸਾਧੋਵਾਲ ਵੱਲੋਂ ਬਾਖੂਬੀ ਨਾਲ ਨਿਭਾਈ ਗਈ। ਸਮਾਗਮ ਦੌਰਾਨ ਸਿੱਖਿਆ ਖੇਤਰ ਤੋਂ ਜਸਬੀਰ ਸਿੰਘ ਬੀ ਐਨ ਓ, ਨਰੇਸ਼ ਕੁਮਾਰ ਸੀ ਐਚਟੀ, ਮਾਸਟਰ ਦਿਲਬਾਗ ਸਿੰਘ, ਮਾਸਟਰ ਸੁਦੇਸ਼ ਕੁਮਾਰ, ਵਿਸ਼ਾਲ ਮੋਹਨ (ਲੱਕੀ), ਵਿਕਰਾਂਤ ਅਗਨੀ ਹੋਤਰੀ, ਪ੍ਰਿੰਸੀਪਲ ਸੁਖਵਿੰਦਰ ਕੁਮਾਰ, ਮੈਡਮ ਹਰਜੀਤ ਕੌਰ, ਮੈਡਮ ਰੇਨੂ, ਸ਼੍ਰੀਮਤੀ ਪ੍ਰਭਜੋਤ ਕੌਰ, ਮੈਡਮ ਸੋਨੂ, ਮੈਡਮ ਮਨੀਸ਼ਾ ਜੀ, ਨੀਲਮ , ਮਾਸਟਰ ਦਵਿੰਦਰ ਸਿੰਘ, ਮਾਸਟਰ ਜਸਕਰਨ ਸਿੰਘ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸ਼ਖਸ਼ੀਅਤਾਂ ਨੇ ਇਸ ਪ੍ਰੋਗਰਾਮ ਵਿੱਚ ਭਾਗ ਲਿਆ।



## ਐੱਨ ਐੱਸ ਐੱਸ ਕੈਂਪ ਦੀ ਸਮਾਪਤੀ ਮੌਕੇ ਸੱਭਿਆਚਾਰਕ ਪ੍ਰੋਗਰਾਮ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ 'ਚ ਐਨ ਐਸ ਐਸ ਇਕਾਈ ਵੱਲੋਂ ਬੀਤੇ ਦਿਨੀਂ ਸੱਤ ਰੋਜ਼ਾ ਐਨ ਐਸ ਐਸ ਕੈਂਪ ਲਗਾਇਆ ਗਿਆ ਜੋ ਵਲੰਟੀਅਰਾਂ ਦੁਆਰਾ ਪੇਸ਼ ਕੀਤੇ ਸੱਭਿਆਚਾਰਕ ਪ੍ਰੋਗਰਾਮ ਨਾਲ ਅਮਿੱਟ ਯਾਦਾਂ ਛੱਡਦਾ ਸਮਾਪਤ ਹੋਇਆ।ਕਾਲਜ ਦੇ ਪ੍ਰਿੰ. (ਡਾ.) ਜਗਸੀਰ ਸਿੰਘ ਬਰਾੜ ਵੱਲੋਂ ਕੈਂਪ ਦਾ ਉਦਘਾਟਨ ਕੀਤਾ ਗਿਆ ਸੀ।ਮੰਚ ਦਾ ਸੰਚਾਲਨ ਕਰਦੇ ਹੋਏ ਡਾ. ਤਰਨਪ੍ਰੀਤ ਕੌਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਕਿਹਾ।ਇਸ ਮੌਕੇ ਮੁੱਖ ਮਹਿਮਨ ਕਾਲਜ ਦੇ ਪੁਰਾਣੇ ਵਿਦਿਆਰਥੀ ਕਨੇਡਾ ਵਾਸੀ ਸੁਰਿੰਦਰ ਸਿੰਘ ਢੇਸੀ, ਵਿਸ਼ੇਸ਼ ਮਹਿਮਾਨ ਕਿਰਪਾਲ ਸਿੰਘ ਨੰਬਰਦਾਰ, ਪਿੰਡ ਦੇ ਸਰਪੰਚ ਕਮਲਜੀਤ ਸਿੰਘ ਸਹੋਤਾ, ਜੰਡਿਆਲਾ ਲੋਕ ਭਲਾਈ ਮੰਚ ਦੇ ਜਨਰਲ ਸਕੱਤਰ ਤਰਸੇਮ ਸਿੰਘ, ਜਸਵਿੰਦਰ ਸਿੰਘ ਰਿਟਾ: ਇੰਸਪੈਕਟਰ, ਜਸਵਿੰਦਰ ਸਿੰਘ ਰਿਟਾਇਰਡ ਬੀ ਪੀ ਈ ਓ, ਮਾਸਟਰ ਬਲਕਾਰ ਸਿੰਘ ਅਤੇ ਵਿਜੇ ਕੁਮਾਰ ਧਰਨੀ ਨੇ ਸ਼ਿਰਕਤ ਕੀਤੀ।ਇਸ ਮੌਕੇ ਸੁਰਿੰਦਰ ਸਿੰਘ ਢੇਸੀ ਨੇ ਵਿਦਿਆਰਥੀਆਂ ਨਾਲ ਆਪਣੇ ਵਿਦਿਆਰਥੀ ਜੀਵਨ ਨਾਲ ਜੁੜੀਆਂ ਇਸ ਕਾਲਜ ਨਾਲ ਸਬੰਧਿਤ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ।ਪ੍ਰੋਫੈਸਰ ਗੌਰਵ ਸ਼ਰਮਾ ਦੀ ਅਗਵਾਈ 'ਚ ਹਫਤੇ ਦੇ ਸੱਤੇ ਦਿਨ ਪਿੰਡ ਜੰਡਿਆਲਾ ਵਿਖੇ ਨਸ਼ਾ ਮੁਕਤ ਰੈਲੀ, ਕਾਲਜ ਅਹਾਤੇ ਅਤੇ ਗਰਾਊਂਡਾਂ ਦੀ ਸਾਫ-ਸਫਾਈ, ਯੋਗਾ ਅਭਿਆਸ, ਪੋਸਟਰ/ਸਲੋਗਨ ਰਾਈਟਿੰਗ ਮੁਕਾਬਲੇ ਅਤੇ ਸੱਭਿਆਚਾਰਕ ਸਰਗਰਮੀਆਂ ਦਾ ਮਾਹੌਲ ਸਿਰਜਿਆ ਗਿਆ।

## ਮੈਗਾ ਪਲੇਸਮੈਂਟ ਡਰਾਈਵ 'ਚ ਡਰੋਲੀ ਕਾਲਜ ਦੇ ਪੰਜ ਵਿਦਿਆਰਥੀਆਂ ਦੀ ਨਿਯੁਕਤੀ



**ਆਦਮਪੁਰ, (ਪਰਮਜੀਤ ਸਿੰਘ)** - ਭਾਰਤ ਦੀਆਂ ਨਾਮਵਰ ਕੰਪਨੀਆਂ ਨੇ 'ਮੈਗਾ ਪਲੇਸਮੈਂਟ ਡਰਾਈਵ 2025' ਦੌਰਾਨ ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ ਦੇ ਪੰਜ ਵਿਦਿਆਰਥੀਆਂ ਦੀ ਰੁਜ਼ਗਾਰ ਲਈ ਨਿਯੁਕਤੀ ਕੀਤੀ ਹੈ। ਇਹਨਾਂ ਵਿਚਾਰਾਂ ਦਾ ਇਜ਼ਹਾਰ ਕਰਦਿਆਂ ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਸਿੱਖਿਆ ਸਕੱਤਰ ਅਤੇ ਡਾਇਰੈਕਟੋਰੇਟ ਸੁਖਮਿੰਦਰ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਨਿਰੰਤਰ ਸਾਰਥਿਕ ਉਪਰਾਲੇ ਕੀਤੇ ਜਾ ਰਹੇ ਹਨ।ਜਿਸ ਦੇ ਮੱਦੇਨਜ਼ਰ ਭਾਰਤ ਦੀਆਂ ਨਾਮਵਰ ਕੰਪਨੀਆਂ ਨਾਲ ਰਾਬਤਾ ਕਰਕੇ ਦੂਜਾ 'ਮੈਗਾ ਪਲੇਸਮੈਂਟ ਡਰਾਈਵ-2025' ਦਾ ਆਯੋਜਨ 15 ਮਾਰਚ ਨੂੰ ਸ੍ਰੀ ਕਲਗੀਧਰ ਨਿਵਾਸ, ਸੈਕਟਰ 27 ਚੰਡੀਗੜ੍ਹ ਵਿਖੇ ਕਰਵਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਇਸ ਮੈਗਾ ਪਲੇਸਮੈਂਟ ਡਰਾਈਵ ਦੌਰਾਨ ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ ਦੇ ਪੰਜ ਵਿਦਿਆਰਥੀਆਂ ਨੂੰ ਦੇਸ਼ ਦੀਆਂ ਨਾਮਵਰ ਕੰਪਨੀਆਂ ਵੱਲੋਂ ਰੁਜ਼ਗਾਰ ਦਿੱਤਾ ਗਿਆ।ਇਨ੍ਹਾਂ ਵਿਦਿਆਰਥੀਆਂ ਵਿੱਚ ਜਸਜੀਤ ਵਿਰਦੀ, ਜਸ਼ਨਦੀਪ ਸਿੰਘ, ਮੇਘਾ, ਲਵਪ੍ਰੀਤ ਕੌਰ ਅਤੇ ਸਾਹਿਲ ਕੁਮਾਰ ਹਨ। ਇਸ ਮੌਕੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਸੁਖਮਿੰਦਰ ਸਿੰਘ ਦਾ ਉਚੇਚੇ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਾਰਥਿਕ ਉਪਰਾਲਿਆਂ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵਿਦਿਅਕ ਸੰਸਥਾਵਾਂ ਬਿਹਤਰੀਨ ਪ੍ਰਦਰਸ਼ਨ ਕਰਦਿਆਂ ਸਮੇਂ ਦੀਆਂ ਹਾਣੀ ਬਣੀਆਂ ਹਨ।ਇਸ ਮੌਕੇ ਪ੍ਰਿੰਸੀਪਲ ਨੇ ਵਿਦਿਆਥੀਆਂ ਨੂੰ ਵਧਾਈ ਦੇਣ ਦੇ ਨਾਲ ਕਾਲਜ ਦੇ ਪਲੇਸਮੈਂਟ ਇੰਚਾਰਜ ਡਾ. ਰਕੇਸ਼ ਬਾਵਾ, ਸਹਾਇਕ ਪ੍ਰੋ. ਸਿਮਰਨਜੋਤ ਕੌਰ ਅਤੇ ਪ੍ਰੋ. ਹਰਮਨਪ੍ਰੀਤ ਸਿੰਘ ਦੀ ਅਣਥੱਕ ਮਿਹਨਤ ਦੀ ਵੀ ਸ਼ਲਾਘਾ ਕੀਤੀ।

## ਗਲੀਆਂ 'ਚ ਇੰਟਰਲੌਕ ਟਾਇਲਾਂ ਲਗਾਈਆਂ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਮੇਹਟੀਆਣਾ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਅਤੇ ਗੁਰਦੁਆਰਾ ਸ੍ਰੀ ਸਿੰਘ ਸਭਾ ਨੂੰ ਜਾਣ ਵਾਲੀ ਮੇਨ ਗਲੀ 'ਤੇ ਇੰਟਰਲੌਕ ਟਾਇਲਾਂ ਲਗਾ ਕੇ ਨਵੀਂ ਗਲੀ ਬਣਾਈ ਗਈ।ਇਸ ਮੌਕੇ ਸਰਪੰਚ ਕਸ਼ਮੀਰ ਸਿੰਘ ਮੇਹਟੀਆਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਇਹ ਪਿਛਲੇ ਕਈ ਸਾਲਾਂ ਤੋਂ ਕਾਫੀ ਨੀਵੀਂ ਸੀ, ਜਿਸ ਕਰਕੇ ਰਾਹਗੀਰਾਂ ਅਤੇ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਸੰਗਤਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਇਸ ਮੇਨ ਗਲੀ ਸੰਬੰਧੀ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਦੇ ਧਿਆਨ ਵਿੱਚ ਲਿਆਂਦੀ ਗਈ।ਇਸ ਮੌਕੇ ਸਰਪੰਚ ਕਸ਼ਮੀਰ ਸਿੰਘ ਮੇਹਟੀਆਣਾ ਨੇ ਦੱਸਿਆ ਕਿ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਨੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੇਖਦਿਆਂ ਹੋਇਆਂ ਤੁਰੰਤ ਇੰਟਰਲਾਕ ਗਲੀ ਗਾਰਟ ਜਾਰੀ ਕੀਤੀ ਗਈ।ਇਸ ਮੌਕੇ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਡਾਕਟਰ ਰਾਜਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਦਾ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਨੇ ਗ੍ਰਾਮ ਪੰਚਾਇਤਾਂ ਨੂੰ ਭਰੋਸਾ ਦਿੱਤਾ ਕਿ ਪਿੰਡ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਸਰਪੰਚ ਕਸ਼ਮੀਰ ਸਿੰਘ ਮੇਹਟੀਆਣਾ, ਗੁਰਦਿਆਲ ਸਿੰਘ ਪੰਚ, ਦਿਲਬਾਗ ਸਿੰਘ ਪੰਚ, ਸੁਖਵਿੰਦਰ ਕੌਰ ਪੰਚ, ਬਲਵੀਰ ਕੌਰ ਪੰਚ, ਪਰਮਜੀਤ ਕੌਰ ਪੰਚ, ਜੋਗ ਰਾਜ ਪੰਚ, ਜਸਵੀਰ ਕੁਮਾਰ ਪੰਚ, ਧਰਮਪਾਲ, ਜਸਪਾਲ, ਮੋਤਾ ਸਿੰਘ ਮਸਤਾਨਾ, ਡਾਕਟਰ ਮਹਿੰਦਰ ਪਾਲ, ਮਾਸਟਰ ਸਤਨਾਮ ਸਿੰਘ, ਸੁਰਜੀਤ ਸਿੰਘ, ਰਾਜ ਕੁਮਾਰ, ਤਜਿੰਦਰ ਕੌਰ, ਹਰਮੇਸ਼ ਲਾਲ, ਸੁਰਿੰਦਰ ਕੌਰ, ਚਰਨਜੀਤ ਕੌਰ, ਬਲਬੀਰ ਕੌਰ, ਜਗਤਾਰ ਸਿੰਘ ਜੱਗੀ, ਸੋਢੀ ਰਾਮ ਚੁੰਬਰ, ਕਲਵੰਤ, ਜਗਦੀਸ਼ ਲਾਲ, ਮਿਸਤਰੀ ਸੋਹਨ ਲਾਲ ਆਦਿ ਹਾਜ਼ਰ ਸਨ।

## ਪਿਛਲੀਆਂ ਸਰਕਾਰਾਂ ਨੇ ਮਿਲਕਫੈਡ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ : ਸ਼ੇਰਗਿੱਲ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਮਿਲਕਫੈਡ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਨੇ ਪੰਜਾਬ ਦੇ ਦੁੱਧ/ਡੇਅਰੀ ਖੇਤਰ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਵੇਰਕਾ ਦੀਆਂ ਪਿਛਲੇ ਤਿੰਨ ਸਾਲਾਂ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ।ਚੰਡੀਗੜ੍ਹ ਵਿਖੇ ਐਤਵਾਰ ਨੂੰ ਮਿਲਕ ਫੈੱਡ ਦੇ ਡਾਇਰੈਕਟਰਾਂ ਰਣਜੀਤ ਸਿੰਘ, ਅਮਨਦੀਪ ਸਿੰਘ, ਰਾਮਸ਼ਰਣ ਸਿੰਘ, ਭੁਪਿੰਦਰ ਸਿੰਘ ਅਤੇ ਹਰਜਿੰਦਰ ਸਿੰਘ ਨਾਲ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਮਿਲਕ ਫੈਡ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਮਾਨ ਸਰਕਾਰ ਨੇ ਇਸ ਨੂੰ ਮੁੜ ਸੁਰਜੀਤ ਕਰ ਦਿੱਤਾ।ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਨੇ ਵੇਰਕਾ ਨੂੰ ਅਮੂਲ ਨਾਲ ਮਿਲਾਉਣ ਲਈ ਈ ਐੱਸ ਆਰ ਕਾਨੂੰਨ ਬਦਲ ਦਿੱਤਾ ਸੀ, ਜਿਸ ਕਾਰਨ ਸੰਸਥਾ ਬਹੁਤ ਕਮਜ਼ੋਰ ਹੋ ਗਈ ਸੀ।ਪਹਿਲਾਂ ਇਸ ਵਿੱਚ 6000 ਪੱਕੇ ਮੁਲਾਜ਼ਮ ਸਨ, ਪਰ ਈ ਐੱਸ ਆਰ ਵਿੱਚ ਤਬਦੀਲੀ ਤੋਂ ਬਾਅਦ ਸਿਰਫ਼ 800 ਮੁਲਾਜ਼ਮ ਹੀ ਰਹਿ ਗਏ, ਬਾਕੀ ਹੋਰ ਵਿਭਾਗਾਂ ਵਿੱਚ ਚਲੇ ਗਏ।ਅਸੀਂ ਵੇਰਕਾ ਨੂੰ ਮਜ਼ਬੂਤ ਕੀਤਾ।ਦੋ ਸਾਲ ਪਹਿਲਾਂ ਵੇਰਕਾ ਦਾ ਮਾਲੀਆ 4500 ਕਰੋੜ ਰੁਪਏ ਸੀ, ਹੁਣ ਵਧ ਕੇ 6200 ਕਰੋੜ ਹੋ ਗਿਆ ਹੈ।ਸ਼ੇਰਗਿੱਲ ਨੇ ਕਿਹਾ ਕਿ ਮਿਲਕ ਫੈੱਡ ਪੰਜਾਬ ਦੀ ਇੱਕੋ ਇੱਕ ਸੰਸਥਾ ਹੈ ਜੋ ਕਿਸਾਨਾਂ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ।ਇਸ ਸੰਸਥਾ ਨੇ ਡੇਅਰੀ ਕਿਸਾਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਮੁੱਖ ਮੰਤਰੀ ਨੇ ਪੰਜਾਬ ਵਿੱਚ ਡੇਅਰੀ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਲਈ ਸਰਗਰਮ ਕਦਮ ਚੁੱਕ ਹਨ। ਮੁੱਖ ਪ੍ਰੋਜੈਕਟਾਂ ਵਿੱਚ ਮੋਹਾਲੀ ਵਿੱਚ 325 ਕਰੋੜ ਰੁਪਏ ਦੇ ਦੁੱਧ ਪ੍ਰੋਸੈਸਿੰਗ ਪਲਾਂਟ ਦਾ ਉਦਘਾਟਨ, ਅੰਮ੍ਰਿਤਸਰ ਵਿੱਚ 123 ਕਰੋੜ ਰੁਪਏ ਦਾ ਪ੍ਰੋਜੈਕਟ, ਅਤੇ ਲੁਧਿਆਣਾ ਵਿੱਚ 105 ਕਰੋੜ ਰੁਪਏ ਦਾ ਪ੍ਰੋਜੈਕਟ, ਜਲੰਧਰ ਵਿੱਚ 84 ਕਰੋੜ ਰੁਪਏ ਦਾ ਫਰਮੈਂਟ ਅਤੇ ਪ੍ਰੋਸੈਸਿੰਗ ਪਲਾਂਟ, ਘਣੀਆ ਕੇ ਬਾਂਗਰ ਵਿਖੇ 10.15 ਕਰੋੜ ਰੁਪਏ ਦਾ ਬਾਈਪਾਸ ਪ੍ਰੋਟੀਨ ਪਲਾਂਟ ਸ਼ਾਮਲ ਹਨ। ਇਹ ਪ੍ਰੋਜੈਕਟ ਦੁੱਧ ਅਤੇ ਡੇਅਰੀ ਉਤਪਾਦਾਂ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਡੇਅਰੀ ਸੈਕਟਰ ਦੇ ਵਿਸਥਾਰ ਅਤੇ ਆਧੁਨਿਕੀਕਰਨ ਲਈ ਮਹੱਤਵਪੂਰਨ ਹਨ। ਮੁੱਖ ਮੰਤਰੀ ਮਾਨ ਨੇ ਡੇਅਰੀ ਖੇਤਰ ਵਿੱਚ ਆਧੁਨਿਕ ਤਕਨਾਲੋਜੀ ਦੀ ਅਪਣਾਈ ਲਈ ਪੂਰੀ ਤਰ੍ਹਾਂ ਸਮਰਥਨ ਦਿੱਤਾ ਹੈ।ਮਿਲਕਫੈਡ ਦੇ ਪਲਾਂਟਾਂ ਵਿੱਚ ਐੱਸ ਏ ਪੀ ਸਾਫਟਵੇਅਰ ਦੀ ਲਾਗੂ ਕਰਕੇ ਆਪਰੇਸ਼ਨ ਵਿੱਚ ਸੁਵਿਧਾ, ਪਾਰਦਰਸ਼ਤਾ ਅਤੇ ਕੁਸ਼ਲਤਾ ਨੂੰ ਵਧਾਇਆ ਗਿਆ ਹੈ। ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਮਿਲਕਫੈਡ ਨੇ ਦੁੱਧ ਖਰੀਦ ਵਿੱਚ ਰਿਕਾਰਡ ਵਾਧਾ ਕੀਤਾ ਹੈ, ਜੋ ਕਿ 2022-23 ਵਿੱਚ 18.3 ਲੱਖ ਲੀਟਰ ਪ੍ਰਤੀ ਦਿਨ ਤੋਂ ਵਧ ਕੇ 2024-25 ਵਿੱਚ 21 ਲੱਖ ਲੀਟਰ ਪ੍ਰਤੀ ਦਿਨ ਹੋ ਗਿਆ ਹੈ। ਮੁੱਖ ਮੰਤਰੀ ਨੇ ਮਿਲਕਫੈਡ ਕਰਮਚਾਰੀਆਂ ਲਈ ਨਵੇਂ ਸੇਵਾ ਨਿਯਮ 2023 ਲਾਗੂ ਕੀਤੇ ਹਨ, ਜੋ ਪੰਜਾਬ ਸਰਕਾਰ ਦੁਆਰਾ ਮਨਜ਼ੂਰ ਹੋਏ ਹਨ। ਇਸ ਕਦਮ ਨਾਲ ਰੋਜ਼ਗਾਰ ਦੀ ਸੁਰੱਖਿਆ ਅਤੇ ਮੋਟੀਵੇਸ਼ਨ ਵਧੀ ਹੈ, ਜਿਸ ਨਾਲ ਮਿਲਕਫੈਡ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਹੋਇਆ ਹੈ। ਇਹ ਨਿਯਮ ਵਿਸ਼ਾਲ ਭਰਤੀ ਅਤੇ ਕਰਮਚਾਰੀਆਂ ਦੀ ਰੀਟੇਨਸ਼ਨ ਨੂੰ ਯਕੀਨੀ ਬਣਾਉਣਗੇ।



## 'ਦਸਵੰਧ ਗਰੀਬਾਂ ਲਈ' ਐੱਨ ਜੀ ਓ ਦਾ ਸਨਮਾਨ

**ਆਦਮਪੁਰ (ਪਰਮਜੀਤ ਸਿੰਘ)**- ਬੀਤੇ ਦਿਨੀਂ ਉਨ੍ਹਾਂ ਮਹਾਨ ਸ਼ਹੀਦ ਸਿੰਘਾਂ ਸੂਰਬੀਰ ਯੋਧਿਆਂ ਨੂੰ ਯਾਦ ਕਰਦਿਆਂ ਭੁਪਿੰਦਰ ਸਿੰਘ ਦੀ ਯੋਗ ਅਗਵਾਈ ਅਤੇ ਉਪਕਾਰ ਐਜੂਕੇਸ਼ਨ ਐਂਡ ਚੈਰੀਟੇਬਲ ਟਰੱਸਟ (ਰਜਿ.) ਗੜ੍ਹਸ਼ੰਕਰ ਵੱਲੋਂ ਮਾਨਵਤਾ ਦੀ ਸੇਵਾ ਤਹਿਤ ਮੇਲਾਂ ਖੂਨਦਾਨੀਆਂ ਦਾ ਸਾਲਾਨਾ ਬਲੱਡ ਡੋਨੇਸ਼ਨ ਮੈਗਾ ਕੈਂਪ ਲਗਾਇਆ ਗਿਆ ਜਿਸ ਦਾ ਸ਼ੁੱਭ ਉਦਘਾਟਨ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਪਵਿੱਤਰ ਅਸਥਾਨ ਦੀ ਨਿਰੰਤਰ ਸੇਵਾ ਕਰਦੇ ਹੋਏ ਸੰਤ ਬਾਬਾ ਲਾਭ ਸਿੰਘ, ਸੰਤ ਬਾਬਾ ਭਾਗ ਸਿੰਘ ਤੋਂ ਵਰਸੋਏ ਸੰਤ ਬਾਬਾ ਸਤਨਾਮ ਸਿੰਘ ਕਾਰ ਸੇਵਾ ਸ੍ਰੀ ਅਨੰਦਪੁਰ ਸਾਹਿਬ ਰੋਡ ਬਣਾਉਣ ਵਾਲਿਆਂ ਦੇ ਨਾਲ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਡਰੋਲੀ ਖੁਰਦ ਮੈਂਬਰਾਂ ਨੂੰ ਜਗ੍ਹਾ ਕੇ ਆਪਸੀ ਭਾਈਚਾਰਕ ਸਾਂਝ ਨੂੰ ਦਰਸਾਉਂਦਿਆਂ ਹੋਰ ਹੋਰ ਵੀ ਉਘੀਆਂ ਅਤੇ ਨਾਮਵਰ ਸ਼ਖਸੀਅਤਾਂ ਦੇ ਨਾਲ ਕੀਤਾ। ਭਾਈ ਸੁਖਜੀਤ ਸਿੰਘ ਮਿਨਹਾਸ ਡਰੋਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਜਿਵੇਂ ਬਾਣੀ ਹੁਣ ਵੱਲੋਂ ਬਲੱਡ ਦਾਨੀਆਂ ਲਈ ਪ੍ਰਬੰਧ ਕੀਤੇ ਗਏ ਹਨ। ਉਸ ਹਿਸਾਬ ਨਾਲ ਤਿੰਨ ਸੌ ਤੋਂ ਵੱਧ ਬਲੱਡ ਯੂਨਿਟ ਰਿਕਾਰਡ ਕੀਤਾ ਗਿਆ।ਅੰਤ ਵਿੱਚ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਨੇ ਦਸਵੰਧ ਗਰੀਬਾਂ ਲਈ ਰਜਿ. ਐਨ ਜੀ ਓ ਪੰਜਾਬ ਨੂੰ ਸਨਮਾਨਿਤ ਕਰਨ 'ਤੇ ਉਪਕਾਰ ਐਜੂਕੇਸ਼ਨ ਐਂਡ ਚੈਰੀਟੇਬਲ ਰਜਿ ਦੇ ਸਮੂਹ ਔਹਦੇਦਾਰਾਂ ਸਹਿਬਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



## ਪਤਿਆਲ 'ਚ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਹਲਕਾ ਆਦਮਪੁਰ ਅਧੀਨ ਆਉਂਦੇ ਪਿੰਡ ਪਤਿਆਲ ਵਿਖੇ ਗਾਇਕ ਸ਼ਮਸ਼ੇਰ ਚਮਕ ਦੇ ਗ੍ਰਹਿ ਵਿਖੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ।ਇਸ ਮੌਕੇ ਪਿੰਡ ਦੇ ਨੌਜਵਾਨਾਂ ਅਤੇ ਪੰਚਾਇਤ ਵਲੋਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਅੱਗੇ ਸ਼ਰਧਾ-ਸੁਮਨ ਭੇਟ ਕੀਤੇ ਗਏ ਅਤੇ ਸ਼ਹੀਦ ਭਗਤ ਸਿੰਘ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਕੀਤਾ। ਇਸ ਮੌਕੇ ਸਾਬਕਾ ਸਰਪੰਚ ਸਤਨਾਮ ਸਿੰਘ ਸਾਬੀ ਮੋਗਾ ਨੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਅਜੋਕੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਗੁਰੇਜ਼ ਕਰਦੇ ਹੋਏ ਸ਼ਹੀਦ ਭਗਤ ਸਿੰਘ ਦੀ ਜੀਵਨ ਸ਼ੈਲੀ ਨੂੰ ਅਪਨਾਉਣ ਦੀ ਲੋੜ ਹੈ।ਇਸ ਮੌਕੇ ਪਿੰਡ ਸ਼ਮਸ਼ੇਰ ਚਮਕ ਨੇ ਕਿਹਾ ਕਿ ਸਾਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ ਹੈ। ਇਸ ਮੌਕੇ ਸਰਪੰਚ ਬਲਵਿੰਦਰ ਸਿੰਘ ਪਤਿਆਲ, ਮਲਕੀਤ ਸਿੰਘ ਪੰਚ, ਸੁਮਿੱਤਰ ਸਿੰਘ ਪੰਚ, ਨਾਜ਼ਰ ਸਿੰਘ ਪੰਚ, ਜਗੀਰ ਸਿੰਘ, ਡਾ. ਮਨਜੀਤ ਸਿੰਘ, ਜਸਵਿੰਦਰ ਸਿੰਘ, ਪ੍ਰਗਟ ਸਿੰਘ, ਦਲਜੀਤ ਬੱਗਾ, ਸਤਨਾਮ ਗੁਰਨੂਰ ਸਿੰਘ, ਸ਼ੈਲੀ, ਅਰਮਾਨ ਅਤੇ ਹੋਰ ਹਾਜ਼ਰ ਸਨ।



## ਪੀਰ ਗ਼ੈਬ ਗਾਜੀ ਦੇ ਸਾਲਾਨਾ ਮੇਲੇ ਦੌਰਾਨ ਕਲਾਕਾਰਾਂ ਨੇ ਭਰੀ ਹਾਜ਼ਰੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** - ਸੁਲਤਾਨਪੁਰ ਦੇ ਬੂਸੋਂਵਾਲ ਰੋਡ ਗੁਰਦੁਆਰਾ ਬੇਰ ਸਾਹਿਬ ਦੇ ਨਜ਼ਦੀਕ ਪੈਂਦੇ ਧੰਨ ਧੰਨ ਬਾਬਾ ਹਜ਼ਰਤ ਪੀਰ ਗ਼ੈਬ ਗਾਜੀ ਦਰਗਾਹ 'ਤੇ ਸਾਲਾਨਾ ਮੇਲਾ ਸੇਵਾਦਾਰ ਬਾਬਾ ਰਕੇਸ਼ ਕੁਮਾਰ ਕੇਸ਼ਾ ਅਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਸਦਕਾ ਧੂਮਧਾਮ ਨਾਲ ਕਰਵਾਇਆ ਗਿਆ। ਝੰਡੇ ਦੀ ਰਸਮ ਬਾਬਾ ਰਕੇਸ਼ ਕੁਮਾਰ ਕੇਸ਼ਾ, ਨਵਤੇਜ ਸਿੰਘ ਚੀਮਾ ਸਾਬਕਾ (ਐਮ ਐਲ ਏ), ਜਗਪਾਲ ਸਿੰਘ ਚੀਮਾ ਪ੍ਰਧਾਨ ਸਾਬਕਾ ਨਗਰ ਕੌਂਸਲ ਅਤੇ ਪ੍ਰਬੰਧਕਾਂ ਵੱਲੋਂ ਅਦਾ ਕੀਤੀ ਗਈ।ਸਟੇਜ ਪ੍ਰੋਗਰਾਮ ਮੰਗੀ ਹੰਸ ਵੱਲੋਂ ਸ਼ੁਰੂਆਤ ਕਰਨ ਉਪਰੰਤ ਗਾਇਕ ਸਿੱਧੂ ਸਤਨਾਮ, ਇੰਟਰਨੈਸ਼ਨਲ ਲੋਕ ਗਾਇਕ ਬਲਵੀਰ ਸ਼ੇਰਪੁਰੀ, ਗਾਇਕ ਸਾਹਿਲ ਚੌਹਾਨ ਨੇ ਖੂਬ ਰੰਗ ਬੰਨ੍ਹਿਆ।ਫਰਮੈਸ਼ ਕਵਾਲ ਅਤੇ ਜਾਨੀ ਨਕਾਲ ਪਾਰਟੀ ਅਤੇ ਹੋਰ ਡਿਊਟ ਕਲਾਕਾਰਾਂ ਵੀ ਹਾਜ਼ਰੀ ਭਰੀ।ਆਏ ਹੋਏ ਕਲਾਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਸੇਵਾਦਾਰ ਸਤਨਾਮ ਸਿੰਘ, ਬਾਬਾ ਸ਼ਿੰਗਾਰਾ ਸਿੰਘ ਭਾਗੋਬੁਢਾ, ਗੁਰਦੀਪ ਸਿੰਘ, ਬਾਬਾ ਨਿਰਵੈਰ ਸਿੰਘ, ਬਾਬਾ ਹਰਪ੍ਰੀਤ ਸਿੰਘ, ਬਾਬਾ ਬਲਵੀਰ ਸਿੰਘ, ਬੱਬੂ ਤਰਫਹਾਜੀ, ਹੀਰਾ ਸਿੰਘ, ਸਤਵਿੰਦਰ ਸਿੰਘ ਢਿੱਲੋਂ ਅਤੇ ਹੋਰ ਵੀ ਸੰਗਤਾਂ ਮੌਜੂਦ ਸਨ।



## ਪੀ ਐੱਮ ਸ੍ਰੀ ਕੰਨਿਆ ਸਕੂਲ ਮਹਿਤਪੁਰ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਸਫਲਤਾਪੂਰਵਕ ਸੰਪੰਨ



**ਮਹਿਤਪੁਰ (ਰਾਜਾ)** ਪੀ ਐੱਮ ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਵਿਖੇ ਸਾਲਾਨਾ ਸਮਾਗਮ ਦਾ ਆਯੋਜਨ ਕੀਤਾ ਗਿਆ।ਸਕੂਲ ਇੰਚਾਰਜ ਨਰੇਸ਼ ਕੁਮਾਰ ਨੇ ਆਪਣੇ ਸਵਾਗਤੀ ਸ਼ਬਦਾਂ ਨਾਲ ਇਸ ਸਮਾਗਮ ਦਾ ਆਗ਼ਾਜ਼ ਕੀਤਾ।ਇਸ ਮੌਕੇ ਸ੍ਰੀਮਤੀ ਆਸ਼ਾ ਰਾਣੀ, ਸ੍ਰੀਮਤੀ ਕੰਚਨ ਵਾਸਨ, ਸ੍ਰੀਮਤੀ ਸ਼ੀਤੂ ਪਰਾਸ਼ਰ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਸਮਾਗਮ ਦੀ ਸ਼ੁਰੂਆਤ ਵਿੱਚ ਵਿਦਿਆਰਥੀਆਂ ਵੱਲੋਂ ਕਵੀਸ਼ਰੀ ਗਾਇਣ ਕੀਤਾ ਗਿਆ।ਵੱਖ ਵੱਖ ਸ਼੍ਰੇਣੀਆਂ ਦੇ ਵਿਦਿਆਰਥੀਆਂ ਵੱਲੋਂ ਲੋਕ ਨਾਚ ਗਿੱਧਾ, ਸਕਿਟ, ਸੋਲੋ ਡਾਂਸ, ਗਰੁੱਪ ਡਾਂਸ, ਗੀਤ, ਕਵਿਤਾ ਦੀ ਪੇਸ਼ਕਾਰੀ ਕੀਤੀ ਗਈ।ਇਸ ਮੌਕੇ ਆਪ ਦੇ ਹਲਕਾ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਉਹਨਾਂ ਦੇ ਨਾਲ ਮਹਿਤਪੁਰ ਦੇ ਆਪ ਆਗੂ ਨਿੱਕੂ ਸੂਦ, ਇਲਾਕੇ ਦੇ ਉੱਘੇ ਸਮਾਜ ਸੇਵੀ ਅਤੇ ਦਾਨੀ ਸੱਜਣ ਸੁਭਾਸ਼ ਕੱਕੜ ਅਤੇ ਮਹਿਤਪੁਰ ਪ੍ਰੈਸ ਕਲੱਬ ਦੇ ਨੁਮਾਇੰਦਿਆਂ ਵਲੋਂ ਵੀ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ।ਉਹਨਾਂ ਨੇ ਬੱਚਿਆਂ ਨੂੰ ਸ਼ਾਬਾਸ਼ੀ ਦਿੱਤੀ ਅਤੇ ਮਿਹਨਤ ਕਰਨ ਅਤੇ ਪ੍ਰੀਖਿਆ ਵਿੱਚੋਂ ਚੰਗੇ ਨੰਬਰ ਲੈਣ ਲਈ ਪ੍ਰੇਰਿਤ ਕੀਤਾ।ਸਮਾਗਮ ਦੌਰਾਨ ਵੱਖ ਵੱਖ ਸ਼੍ਰੇਣੀਆਂ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ ਦਿੱਤੀਆਂ ਗਈਆਂ।ਸਕੂਲੀ ਖੇਡਾਂ ਵਿੱਚ ਜ਼ੋਨ, ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਸਕੂਲ ਦਾ ਨਾਮ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਲਾਇਬ੍ਰੇਰੀ ਵਿੱਚ ਚੰਗੀਆਂ ਕਿਤਾਬਾਂ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਬੈਸਟ ਰੀਡਰ ਦਾ ਇਨਾਮ ਦਿੱਤਾ ਗਿਆ। ਵੱਖ ਵੱਖ ਵਿੱਦਿਅਕ ਮੇਲਿਆਂ ਵਿੱਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਇਸ ਪ੍ਰੋਗਰਾਮ ਦੌਰਾਨ ਵਧੀਆ ਪੇਸ਼ਕਾਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਕੈਸ਼ ਪ੍ਰਾਈਜ਼ ਵੰਡੇ ਗਏ। ਪ੍ਰੋਗਰਾਮ ਦੇ ਅਖੀਰ ਵਿੱਚ ਸਕੂਲ ਇੰਚਾਰਜ ਨਰੇਸ਼ ਕੁਮਾਰ ਨੇ ਆਏ ਹੋਏ ਪਤਵੰਤੇ, ਮਹਿਮਾਨਾਂ ਦਾ ਸਕੂਲ ਪੁੱਜਣ ਤੇ ਧੰਨਵਾਦ ਕੀਤਾ।ਉਹਨਾਂ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਸਮੂਹ ਸਟਾਫ ਦਾ ਸ਼ੁਕਰੀਆ ਅਦਾ ਕੀਤਾ।

## ਆਟੋ ਵਰਕਰ ਯੂਨੀਅਨ ਨੇ ਪ੍ਰਿੰਸੀਪਲ ਸੈਕਟਰੀ ਨੂੰ ਸੌਂਪਿਆ ਮੰਗ ਪੱਤਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਨਿਊ ਆਟੋ ਵਰਕਰਜ਼ ਯੂਨੀਅਨ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਾਂਅ ਮੰਗ ਪੱਤਰ ਖੱਟਕੜ ਕਲਾਂ ਵਿਖੇ ਪ੍ਰਿੰਸੀਪਲ ਸੈਕਟਰੀ ਜਗਨੂਰ ਸਿੰਘ ਨੂੰ ਸੌਂਪਿਆ। ਆਟੋ ਵਰਕਰ ਨਵਾਂਸ਼ਹਿਰ ਤੋਂ ਆਟੋ ਰੈਲੀ ਕੱਢਕੇ ਖੱਟਕੜ ਕਲਾਂ ਵਿਖੇ ਪਹੁੰਚੇ। ਉਹ ਆਪਣੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਨੂੰ ਮਿਲਣਾ ਚਾਹੁੰਦੇ ਸਨ, ਪਰ ਮੁੱਖ ਮੰਤਰੀ ਉਹਨਾਂ ਨੂੰ ਮਿਲ ਨਾ ਸਕੇ। ਉਹਨਾਂ ਦਾ ਮੰਗ ਪੱਤਰ ਪ੍ਰਿੰਸੀਪਲ ਸੈਕਟਰੀ ਜਗਨੂਰ ਸਿੰਘ ਨੇ ਪ੍ਰਾਪਤ ਕੀਤਾ ਜੋ ਮੁੱਖ ਮੰਤਰੀ ਦੇ ਨਾਂਅ ਲਿਖਿਆ ਗਿਆ ਸੀ। ਜਗਨੂਰ ਸਿੰਘ ਨੇ ਨਿਊ ਆਟੋ ਵਰਕਰ ਯੂਨੀਅਨ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਪੁਨੀਤ ਬਛੌੜੀ ਨੂੰ ਭਰੋਸਾ ਦਿੱਤਾ ਕਿ ਉਹਨਾਂ ਦੀਆਂ ਮੰਗਾਂ ਉੱਤੇ ਜਰੂਰੀ ਗੌਰ ਕੀਤਾ ਜਾਵੇਗਾ।



## ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਵੱਲੋਂ ਆਂਗਨਵਾੜੀ ਕੇਂਦਰਾਂ ਦੀ ਜਾਂਚ

**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)** ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ਼ਹੀਦ ਭਗਤ ਸਿੰਘ ਨਗਰ ਅਵਨੀਤ ਕੌਰ ਵੱਲੋਂ ਬਰਨਾਲਾ ਕਲਾਂ ਅਤੇ ਕੁਲਾਮ ਪਿੰਡਾਂ ਵਿਚਲੇ ਆਂਗਨਵਾੜੀ ਕੇਂਦਰਾਂ ਦੀ ਅਚਨਚੇਤ ਜਾਂਚ ਕੀਤੀ ਗਈ।ਇਸ ਦੌਰਾਨ ਉਨ੍ਹਾਂ ਬੱਚਿਆਂ ਨੂੰ ਦਿੱਤੇ ਜਾ ਰਹੇ ਖਾਣੇ ਅਤੇ ਹੋਰਨਾਂ ਪ੍ਰਬੰਧਾਂ ਦੀ ਜਾਂਚ ਕੀਤੀ। ਉਨ੍ਹਾਂ ਹਦਾਇਤ ਕੀਤੀ ਕਿ ਆਂਗਨਵਾੜੀ ਕੇਂਦਰਾਂ ਵਿਚ ਬੱਚਿਆਂ ਦੀ ਹਰੇਕ ਸਹੂਲਤ ਦਾ ਧਿਆਨ ਰੱਖਿਆ ਜਾਵੇ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਉਣ ਦਿੱਤੀ ਜਾਵੇ।ਉਨ੍ਹਾਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੂੰ ਜ਼ਿਲ੍ਹੇ ਦੇ ਸਾਰੇ ਆਂਗਨਵਾੜੀ ਕੇਂਦਰਾਂ ਵਿਚ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਇਸੇ ਤਰ੍ਹਾਂ ਉਨ੍ਹਾਂ ਬੀ ਡੀ ਪੀ ਓ ਨੂੰ ਨਵੀਆਂ ਨਵੇਂ ਬਣਾਏ ਜਾ ਰਹੇ ਆਂਗਨਵਾੜੀ ਕੇਂਦਰਾਂ ਨੂੰ ਸਮੇਂ ਸਿਰ ਪੂਰਾ ਕਰਨ ਦੇ ਆਦੇਸ਼ ਵੀ ਦਿੱਤੇ।



## ਲਾਇਲਪੁਰ ਖ਼ਾਲਸਾ ਕਾਲਜ 'ਚ ਰੰਗੋਲੀ ਮੁਕਾਬਲੇ ਕਰਵਾਏ



**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਪੋਸਟ ਗ੍ਰੈਜੂਏਟ ਹਿਸਟਰੀ ਵਿਭਾਗ ਅਧੀਨ ਚੱਲ ਰਹੇ ਸੈਂਟਰ ਫ਼ੋਰ ਹਿਸਟੋਰੀਕਲ ਸਟਡੀਜ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ।ਇਹ ਸਮਾਗਮ ਵਿੱਚ ਸ਼ਹੀਦਾਂ ਨੂੰ ਸਮਰਪਿਤ 'ਰੰਗ ਦੇ ਬਸੰਤੀ' ਵਿਸ਼ੇ 'ਤੇ ਰੰਗੋਲੀ ਦੇ ਮੁਕਾਬਲੇ ਕਰਵਾਏ ਗਏ।ਸਮਾਗਮ ਵਿੱਚ ਕਾਲਜ ਪ੍ਰਿੰਸੀਪਲ ਡਾ. ਸੁਮਨ ਚੋਪੜਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਹਨਾਂ ਨੇ ਆਪਣੇ ਭਾਸ਼ਣ ਦੁਆਰਾ ਸਮਾਗਮ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਇਹਨਾਂ ਸ਼ਹੀਦਾਂ ਦੇ ਜੀਵਨ ਤੋਂ ਸੇਧ ਲੈਣ ਦੀ ਪ੍ਰੇਰਨਾ ਦਿੱਤੀ। ਉਹਨਾਂ ਭਗਤ ਸਿੰਘ ਦੇ ਵਿਦਿਆਰਥੀ ਜੀਵਨ ਅਤੇ ਜੇਲ ਦੌਰਾਨ ਉਹਨਾਂ ਦੀਆਂ ਲਿਖਤਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਐਮ. ਏ ਹਿਸਟਰੀ ਦੇ ਵਿਦਿਆਰਥੀ ਪਰਮਵੀਰ ਸਿੰਘ ਅਤੇ ਅਰਸ਼ਪ੍ਰੀਤ ਕੌਰ ਨੇ ਸ਼ਹੀਦੀ ਦਿਵਸ ਮੌਕੇ ਇੱਕ ਭਾਵਨਾਤਮਕ ਕਵਿਤਾ 'ਸ਼ਹੀਦ ਭਗਤ ਸਿੰਘ' ਪੇਸ਼ ਕੀਤੀ।ਮਨਪ੍ਰੀਤ ਕੌਰ ਨੇ ਵੀ ਭਗਤ ਸਿੰਘ ਦੇ ਜੀਵਨ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਰੰਗੋਲੀ ਮੁਕਾਬਲੇ ਵਿੱਚ ਪ੍ਰਭਜੋਤ ਨੇ ਪਹਿਲਾ, ਪਰਮਜੀਤ ਸਿੰਘ ਅਤੇ ਕੁੰਦਨ ਨੇ ਦੂਜਾ, ਸਿਮਰਨਜੀਤ ਕੌਰ ਅਤੇ ਪ੍ਰੇਰਨਾ ਨੇ ਤੀਜਾ ਸਥਾਨ ਹਾਸਲ ਕੀਤਾ। ਕਮਲਪ੍ਰੀਤ, ਖੁਸ਼ੀ, ਹਰਪ੍ਰੀਤ ਕੌਰ ਅਤੇ ਰਾਜਨਦੀਪ ਕੌਰ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਮੰਚ ਦਾ ਸੰਚਾਲਨ ਡਾ. ਕਰਨਬੀਰ ਸਿੰਘ ਨੇ ਬਾਖੂਬੀ ਨਿਭਾਇਆ।ਡਾ. ਅਮਨਦੀਪ ਕੌਰ ਨੇ ਮੁਖ ਮਹਿਮਾਨ, ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਇਸ ਮੁਕਾਬਲੇ ਵਿੱਚ ਡਾ. ਗੀਤਾਂਜਲੀ ਮਹਾਜਨ ਅਤੇ ਡਾ. ਅਮਿਤਾ ਸ਼ਹੀਦ ਨੇ ਜੱਜ ਦੀ ਭੂਮਿਕਾ ਨਿਭਾਈ। ਇਸ ਮੌਕੇ ਡਾ. ਬਲਰਾਜ ਕੌਰ, ਡਾ. ਪਲਵਿੰਦਰ ਸਿੰਘ, ਡਾ. ਦਿਨਕਰ ਸ਼ਰਮਾ, ਡਾ. ਅਜੀਤ ਪਾਲ ਸਿੰਘ, ਡਾ. ਹਰਜਿੰਦਰ ਸਿੰਘ ਸੇਖੋਂ, ਡਾ. ਕੁਲਦੀਪ ਸੋਢੀ, ਪ੍ਰੋ. ਸੰਦੀਪ ਕੌਰ, ਡਾ. ਸੰਦੀਪ ਮਨਨ ਅਤੇ ਪ੍ਰੋ. ਪਲਕਪ੍ਰੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

## ਭਾਰਤੀ ਕਿਸਾਨ ਯੂਨੀਅਨ ਨੇ ਮਾਨ ਦਾ ਪੁਤਲਾ ਫੂਕਿਆ

**ਫਿਲੌਰ (ਨਿਰਮਲ)** - ਭਾਰਤੀ ਕਿਸਾਨ ਯੂਨੀਅਨ ਵੱਲੋਂ ਐਸ.ਡੀ.ਐਮ ਦਫਤਰ ਅੱਗੇ ਇੱਕ ਧਰਨਾ ਪ੍ਰਦਰਸ਼ਨ ਕੀਤਾ ਸੀ ਐਮ ਭਗਵੰਤ ਮਾਨ ਵੱਲੋਂ ਕਿਸਾਨ ਭਾਈਚਾਰੇ ਨਾਲ ਕੀਤੇ ਗਏ ਧੱਕੇ ਨੂੰ ਲੈ ਕੇ ਨਵਾਂ ਸ਼ਹਿਰ ਚੌਂਕ ਫਿਲੌਰ ਵਿਖੇ ਉਨ੍ਹਾਂ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਵੱਖ-ਵੱਖ ਭਾਰਤੀ ਕਿਸਾਨ ਯੂਨੀਅਨ ਜਥੇਬੰਦੀਆਂ ਸ਼ਾਮਿਲ ਹੋਈਆਂ ਤੇ ਐਸ. ਡੀ.ਐਮ ਨੂੰ ਮੰਗ ਪੱਤਰ ਦਿੱਤਾ ਗਿਆ। ਉਹਨਾਂ ਨੇ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਇਹ ਸੰਘਰਸ਼ ਹੋਰ ਤਿੱਖਾ ਹੋਵੇਗਾ।



## ਐੱਮ ਐੱਸ ਕੇ ਦੀ ਜੂਨੀਅਰ ਸਪੋਰਟਸ ਮੀਟ ਸ਼ਾਨੋ-ਸ਼ੌਕਤ ਨਾਲ ਸੰਪੰਨ




**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਨਾਮਵਰ ਵਿਦਿਅਕ ਸੰਸਥਾ ਐਮ.ਐਸ.ਕੇ. ਡੇ ਬੋਰਡਿੰਗ ਸੀ.ਬੀ.ਐਸ.ਈ ਸੰਕੈਡਰੀ ਸਕੂਲ ਕੋਟਲੀ ਜੰਡ ਵਿਖੇ ਕਰਵਾਈ ਗਈ ਜੂਨੀਅਰ ਸਪੋਰਟਸ ਮੀਟ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਈ। ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੀ ਸਰਪ੍ਰਸਤੀ ਅਤੇ ਪ੍ਰਿੰਸੀਪਲ ਪਰਵਿੰਦਰ ਕੌਰ ਦੀ ਦੇਖ ਰੇਖ ਹੇਠ ਹੋਈ ਸਪੋਰਟਸ ਮੀਟ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ। ਚੇਅਰਮੈਨ ਹਰਮੀਤ ਸਿੰਘ ਔਲਖ ਤੇ ਜਗਤ ਪੰਜਾਬੀ ਸਭਾ ਕੈਨੇਡਾ ਦੇ ਪ੍ਰਧਾਨ ਸਰਦੂਲ ਸਿੰਘ ਥਿਆੜਾ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਖੇਡਾਂ ਦੇ ਮਹੱਤਵ ਨੂੰ ਉਜਾਗਰ ਕੀਤਾ ਉਥੇ ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੋਸਾਇਟੀ ਵੱਲੋਂ ਵਿਦਿਅਕ ਅਤੇ ਖੇਡਾਂ ਦੇ ਖੇਤਰ ਵਿੱਚ ਕੀਤੇ ਗਏ ਕੰਮਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਤੇ ਵਿਦਿਆਰਥੀਆਂ ਨੇ ਜ਼ਿਲ੍ਹਾ ਰਾਜ ਅਤੇ ਰਾਸ਼ਟਰੀ ਪੱਧਰ 'ਤੇ ਆਪਣਾ ਲੋਹਾ ਮੰਨਵਾ ਕੇ ਐਮ ਐਸ ਕੇ ਵਿਦਿਅਕ ਸੰਸਥਾ ਦਾ ਨਾਂਅ ਉੱਚਾ ਕੀਤਾ ਹੈ। ਸਹਾਰਾ ਵੈਲਫੇਅਰ ਕਲੱਬ ਉੜਮੁੜ ਦੇ ਪ੍ਰਧਾਨ ਰਕੇਸ਼ ਡੇਜ਼ੀ, ਸਰਪੰਚ ਸੁਦੇਸ਼ ਕੁਮਾਰ ਕੋਟਲੀ, ਲੰਬਰਦਾਰ ਉਕਾਰ ਸਿੰਘ, ਐਜੂਕੇਸ਼ਨ ਅਫਸਰ ਜਤਿੰਦਰ ਕੌਰ ਅਰੋੜਾ ਅਤੇ ਅਮਰਜੀਤ ਸਿੰਘ ਨੇ ਵੀ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਵੱਲੋਂ ਦਿਖਾਈ ਗਈ ਪ੍ਰਤਿਭਾ ਦੀ ਵਿਸ਼ੇਸ਼ ਰੂਪ ਨਾਲ ਪ੍ਰਸ਼ੰਸਾ ਕੀਤੀ। ਸਕੂਲ ਦੇ ਹੋਣਹਾਰ ਵਿਦਿਆਰਥੀ ਜਸਮੀਤ ਕੌਰ ਸੰਧੂ, ਕਰਨਵੀਰ ਸਿੰਘ ,ਪਾਰਸ ਕੁਮਾਰ ਅਤੇ ਅਬੇਜੋਤ ਸਿੰਘ ਨੂੰ ਜਲਦੀ ਹੀ ਸਹਾਰਾ ਵੈਲਫੇਅਰ ਕਲੱਬ ਉੜਮੁੜ ਵੱਲੋਂ ਵੀ ਸਨਮਾਨਤ ਕੀਤੇ ਜਾਣ ਦਾ ਫੈਸਲਾ ਲਿਆ ਗਿਆ।ਪ੍ਰਿੰਸੀਪਲ ਪਰਵਿੰਦਰ ਕੌਰ ਨੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੇਵਾ ਸਿੰਘ, ਮਹਿੰਦਰ ਪਾਲ ਮਦਾਨ, ਪੰਚ ਜਸਵੀਰ ਸਿੰਘ, ਡਾ. ਅਮੋਲਕ ਸਿੰਘ ਮਰਵਾਹਾ, ਲਖਬੀਰ ਸਿੰਘ, ਸੋਨੂ ਮਾਰਸ਼ਲ, ਰਵਿੰਦਰ ਸਿੰਘ ਅਤੇ ਬਲਜੀਤ ਸਿੰਘ ਨੇ ਵੀ ਸ਼ਿਰਕਤ ਕੀਤੀ। ਮੰਚ ਦਾ ਸੰਚਾਲਨ ਮੈਡਮ ਸੁਮਨ ਕੌਰ ਨੇ ਬਾਖੂਬੀ ਨਿਭਾਇਆ। ਇਸ ਮੌਕੇ ਸਕੂਲ ਸਟਾਫ ਵਿੱਚ ਗੁਰਪ੍ਰੀਤ ਕੌਰ, ਲਖਬੀਰ ਸਿੰਘ, ਪ੍ਰੀਤੀ ਮੱਲੀ, ਕਸ਼ਿਸ਼ ਗਿੱਲ, ਰੇਖਾ ਰਾਣੀ, ਆਗਿਆ ਕੌਰ, ਗੁਰਸ਼ਰਨ ਕੌਰ, ਅਮਨ ਸੰਧੂ, ਰਜਿੰਦਰ ਕੌਰ ਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਸੱਤਿਅਮ ਇੰਸਟੀਟਿਊਟ ਆਫ ਮੈਨੇਜਮੈਂਟ ਕਾਲਜ ਦੇ ਨਤੀਜੇ ਸ਼ਾਨਦਾਰ

**ਨਕੋਦਰ (ਮਨਜੀਤ ਮਾਨ)** ਸੱਤਿਅਮ ਇੰਸਟੀਟਿਊਟ ਆਫ ਮੈਨੇਜਮੈਂਟ ਤੇ ਟੈਕਨੋਲਜੀ ਦੇ ਬੀ ਐਸ ਸੀ ਐਮ ਐਲ ਐਸ ਦੇ ਪਹਿਲੇ ਦੂਜੇ ਦੇ ਤੀਸਰੇ ਸਾਲ ਦਾ ਨਤੀਜਾ ਸ਼ਾਨਦਾਰ ਰਿਹਾ। ਪਹਿਲੇ ਸਾਲ ਦੀ ਵਿਦਿਆਰਥਣ ਤਾਨੀਆ ਪੁੱਤਰੀ ਧੰਨਾ ਸਿੰਘ ਨੇ 81% ਨੰਬਰ ਲੈ ਕੇ ਪਹਿਲਾ ਸਥਾਨ, ਪ੍ਰਭਜੋਤ ਪੁੱਤਰ ਮੱਖਣ ਸਿੰਘ ਨੇ 78.4% ਨੰਬਰ ਲੈ ਕੇ ਦੂਜਾ ਸਥਾਨ, ਪ੍ਰਭਜੋਤ ਕੌਰ ਪੁੱਤਰੀ ਰਾਜਕੁਮਾਰ ਨੇ 78% ਨੰਬਰ ਲੈ ਕੇ ਤੀਜਾ ਸਥਾਨ ਹਾਸਲ ਕੀਤਾ ਐਮ ਐਲ ਐੱਸ ਦੇ ਦੂਜੇ ਸਾਲ ਦੀ ਮਨਪ੍ਰੀਤ ਕੌਰ ਪੁੱਤਰੀ ਜੈ ਰਾਮ ਨੇ 78.7% ਨੰਬਰ ਲੈ ਕੇ ਪਹਿਲਾ ਸਥਾਨ, ਰੀਤੂ ਚੁੰਬਰ ਪੁੱਤਰੀ ਬਲਵਿੰਦਰ ਕੁਮਾਰ ਨੇ 78% ਨੰਬਰ ਲੈ ਕੇ ਦੂਜਾ ਸਥਾਨ, ਤਮੰਨਾ ਰਾਣੀ ਪੁੱਤਰੀ ਸਰੋਜ ਲਾਲ ਨੇ 77.4% ਨੰਬਰ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਬੀ.ਐਸ.ਸੀ ਐਮ.ਐਲ.ਐਸ ਤੀਜੇ ਸਾਲ ਦੇ ਗੁਰਪ੍ਰੀਤ ਪੁੱਤਰੀ ਸੰਤੋਖ ਚੰਦ ਨੇ 80.8% ਨੰਬਰ ਲੈ ਕੇ ਪਹਿਲਾ ਸਥਾਨ ,ਪ੍ਰਿਆ ਪੁੱਤਰੀ ਹੰਸ ਰਾਜ ਨੇ 78% ਨੰਬਰ ਲੈ ਕੇ ਦੂਜਾ ਸਥਾਨ ਹਾਸਿਲ ਕੀਤਾ।ਕਾਲਜ ਦੇ ਬਾਕੀ ਵਿਦਿਆਰਥੀਆਂ ਦਾ ਨਤੀਜਾ ਵੀ ਬਹੁਤ ਸ਼ਾਨਦਾਰ ਰਿਹਾ ਇਸ ਮੌਕੇ ਚੇਅਰਮੈਨ ਵਿਪਨ ਸ਼ਰਮਾ, ਚੇਅਰ ਪਰਸਨ ਸ਼੍ਰੀਮਤੀ ਜੋਤੀ ਸ਼ਰਮਾ, ਐਮ.ਡੀ ਸ਼ੁਭਨ ਸ਼ਰਮਾ ਅਤੇ ਮੈਨੇਜਮੈਂਟ ਕਾਲਜ ਦੇ ਪ੍ਰਿੰਸੀਪਲ ਰਾਸ਼ੀਦ ਹਮੀਦ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਬੱਚਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।



## ਸਿਲਾਈ ਮਸ਼ੀਨ ਤੇ ਬਜ਼ੁਰਗ ਨੂੰ ਤੁਰਨ ਵਾਲਾ ਸਟੈਂਡ ਦਿੱਤਾ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਅਤੇ ਰਾਜੂ ਬ੍ਰਦਰਜ਼ ਵੈਲਫੇਅਰ ਸੁਸਾਇਟੀ ਯੂ.ਕੇ-ਪੰਜਾਬ ਦੇ ਵਿਸ਼ੇਸ਼ ਸਹਿਯੋਗ ਨਾਲ ਸ਼ਹੀਦ-ਏ-ਆਜਮ ਭਗਤ ਸਿੰਘ ਦੇ ਸਮਾਰਕ ਗੜ੍ਹਸ਼ੰਕਰ ਵਿਖੇ ਜ਼ਰੂਰਤਮੰਦ ਨੂੰ ਸਿਲਾਈ ਮਸ਼ੀਨ ਅਤੇ ਬਜੁਰਗ ਨੂੰ ਤੁਰਨ ਵਾਲਾ ਸਟੈਂਡ ਦਿੱਤਾ ਗਿਆ। ਟਰੱਸਟ ਦੇ ਪ੍ਰਧਾਨ ਦਰਸ਼ਨ ਸਿੰਘ ਮੱਟੂ ਅਤੇ ਚੇਅਰਪਰਸਨ ਬੀਬੀ ਸੁਭਾਸ਼ ਮੱਟੂ ਨੇ ਦੱਸਿਆ ਕਿ ਯੂਕੇ ਵਿੱਚ ਬ੍ਰਿਟਿਸ਼ ਇੰਮਪਾਇਰ ਅਫਸਰ ਵਜੋਂ ਤੈਨਾਤ ਡਾਕਟਰ ਅਮਰਜੀਤ ਰਾਜੂ ਵੱਲੋਂ ਅਤੇ ਪ੍ਰਧਾਨ ਜੋਗਿੰਦਰ ਹੈਪੀ ਸਾਧੋਵਾਲ ਸਹਿਯੋਗ ਨਾਲ ਇਲਾਕੇ ਵਿੱਚ ਅਨੇਕਾਂ ਸਮਾਜ ਭਲਾਈ ਕੰਮ ਚਲਾਏ ਜਾ ਰਹੇ ਹਨ।ਇਸ ਮੌਕੇ ਹੈਪੀ ਸਾਧੋਵਾਲ,ਡਾਕਟਰ ਬਿੱਟੂ ਵਿੱਜ,ਰੋਕੀ ਮੋਲਾ, ਡਾ. ਵਿਸ਼ਨੂੰ, ਡਾ. ਲਖਵਿੰਦਰ ਲੱਕੀ, ਪ੍ਰੀਤ ਪਾਰੋਵਾਲ, ਸ਼ੈਡੀ ਭੱਜਲਾ ਆਦਿ ਹਾਜ਼ਰ ਸਨ।



## ਛਿੰਝ ਮੇਲਾ 28 ਨੂੰ

**ਨਕੋਦਰ (ਮਨਜੀਤ ਮਾਨ)** ਸ੍ਰੀਮਾਨ 108 ਸੰਤ ਬਾਬਾ ਬੂਟਾ ਸਿੰਘ ਮੈਮੋਰੀਅਲ ਸਪੋਰਟਸ ਕਲੱਬ (ਰਜਿ.) ਵੱਲੋਂ 131ਵਾਂ ਸਲਾਨਾ ਛਿੰਝ ਪਿੰਡ ਮਹੇੜੂ 'ਚ ਸ੍ਰੀ ਮਾਨ ਸੰਤ ਬਾਬਾ ਬੂਟਾ ਸਿੰਘ ਮੇਲਾ 28 ਮਾਰਚ ਦਿਨ ਸ਼ੁੱਕਰਵਾਰ ਨੂੰ ਪਿੰਡ ਮਹੇੜੂ ਨੇੜੇ (ਨਕੋਦਰ) ਵਿਖੇ ਕਰਵਾਇਆ ਜਾ ਰਿਹਾ ਹੈ।ਇਹ ਜਾਣਕਾਰੀ ਕਲੱਬ ਦੇ ਸਰਪ੍ਰਸਤ ਮਨਿੰਦਰ ਸਿੰਘ ਤੋਂ ਇਲਾਵਾ ਸਰਪੰਚ ਸੁਖਵਿੰਦਰ ਸਿੰਘ, ਮੈਂਬਰ ਪੰਚਾਇਤ ਬਲਵਿੰਦਰ ਸਿੰਘ ਅਤੇ ਬੀਬੀ ਬਲਜਿੰਦਰ ਕੌਰ ਮਹੇੜੂ ਨੇ ਦਿੰਦੇ ਹੋਏ ਦੱਸਿਆ ਕਿ ਸਾਰੇ ਹੀ ਮੁਕਾਬਲੇ ਮਿੱਟੀ ਦੇ ਅਖਾੜੇ ਵਿਚ ਮੈਟ ਦੇ ਨਿਯਮਾਂ ਅਨੁਸਾਰ ਅੰਤਰ ਰਾਸ਼ਟਰੀ ਸਾਬਕਾ ਕੁਸ਼ਤੀ ਕੋਚ ਪੀ ਆਰ ਸੌਂਧੀ ਦੀ ਦੇਖ ਰੇਖ ਹੇਠ ਹੋਣਗੇ।

## ਮੌਦਗਿਲ ਗੋਤਰ ਜਠੇਰਿਆਂ ਦਾ ਸਾਲਾਨਾ ਮੇਲਾ 28 ਨੂੰ

**ਅਲਾਵਲਪੁਰ (ਮਦਨ ਬੰਗੜ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਰਸਵਤ ਬ੍ਰਾਹਮਣ ਮੌਦਗਿਲ ਗੋਤਰ ਦੇ ਜਠੇਰਿਆਂ ਦਾ ਸਾਲਾਨਾ ਮੇਲਾ, ਪੂਜਾ ਅਰਚਨਾ, ਭੰਡਾਰਾ 28 ਮਾਰਚ ਦਿਨ ਸ਼ੁੱਕਰਵਾਰ ਨੂੰ ਜਠੇਰਿਆਂ ਦੇ ਅਸਥਾਨ ਬਸ ਸਟੈਂਡ ਕਸਬਾ ਅਲਾਵਲਪੁਰ ਜਿਲ੍ਹਾ ਜਲੰਧਰ ਵਿਖੇ ਬੜੇ ਹੀ ਉਤਸ਼ਾਹ, ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਇੰਜੀ. ਵਾਸੂਦੇਵ ਸ਼ਰਮਾ, ਵਿਜੇ ਕੁਮਾਰ ਸ਼ਰਮਾ ਨੇ ਦਿੱਤੀ।

## ਹਰਮੇਸ਼ ਵਿਰਦੀ ਨੂੰ ਵੱਖ-ਵੱਖ ਰਾਜਨੀਤਕ, ਸਮਾਜਿਕ ਤੇ ਧਾਰਮਿਕ ਸ਼ਖਸੀਅਤਾਂ ਨੇ ਭੇਟ ਕੀਤੀਆਂ ਸ਼ਰਧਾਂਜਲੀਆਂ

**ਬੰਗਾ (ਅਵਤਾਰ ਕਲੇਰ)** ਪੰਜਾਬ-ਚੰਡੀਗੜ੍ਹ ਜਰਨਲਿਸਟ ਯੂਨੀਅਨ ਪੰਜਾਬ ਦੇ ਉੱਪ ਪ੍ਰਧਾਨ, ਸੀਨੀਅਰ ਪੱਤਰਕਾਰ ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ ਬਲਾਕ ਸੰਮਤੀ ਬੰਗਾ ਜੋ ਕੁਝ ਦਿਨ ਪਹਿਲਾਂ ਇਸ ਫਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ ਸਨ।ਉਹਨਾਂ ਦੀ ਅੰਤਿਮ ਅਰਦਾਸ ਦੀ ਰਸਮ ਅਦਾ ਕੀਤੀ ਗਈ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਉਪਰੰਤ ਸੰਤ ਜੀਤ ਦਾਸ ਮਾਹਿਲ ਗਹਿਲਾਂ ਦੇ ਕੀਰਤਨ ਜੱਥੇ ਨੇ ਵੈਰਾਗਮਈ ਕੀਰਤਨ ਨਾਲ ਨਿਹਾਲ ਕੀਤਾ।ਅੰਤਿਮ ਅਰਦਾਸ ਉਪਰੰਤ ਵਿਧਾਨ ਸਭਾ ਹਲਕਾ ਬੰਗਾ ਦੇ ਵਿਧਾਇਕ ਡਾ ਸੁਖਵਿੰਦਰ ਸੁੱਖੀ, ਬਲਵਿੰਦਰ ਜੰਮੂ ਕੌਮੀ ਜਨਰਲ ਸਕੱਤਰ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ, ਬਸਪਾ ਆਗੂ ਪ੍ਰਵੀਨ ਬੰਗਾ, ਹਰਜੋਤ ਕੌਰ ਲੋਹਟੀਆ ਪ੍ਰਦੇਸ਼ ਜਨਰਲ ਸਕੱਤਰ ਮਹਿਲਾ ਵਿੰਗ ਪੰਜਾਬ, ਦਰਬਾਰਾ ਸਿੰਘ ਪਰਿਹਾਰ, ਦਿਨੇਸ਼ ਕਰੀਹਾ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ, ਪੱਤਰਕਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਨੂਰਪੁਰ ਆਦਿ ਬੁਲਾਰਿਆਂ ਨੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸਵ ਹਰਮੇਸ਼ ਵਿਰਦੀ ਦੀ ਮਾਤਾ ਗੁਰੋ ਜੀ, ਤਿੰਨ ਪੁੱਤਰ ਸਪੁੱਤਰ ਪੰਕਜ ਵਿਰਦੀ, ਵਿਸ਼ਾਲ ਵਿਰਦੀ, ਹਰਸ਼ ਵਿਰਦੀ, ਸਾਬਕਾ ਵਿਧਾਇਕ ਤਰਲੋਚਨ ਸਿੰਘ ਸੂੰਢ, ਹਰਜੋਤ ਕੌਰ ਲੋਹਟੀਆ, ਸਰਪੰਚ ਨਛੱਤਰ ਕੌਰ, ਡਾ ਕਸ਼ਮੀਰ ਚੰਦ, ਡਾ ਅਮਰੀਕ ਸਿੰਘ, ਪੰਕਜ ਲੋਹਟੀਆ, ਹਰਬੰਸ ਵਿਰਦੀ, ਪੰਜਾਬ-ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਪ੍ਰਦੇਸ਼ ਕਾਰਜਕਾਰੀ ਪ੍ਰਧਾਨ ਜੈ ਸਿੰਘ ਛਿੱਬਰ, ਪ੍ਰਦੇਸ਼ ਕਾਰਜਕਾਰੀ ਮੈਂਬਰ ਨਵਕਾਂਤ ਭਰੋਮਜਾਰਾ, ਸੁਰਿੰਦਰ ਕਰਮ ਲਧਾਣਾ, ਮਨੀਸ਼ ਚੁਘ, ਕੁਲਦੀਪ ਸਿੰਘ ਪਾਬਲਾ, ਰਵਿੰਦਰ ਕੌਰ ਮਹਿਮੀ, ਚਰਨਜੀਤ ਸੱਲਾਂ, ਹਰਮੇਲ ਸਿੰਘ ਸਹੂੰਗੜਾ, ਧਰਮਵੀਰ ਪਾਲ, ਅਵਤਾਰ ਕਲੇਰ, ਕੁੱਕ ਬਾਬਾ, ਨਰੇਸ਼ ਕੁਮਾਰ ਬੰਗਾ, ਜੈ ਪਾਲ ਸੁੰਡਾ, ਉਹਨਾਂ ਦੀ ਧਰਮ ਪਤਨੀ ਪ੍ਰਵੀਨ ਵਿਰਦੀ ਅਤੇ ਵੱਡੀ ਗਿਣਤੀ ਵਿੱਚ ਮਿੱਤਰ, ਰਿਸ਼ਤੇਦਾਰ ਅਤੇ ਪਿੰਡ ਦੇ ਲੋਕ ਹਾਜ਼ਰ ਸਨ। ਪਰਿਵਾਰ ਵਲੋਂ ਸਰਪੰਚ ਹਰਮਿੰਦਰ ਸਿੰਘ ਤਲਵੰਡੀ ਫੱਤੂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



## ਐੱਸ ਡੀ ਕਾਲਜ ਫਾਰ ਵੂਮੈਨ 'ਚ ਸ਼ਹੀਦੀ ਦਿਹਾੜਾ ਮਨਾਇਆ




**ਸੁਲਤਾਨਪੁਰ ਲੋਧੀ ( ਹਨੀ )** ਐੱਸ ਡੀ ਕਾਲਜ ਫਾਰ ਵੂਮੈਨ ਦੇ ਰੈੱਡ ਰਿਬਨ, ਈਕੋ ਕਲੱਬ ਤੇ ਐਨ ਐੱਸ ਐੱਸ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ 'ਚ ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੇ ਸ਼ਹੀਦੀ ਦਿਹਾੜੇ ਸੰਬੰਧੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪੰਜਾਬੀ ਵਿਭਾਗ ਦੇ ਮੈਡਮ ਕਸ਼ਮੀਰ ਕੌਰ ਨੇ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ ਜੀਵਨ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾਂ ਹੀ ਸਾਨੂੰ ਅਜਾਦੀ ਪ੍ਰਾਪਤ ਹੋਈ ਹੈ, ਜਿਨ੍ਹਾਂ ਆਪਣੀ ਸਾਰੀ ਜ਼ਿੰਦਗੀ ਕੌਮ ਦੇ ਲੇਖੇ ਲਾ ਦਿੱਤੀ 'ਤੇ ਭਾਰਤ ਮਾਤਾ ਨੂੰ ਗੁਲਾਮੀ ਦੀਆਂ ਜੰਜੀਰਾਂ ਵਿੱਚੋਂ ਬਾਹਰ ਕੱਢਿਆ।ਪ੍ਰਿੰਸੀਪਲ ਡਾ. ਸ਼ੁਕਲਾ ਨੇ ਵਿਦਿਆਰਥਣਾਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਅੱਜ ਲੋੜ ਹੈ ਕਿ ਅਸੀਂ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਬਣਾਈਏ।ਮੈਡਮ ਰਾਜਬੀਰ ਕੌਰ ਦੀ ਅਗਵਾਈ 'ਚ ਆਯੋਜਿਤ ਸਮਾਗਮ 'ਚ ਵਿਦਿਆਰਥਣਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ।

## ਸ਼ਹੀਦੇ-ਆਜ਼ਮ ਭਗਤ ਸਿੰਘ ਅਤੇ ਸਾਥੀਆਂ ਨੂੰ ਦਿੱਤੀ ਸ਼ਰਧਾਂਜਲੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਪਿੰਡ ਜੂਹਰਾ ਦੀ ਸਮੂਹ ਪੰਚਾਇਤ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਸਰਪੰਚ ਰਜੇਸ਼ ਕੁਮਾਰ ਸ਼ਾਲੂ ਜਹੂਰਾ ਸਰਪੰਚ ਸ਼ਾਲੂ ਜਹੂਰਾਂ ਨੇ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਿਰ ਆਪਣੇ ਜੀਵਨ ਦਾ ਬਲਿਦਾਨ ਦਿੱਤਾ ਅਤੇ ਹੱਸਦੇ ਹੋਏ ਫਾਂਸੀ ਦੇ ਰੱਸੇ ਨੂੰ ਆਪਣੇ ਗਲੇ ਵਿੱਚ ਪਾਇਆ।ਉਨ੍ਹਾਂ ਹੋਰ ਕਿਹਾ ਕਿ ਅੱਜ ਜੋ ਅਸੀਂ ਆਜ਼ਾਦੀ ਦਾ ਸੁੱਖ ਮਾਣ ਰਹੇ ਹਾਂ ਉਹ ਇਨ੍ਹਾਂ ਮਹਾਨ ਸ਼ਹੀਦਾਂ ਦੀ ਬਦੌਲਤ ਹੀ ਹੈ। ਇਸ ਲਈ ਸਾਨੂੰ ਇਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਦੇਸ਼ ਅਤੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਮੈਂਬਰ ਦੀਵਾਨ ਸਿੰਘ , ਅਮੀਰ ਸਿੰਘ, ਰਣਜੀਤ ਸਿੰਘ, ਜਸਵਿੰਦਰ ਸਿੰਘ, ਅਮਰਜੀਤ ਸਿੰਘ, ਜਗਜੀਤ ਸਿੰਘ, ਮਲਕੀਤ ਸਿੰਘ, ਜਸਵਿੰਦਰ ਸਿੰਘ, ਮੋਹਨ ਸਿੰਘ, ਦਿਲਬਾਗ ਸਿੰਘ, ਤਰਲੋਕ ਸਿੰਘ, ਨਵਜੋਤ ਸਿੰਘ ਸੁਖਵਿੰਦਰ ਸਿੰਘ, ਕੁਲਵੰਤ ਸਿੰਘ, ਗੁਰਮੀਤ ਸਿੰਘ, ਮੱਖਣ ਸਿੰਘ, ਸੂਰਤ ਸਿੰਘ, ਇੰਦਰਪਾਲ ਸਿੰਘ, ਸੁਖਦੇਵ ਸਿੰਘ, ਤਰਨਦੀਪ ਸਿੰਘ, ਦਲੀਪ ਕੁਮਾਰ ਆਦਿ ਹਾਜ਼ਰ ਸਨ।



## ਸ਼ਹੀਦਾਂ ਦੀ ਵਿਚਾਰਧਾਰਾ ਨਵੀਂ ਪੀੜ੍ਹੀ ਲਈ ਪ੍ਰੇਰਨਾਸਰੋਤ : ਪ੍ਰਗਤੀਸ਼ੀਲ ਮੰਚ




ਮੋਗਾ (ਇਕਬਾਲ ਸਿੰਘ ਖਹਿਰਾ)-ਪ੍ਰਗਤੀਸ਼ੀਲ ਮੰਚ 23 ਮਾਰਚ ਦੇ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਨਵੀਂ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਮੰਨਦੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੰਚ ਦੇ ਆਗੂ ਬਲਕਰਨ ਮੋਗਾ, ਨਵਜੋਤ ਜੋਗੇਵਾਲਾ ਤੇ ਅਮਨਦੀਪ ਸਿੰਘ ਸਿੰਘਾਵਾਲਾ ਨੇ ਮੋਗਾ ਵਿਖੇ ਸ਼ਹੀਦਾਂ ਦੇ ਬੁੱਤਾਂ 'ਤੇ ਫੁੱਲ ਮਲਾਵਾਂ ਭੇਟ ਕਰਦਿਆਂ ਕੀਤਾ।ਆਗੂਆਂ ਨੇ ਕਿਹਾ ਕਿ ਸਰਕਾਰਾਂ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਲਾਗੂ ਕਰਨਾ ਤਾਂ ਦੂਰ ਦੀ ਗੱਲ ਉਹ ਤਾਂ ਸ਼ਹੀਦਾਂ ਦੇ ਬੁੱਤਾਂ ਵਾਲੀਆਂ ਥਾਵਾਂ ਦੀ ਸਾਫ ਸਫਾਈ ਦਾ ਵੀ ਪ੍ਰਬੰਧ ਕਰਨ ਵਿੱਚ ਨਕਾਮ ਹਨ।ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਕੇਂਦਰ ਸਰਕਾਰ ਦੀ ਤਰਜ਼ 'ਤੇ ਹੱਕ ਮੰਗਦੇ ਲੋਕਾਂ ਨੂੰ ਸਰਕਾਰੀ ਤਾਨਾਸ਼ਾਹੀ ਨਾਲ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਸਿਹਤ, ਵਿੱਦਿਆ ਤੇ ਰੁਜ਼ਗਾਰ ਦਾ ਪ੍ਰਬੰਧ ਕਰਨ ਵਿੱਚ ਨਕਾਮ ਰਹੀ ਪੰਜਾਬ ਸਰਕਾਰ ਉਲਟਾ ਲੋਕਾਈ ਤੋਂ ਰੋਸ ਪ੍ਰਗਟ ਕਰਨ ਦਾ ਸੰਵਿਧਾਨਕ ਹੱਕ ਵੀ ਖੋਹ ਰਹੀ ਹੈ।ਕੇਂਦਰੀ ਸਰਕਾਰ ਤੇ ਪੰਜਾਬ ਸਰਕਾਰ ਇਕੋ ਸਿੱਕੇ ਦੇ ਦੋ ਪਹਿਲੂ ਹਨ।ਦੋਨੋਂ ਸਰਕਾਰਾਂ ਨੇ ਕੰਮ ਵੀ ਕੋਈ ਨਹੀਂ ਕਰਨਾ ਤੇ ਆਲੋਚਨਾ ਵੀ ਬਰਦਾਸ਼ਤ ਨਹੀਂ।ਆਗੂਆਂ ਨੇ ਕਿਹਾ ਕਿ ਲੋੜਾਂ ਦੀ ਲੋੜ ਸਾਂਝੇ ਲੋਕ ਮੁੱਦਿਆਂ 'ਤੇ ਜਥੇਬੰਦਕ ਏਕਤਾ ਕਾਇਮ ਕਰਨ ਦੀ ਹੈ।ਪੰਜਾਬ ਦੀ ਜਵਾਨੀ ਦਾ ਭਵਿੱਖ ਹਨੇਰੇ ਵਿੱਚ ਹੈ।ਜਵਾਨੀ ਕੋਲ ਰੁਜ਼ਗਾਰ ਦਾ ਕੋਈ ਵਸੀਲਾ ਨਹੀਂ।ਪੜ੍ਹੀ ਲਿਖੀ ਜਵਾਨੀ ਵੀ ਸੜਕਾਂ 'ਤੇ ਪੁਲਸ ਦੀਆਂ ਡਾਂਗਾਂ ਖਾ ਰਹੀ ਹੈ।ਇਸ ਮੌਕੇ ਹਾਜ਼ਰ ਆਗੂਆਂ ਵਿੱਚ ਸੋਨੂੰ, ਰਾਜਿੰਦਰ ਸਿੰਘ, ਦੀਪਕ ਕੁਮਾਰ ਤੇ ਇਕਬਾਲ ਸਿੰਘ ਹਾਜ਼ਰ ਸਨ।

## ਭੁਪਿੰਦਰ ਫੌਜੀ ਤਰਕਸ਼ੀਲ ਇਕਾਈ ਭੀਖੀ ਦੇ ਜਥੇਬੰਦਕ ਮੁਖੀ ਚੁਣੇ



ਭੀਖੀ (ਗੁਰਿੰਦਰ ਸਿੰਘ ਔਲਖ)-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਭੀਖੀ ਦੀ ਚੋਣ ਜ਼ੋਨ ਆਗੂ ਭਰਭੂਰ ਸਿੰਘ ਦੀ ਅਗਵਾਈ ਹੇਠ ਹੋਈ।ਦੱਸਣਾ ਉਚਿਤ ਹੋਵੇਗਾ ਕਿ ਇਹ ਚੋਣ ਅਜਲਾਸ 2 ਸਾਲਾਂ ਦੇ ਕਾਰਜਕਾਲ ਖਤਮ ਹੋਣ ਤੋਂ ਬਾਅਦ ਪੁਰਾਣੀ ਕਮੇਟੀ ਭੰਗ ਕਰਕੇ ਹੋਇਆ।ਚੋਣ ਤੋਂ ਪਹਿਲਾਂ ਸਾਰੇ ਵਿਭਾਗਾਂ ਨੇ ਆਪਣੀ ਆਪਣੀ ਰਿਪੋਰਟ ਪੇਸ਼ ਕੀਤੀ, ਜਿਸ 'ਚ ਸਰਬਸੰਮਤੀ ਨਾਲ ਕਹਾਣੀਕਾਰ ਭੁਪਿੰਦਰ ਫੌਜੀ ਤੇ ਹਰਮੇਸ਼ ਭੋਲਾ ਮੱਤੀ ਨੂੰ ਇਕਾਈ ਭੀਖੀ ਦਾ ਜਥੇਬੰਦਕ ਮੁਖੀ ਚੁਣਿਆ ਗਿਆ।ਇਸ ਤੋਂ ਇਲਾਵਾ ਵਿੱਤ ਵਿਭਾਗ ਮੁਖੀ ਜਸਪਾਲ ਅਤਲਾ, ਮੀਡੀਆ ਵਿਭਾਗ ਗੁਰਿੰਦਰ ਸਿੰਘ ਔਲਖ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਭਰਭੂਰ ਸਿੰਘ ਮੰਨਣ ਤੇ ਸੱਭਿਆਚਾਰ ਵਿਭਾਗ ਮੁਖੀ ਅਵਤਾਰ ਸਿੰਘ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ।ਇਸ ਤੋਂ ਇਲਾਵਾ ਕਾਰਜਕਾਰੀ ਮੈਂਬਰਾਂ ਦੀ ਕੁੱਲ ਗਿਣਤੀ 35 ਹੈ, ਜਿਸ 'ਚੋਂ 4 ਔਰਤਾਂ ਸ਼ਾਮਲ ਹਨ।ਇਸ ਮੌਕੇ ਦਿਨੇਸ਼ ਸੋਨੀ, ਜਸਵੰਤ ਸਿੰਘ ਮੱਤੀ, ਜਗਸੀਰ ਜੱਗੂ, ਗੁਰਦੀਪ ਸਿੰਘ, ਹਰਦੀਪ ਸਿੰਘ, ਮਾ. ਜਗਤਾਰ ਸਿੰਘ ਮੱਖਨ ਬਤਰਾ ਆਦਿ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ



ਮਾਨਸਾ (ਆਤਮਾ ਸਿੰਘ ਪਮਾਰ)-ਸੰਯੁਕਤ ਕਿਸਾਨ ਮੋਰਚੇ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਵੱਖ ਵੱਖ ਥਾਵਾਂ 'ਤੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਇਸ ਮੌਕੇ ਮਾਨਸਾ ਸ਼ਹਿਰ ਅੰਦਰ ਵਾਰਡ ਨੰ. 25 ਵਿੱਚ ਸਥਾਪਤ ਰਾਜਗੁਰੂ, ਸੁਖਦੇਵ ਸਿੰਘ, ਭਗਤ ਸਿੰਘ ਦੇ ਬੁੱਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਤ ਸਿੰਘ ਦੇ ਸੁਪਨਿਆਂ ਦਾ ਰਾਜ ਸਿਰਜਣ ਲਈ ਸਾਨੂੰ ਏਕੇ ਦੀ ਮਜ਼ਬੂਤੀ ਬਣਾਉਣ 'ਤੇ ਹੋਰ ਜ਼ਿਆਦਾ ਜ਼ੋਰ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਸਮੂਹਕ ਏਕਤਾ ਹੀ ਕਾਰਪੋਰੇਟ ਸਿਸਟਮ ਨੂੰ ਪਿੱਛੇ ਧੱਕ ਕੇ ਆਮ ਮਿਹਨਤਕਸ਼ ਲੋਕਾਂ ਦੀ ਗੱਲ ਕਰੇਗੀ, ਇਸੇ ਮਨੋਰਥ ਤਹਿਤ ਹੀ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਜੋਸ਼ ਭਗਤ ਸਿੰਘ ਅਤੇ ਸਾਥੀਆਂ ਵਿੱਚ ਸੀ, ਜਿਸ 'ਤੇ ਪਹਿਰਾ ਦੇਣ ਲਈ ਐੱਸ.ਕੇ.ਐੱਮ. ਵਚਨਬੱਧ ਹੈ। ਇਸ ਸਮੇਂ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਆਗੂ ਧੰਨਾ ਮੱਲ ਗੋਇਲ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਆਗੂ ਰੁਲਦੂ ਸਿੰਘ ਮਾਨਸਾ, ਗੁਰਜੰਟ ਸਿੰਘ ਮਾਨਸਾ, ਡਕੌਂਦਾ ਦੇ ਮੱਖਣ ਸਿੰਘ ਭੈਣੀ, ਮੋਰਚੇ ਦੇ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ, ਕਰਾਂਤੀਕਾਰੀ ਕਿਸਾਨ ਯੂਨੀਅਨ ਦੇ ਭਜਨ ਸਿੰਘ ਘੁੰਮਣ, ਡਕੌਂਦਾ ਬੁਰਜ ਗਿੱਲ ਦੇ ਰਾਜ ਸਿੰਘ ਅਕਲੀਆ, ਬੀ.ਕੇ.ਯੂ. ਕਾਦੀਆਂ ਦੇ ਮਲਕੀਤ ਸਿੰਘ, ਬੀ.ਕੇ.ਯੂ ਮਾਨਸਾ ਦੇ ਦਿਲਬਾਗ ਸਿੰਘ, ਜਮਹੂਰੀ ਕਿਸਾਨ ਸਭਾ ਦੇ ਆਗੂ ਮੇਜਰ ਸਿੰਘ ਦੂਲੋਵਾਲ, ਮੁਸਲਿਮ ਫਰੰਟ ਦੇ ਆਗੂ ਰਵੀ ਕੁਮਾਰ, ਬਿਜਲੀ ਬੋਰਡ ਰਿਟਾਇਰਡ ਮੁਲਾਜ਼ਮ ਆਗੂ ਮਹਿੰਦਰ ਸਿੰਘ ਜਵਾਹਰਕੇ ਤੋਂ ਇਲਾਵਾ ਡਾ. ਗੁਰਨਾਮ ਸਿੰਘ, ਰਣਬੀਰ ਸਿੰਘ, ਬਲਵਿੰਦਰ ਸਿੰਘ, ਪ੍ਰਗਟ ਸਿੰਘ, ਜੁਗਰਾਜ ਸਿੰਘ, ਸੁਖਚਰਨ ਦਾਨੇਵਾਲੀਆ, ਅਜਮੇਰ ਸਿੰਘ, ਜਗਤਾਰ ਸਿੰਘ ਸਹਾਰਨਾ, ਜਗਦੇਵ ਭੁਪਾਲ, ਤਰਸੇਮ ਸਿੰਘ ਅਕਲੀਆ, ਸੁਖਵਿੰਦਰ ਸਿੰਘ ਸੰਦਾ ਸਿੰਘ ਵਾਲਾ, ਕਰਨੈਲ ਸਿੰਘ ਆਦਿ ਹਾਜ਼ਰ ਸਨ।

## ਪਬਲਿਕ ਗਰਲਜ਼ ਸਕੂਲ ਵਿਖੇ ਐੱਨ ਐੱਸ ਐੱਸ ਕੈਂਪ




ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪਬਲਿਕ ਗਰਲਜ਼ ਸਕੂਲ ਪਾਤੜਾਂ ਵੱਲੋਂ ਡਾਇਰੈਕਟਰ ਐੱਨ ਐੱਸ ਐੱਸ ਤੋਂ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਟਰੱਸਟ ਦੇ ਪ੍ਰਧਾਨ ਕੀਮਤ ਸਿੰਗਲਾ ਤੇ ਪ੍ਰਿੰਸੀਪਲ ਗੁਰਿੰਦਰ ਕੌਰ ਸੰਧੂ ਦੀ ਅਗਵਾਈ ਹੇਠ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਦੀ ਸ਼ੁਰੂਆਤ ਕੀਤੀ ਗਈ।ਕੈਂਪ ਦਾ ਰਸਮੀ ਉਦਘਾਟਨ ਕਰਨ ਉਪਰੰਤ ਸੱਤ ਦਿਨਾਂ ਵਿੱਚ ਕੈਂਪ ਦੌਰਾਨ ਕੀਤੇ ਜਾਣ ਵਾਲੇ ਕੰਮਾਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਾਤੜਾਂ ਦੇ ਮੁੱਖ ਅਧਿਆਪਕ ਜਤਿੰਦਰ ਕੁਮਾਰ ਤੇ ਸੰਦੀਪ ਕੌਰ ਸੀਨੀਅਰ ਅਧਿਆਪਕ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ, ਜਿਨ੍ਹਾਂ ਦਾ ਪ੍ਰੋਗਰਾਮ ਅਫ਼ਸਰ ਜਸਪ੍ਰੀਤ ਕੌਰ ਤੇ ਸਮੂਹ ਐੱਨ ਐੱਸ ਐੱਸ ਯੂਨਿਟ ਵੱਲੋਂ ਸਵਾਗਤ ਕੀਤਾ ਗਿਆ।ਸਮਾਗਮ ਦੇ ਅੰਤ ਵਿੱਚ ਆਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਸਰਕਾਰੀ ਕਾਲਜ 'ਚ ਸ਼ਹੀਦਾਂ ਨੂੰ ਸਮਰਪਤ ਖ਼ੂਨਦਾਨ ਕੈਂਪ ਲਾਇਆ



ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਫ਼ਰੀਦਕੋਟ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ 'ਚੌਥਾ ਖ਼ੂਨਦਾਨ ਕੈਂਪ' ਪ੍ਰਿੰਸੀਪਲ ਡਾ. ਮਨਜੀਤ ਸਿੰਘ ਐਮਕਾ ਦੀ ਯੋਗ ਰਹਿਨੁਮਾਈ ਤੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਮੰਜੂ ਕਪੂਰ ਦੀ ਯੋਗ ਅਗਵਾਈ ਵਿੱਚ ਲਗਾਇਆ ਗਿਆ।ਇਸ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਸ੍ਰ. ਗੁਰਕਿਰਨ ਦੀਪ ਸਿੰਘ ਸਿੱਧੂ ਨੇ ਕੀਤਾ।ਕੈਂਪ ਦੇ ਇੰਚਾਰਜ ਪ੍ਰੋ. ਬੀਰਇੰਦਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਖ਼ੂਨਦਾਨ ਕੈਂਪ ਵਿੱਚ 35 ਯੂਨਿਟ ਖ਼ੂਨਦਾਨ ਇਕੱਤਰ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਇਹ ਕੈਂਪ ਕਾਲਜ ਦੇ ਰੈੱਡ ਰਿਬਨ ਕਲੱਬ, ਐੱਨ.ਐੱਸ.ਐੱਸ. ਵਿਭਾਗ, ਓਲਡ ਸਟੂਡੈਂਟਸ ਐਸੋਸੀਏਸ਼ਨ, ਬਲੱਡ ਬੈਂਕ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫ਼ਰੀਦਕੋਟ ਦੇ ਸਹਿਯੋਗ ਨਾਲ ਲਗਾਇਆ ਗਿਆ।ਇਸ ਕੈਂਪ ਵਿੱਚ ਗੁਰਜੀਤ ਹੈਰੀ ਢਿੱਲੋਂ ਸ੍ਰ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫ਼ੇਅਰ ਸੁਸਾਇਟੀ (ਰਜਿ.) ਫ਼ਰੀਦਕੋਟ ਨੇ ਵਿਸ਼ੇਸ਼ ਸਹਿਯੋਗ ਦਿੱਤਾ।ਖ਼ੂਨਦਾਨ ਕਰਨ ਵਾਲਿਆਂ ਵਿੱਚ ਕਾਲਜ ਦੇ ਸਟਾਫ਼ ਵਿੱਚੋਂ ਪ੍ਰੋ. ਰਣਜੀਤ ਸਿੰਘ ਬਾਜਵਾ, ਡਾ. ਰਤਨ ਲਾਲ, ਲਖਵਿੰਦਰ ਸਿੰਘ ਲੱਖਾ ਵੀ ਸ਼ਾਮਲ ਸਨ।ਪੰਜਾਬੀ ਲੋਕ ਗੀਤਾਂ ਨਾਲ ਕੈਂਪ ਦੀਆਂ ਰੌਣਕਾਂ ਵਿੱਚ ਵਾਧਾ ਹੋਇਆ। ਕੈਂਪ ਦੀ ਸਫ਼ਲਤਾ ਲਈ ਕਾਲਜ ਸਟਾਫ਼ ਵਿੱਚੋਂ ਪ੍ਰੋ. ਸੰਦੀਪ ਸਿੰਘ, ਡਾ. ਰੁਪਿੰਦਰਜੀਤ ਕੌਰ, ਪ੍ਰੋ. ਰਾਜਿੰਦਰਜੀ ਦੇਵੀ, ਪ੍ਰੋ. ਜਸਬੀਰ ਕੌਰ, ਪ੍ਰੋ. ਸੁਖਪਾਲ ਕੌਰ, ਪ੍ਰੋ. ਵੈਨੀ ਚਾਵਲਾ, ਪ੍ਰੋ. ਸੁਖਵਿੰਦਰ ਕੌਰ, ਪ੍ਰੋ. ਮਨਵਿੰਦਰ ਕੌਰ, ਪ੍ਰੋ. ਕਰਮਜੀਤ ਸਿੰਘ, ਪ੍ਰੋ. ਗਿੰਨੀ, ਸ੍ਰੀਮਤੀ ਪੂਨਮ ਰਾਣੀ, ਸ੍ਰੀਮਤੀ ਕਰਮਜੀਤ ਕੌਰ ਤੇ ਐੱਨ ਐੱਸ ਐੱਸ ਦੇ ਵਿਦਿਆਰਥੀਆਂ ਆਦਿ ਨੇ ਵੀ ਵੱਡਮੁੱਲਾ ਯੋਗਦਾਨ ਪਾਇਆ। ਪ੍ਰੋ. ਰਣਜੀਤ ਸਿੰਘ ਨੇ ਮੰਚ ਸੰਚਾਲਕ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।ਅੰਤ ਵਿੱਚ ਖ਼ੂਨਦਾਨੀਆਂ ਨੂੰ ਸਰਟੀਫਿਕੇਟ, ਮੈਡਲਾਂ ਤੇ ਸਨਮਾਨ ਚਿੰਨ੍ਹ ਨਾਲ ਸਨਮਾਨਤ ਕੀਤਾ ਗਿਆ।

## ਵਿਜ਼ਟਰ ਵੀਜ਼ਾ ਲਵਾਇਆ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ) -ਸਰਾ ਇਮੀਗ੍ਰੇਸ਼ਨ ਨੇ ਸੁਖਵੀਰ ਕੌਰ ਪਤਨੀ ਬਲਜਿੰਦਰ ਸਿੰਘ ਵਾਸੀ ਤਖਤੂਪੁਰਾ ਦਾ ਇੱਕ ਮਹੀਨੇ ਵਿੱਚ ਵੀ ਕਨੇਡਾ ਦਾ ਵਿਜ਼ਟਰ ਵੀਜ਼ਾ ਲਵਾ ਕੇ ਉਸਦਾ ਬਾਹਰ ਜਾਣ ਦਾ ਸੁਪਨਾ ਸਾਕਾਰ ਕੀਤਾ।ਸੰਸਥਾ ਦੇ ਐਮਡੀ ਹਰਸਿਮਰਨਜੀਤ ਸਿੰਘ ਸਰਾ ਨੇ ਦੱਸਿਆ ਕਿ ਵਿਦੇਸ਼ ਜਾਣ ਲਈ ਫਾਈਲਾਂ ਉਨ੍ਹਾਂ ਦੇ ਸਟਾਫ਼ ਵੱਲੋਂ ਖੁਦ ਤਿਆਰ ਕਰਕੇ ਅੰਬੈਸੀਆਂ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨਾਲ ਬਹੁਤ ਜਲਦ ਵੀਜ਼ੇ ਲੱਗ ਰਹੇ ਹਨ ਨਾਲ ਹੀ ਉਨ੍ਹਾਂ ਕਿਹਾ ਕੀ ਵਿਜ਼ਟਰ ਵੀਜ਼ੇ ਪਾਸਪੋਰਟ ਦੀ ਮਿਆਦ ਤੱਕ ਹੀ ਲੱਗ ਕੇ ਆ ਰਹੇ ਹਨ।ਸੰਸਥਾ ਦੇ ਐਮਡੀ ਨੇ ਦੱਸਿਆ ਕਿ ਜ਼ਰੂਰਤਮੰਦ ਬੱਚਿਆਂ ਨੂੰ ਮੁਫਤ ਆਈਲੈਟਸ ਵੀ ਕਰਾਈ ਜਾਂਦੀ ਹੈ।

# ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਇਨਕਲਾਬੀ ਸ਼ਰਧਾਂਜਲੀ

### ਜਨਤਕ ਵਿਸ਼ਾਲ ਲਹਿਰ ਉਸਾਰਨ ਦਾ ਦਿੱਤਾ ਸੱਦਾ



ਮੋਗਾ (ਇਕਬਾਲ ਸਿੰਘ ਖਹਿਰਾ)

ਕੌਮੀ ਮੁਕਤੀ ਲਹਿਰ ਦੇ ਮਹਾਨ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਵੱਲੋਂ ਡੀ ਸੀ ਦਫ਼ਤਰ ਮੋਗਾ ਮੂਹਰੇ ਮਨਾਇਆ ਗਿਆ।ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋਕੇ, ਕੁਲਦੀਪ ਕੌਰ ਕੁੱਸਾ, ਜੰਗੀਰ ਸਿੰਘ ਹਿੰਮਤਪੁਰਾ ਤੇ ਗੁਰਮੀਤ ਸਿੰਘ ਕਿਸ਼ਨਪੁਰਾ ਕਲਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਦੀ ਜੈ ਜੈਕਾਰ ਕੀਤੀ ਤੇ ਉਨ੍ਹਾਂ ਦੇ ਸੁਪਨਿਆਂ ਦੀ ਲੋਕ ਪੱਖੀ ਬੁਨਿਆਦੀ ਤਬਦੀਲੀ ਵਾਲਾ ਸਮਾਜ ਸਿਰਜਣ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਵਿੱਚ ਬਣਦਾ ਰੋਲ ਨਿਭਾਉਣ ਦਾ ਅਹਿਦ ਕੀਤਾ।ਦੁਨੀਆ ਭਰ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਸਮੂਹ ਕਿਰਤੀਆਂ ਦੀ ਅੰਨੀਂ ਲੁੱਟ ਕਾਇਮ ਰੱਖਣ ਲਈ ਸਥਾਨਕ ਹਕੂਮਤਾਂ ਰਾਹੀਂ ਜਬਰ ਜ਼ੁਲਮ 'ਤੇ ਉਤਾਰੂ ਹਨ।ਇਨ੍ਹਾਂ ਦਾ ਟਾਕਰਾ ਸ਼ਹੀਦਾਂ ਦੀ ਸੰਗਰਾਮੀ ਸੋਚ ਨੂੰ ਅਪਣਾ ਕੀਤਾ ਜਾ ਸਕਦਾ ਹੈ ਤੇ ਕਿਸਾਨਾਂ ਮਜ਼ਦੂਰਾਂ ਦੀ ਹਕੀਕੀ ਪੁੱਗਤ ਵਾਲਾ ਸਮਾਜ ਸਿਰਜਿਆ ਜਾ ਸਕਦਾ ਹੈ।ਆਗੂਆਂ ਨੇ ਦੋਸ਼ ਲਾਇਆ ਕਿ ਭਾਰਤ ਦੀ ਕੇਂਦਰੀ ਭਾਜਪਾ ਸਰਕਾਰ ਤੇ ਪੰਜਾਬ ਦੀ ਆਪ ਸਰਕਾਰ ਵੱਲੋਂ ਕਿਸਾਨ ਲਹਿਰ ਉੱਤੇ ਵਿੱਢਿਆ ਜਾਬਰ ਹੱਲਾ ਜ਼ਮੀਨਾਂ ਸਮੇਤ ਖੇਤੀ ਤੇ ਵਪਾਰ ਦਾ ਪੂਰਾ ਤਾਣਾ-ਬਾਣਾ ਸਾਮਰਾਜੀ ਕਾਰਪੋਰੇਟਾਂ ਹਵਾਲੇ ਕਰਨ 'ਤੇ ਜ਼ੋਰ ਲੱਗਿਆ ਹੋਇਆ ਹੈ ਅਤੇ ਇਸ ਜਾਬਰ ਹੱਲੇ ਨੂੰ ਪਛਾੜਨ ਲਈ ਸ਼ਹੀਦਾਂ ਦੇ ਮਾਰਗ 'ਤੇ ਚੱਲਣ ਦੀ ਅਣਸਰਦੀ ਲੋੜ ਹੈ।ਐੱਸ ਕੇ ਐੱਮ ਵੱਲੋਂ ਉਲੀਕੇ ਗਏ ਪ੍ਰੋਗਰਾਮ ਮੁਤਾਬਿਕ 28 ਮਾਰਚ ਦੇ ਜਬਰ ਵਿਰੋਧੀ ਦਿਹਾੜੇ ਵਿੱਚ ਭਰਵੀਂ ਸ਼ਮੂਲੀਅਤ ਦੀ ਤਿਆਰੀ ਵਾਸਤੇ 24 ਮਾਰਚ ਨੂੰ ਕੀਤੀਆਂ ਜਾ ਰਹੀਆਂ ਸਰਵਸਾਂਝੀਆਂ ਮੀਟਿੰਗਾਂ ਵਿੱਚ ਸਮੂਹ ਕਿਸਾਨ, ਮਜ਼ਦੂਰ, ਵਪਾਰੀ, ਮੁਲਾਜ਼ਮ ਤੇ ਹੋਰ ਕਿਰਤੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਵਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ।ਸਟੇਜ ਸਕੱਤਰ ਦੀ ਜ਼ਿੰਮੇਵਾਰੀ ਇਕਬਾਲ ਸਿੰਘ ਸਿੰਘਾਂਵਾਲਾ ਨੇ ਨਿਭਾਈ।ਇਸ ਤੋਂ ਇਲਾਵਾ ਗੁਰਦਾਸ ਸਿੰਘ ਸੇਖਾ, ਸੁਖਵਿੰਦਰ ਸਿੰਘ ਕਾਲਾ, ਬੂਟਾ ਸਿੰਘ ਭਾਗੀਕੇ, ਗੁਰਮੁੱਖ ਸਿੰਘ ਹਿੰਮਤਪੁਰਾ, ਕਰਮਜੀਤ ਕੌਰ ਹਿੰਮਤਪੁਰਾ, ਲਖਵੀਰ ਸਿੰਘ ਚੜਿੱਕ, ਪੱਪੂ ਦੌਧਰ, ਜਗਜੀਤ ਸਿੰਘ ਕੋਕਰੀ ਕਲਾਂ, ਜਸਵਿੰਦਰ ਸਿੰਘ ਘੱਲ ਕਲਾਂ, ਗੁਰਦੇਵ ਸਿੰਘ ਵਰ੍ਹੇ, ਗੁਰਮੇਲ ਕੌਰ ਕਿਸ਼ਨਪੁਰਾ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਮੇਜਰ ਸਿੰਘ ਕਾਲੇਕੇ ਨੇ ਸੰਬੋਧਨ ਕੀਤਾ।ਇਸ ਸਮੇਂ ਪਿੰਡਾਂ ਦੇ ਪ੍ਰਧਾਨ ਸਕੱਤਰ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਤੇ ਔਰਤਾਂ ਹਾਜ਼ਰ ਸਨ।

## ਮੇਅਰ ਤੇ ਕਮਿਸ਼ਨਰ ਵੱਲੋਂ 31 ਤੋਂ ਪਹਿਲਾਂ-ਪਹਿਲਾਂ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਦੀ ਅਪੀਲ

ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਤੇ ਕਮਿਸ਼ਨਰ ਪਰਮਵੀਰ ਸਿੰਘ ਨੇ ਪਟਿਆਲਾ ਸ਼ਹਿਰ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ 31 ਮਾਰਚ ਤੋਂ ਪਹਿਲਾਂ-ਪਹਿਲਾਂ ਆਪਣਾ ਪ੍ਰਾਪਰਟੀ ਟੈਕਸ ਨਗਰ ਨਿਗਮ ਪਟਿਆਲਾ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਦੇਣ।ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਰਿਕਾਰਡ ਅਨੁਸਾਰ ਅਜਿਹੀਆਂ ਬਹੁਤ ਸਾਰੀਆਂ ਵਪਾਰਕ ਪ੍ਰੋਪਰਟੀਆਂ ਹਨ, ਜਿਨ੍ਹਾਂ ਨੇ ਪਿਛਲੇ 11 ਸਾਲਾਂ ਦੌਰਾਨ, ਜਦੋਂ ਤੋਂ ਪ੍ਰਾਪਰਟੀ ਟੈਕਸ ਸ਼ੁਰੂ ਹੋਇਆ ਹੈ, ਤੋਂ ਹੁਣ ਤੱਕ ਆਪਣਾ ਪ੍ਰਾਪਰਟੀ ਟੈਕਸ ਨਹੀਂ ਭਰਵਾਇਆ ਗਿਆ ਹੈ।

ਇਸ ਲਈ ਉਹ ਅਜਿਹੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਉਹ ਆਪਣਾ ਬਣਦਾ ਪ੍ਰਾਪਰਟੀ ਟੈਕਸ 31 ਮਾਰਚ ਤੱਕ ਹਰ ਹਾਲਤ ਵਿੱਚ ਜਮ੍ਹਾਂ ਕਰਵਾ ਦੇਣ।ਕਮਿਸ਼ਨਰ ਪਰਮਵੀਰ ਸਿੰਘ ਨੇ ਦੱਸਿਆ ਕਿ ਨਗਰ ਨਿਗਮ ਵੱਲੋਂ ਅਗਲੇ ਹਫ਼ਤੇ ਤੋਂ ਪ੍ਰਾਪਰਟੀ ਟੈਕਸ ਡਿਫਾਲਟਰਾਂ ਵਿਰੁੱਧ ਸਖ਼ਤ ਰੁਖ਼ ਅਖ਼ਤਿਆਰ ਕਰਦੇ ਹੋਏ ਉਨ੍ਹਾਂ ਦੀਆਂ ਦੁਕਾਨਾਂ ਨੂੰ ਸੀਲ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ, ਇਸ ਲਈ ਲੋਕ ਆਪਣਾ ਬਕਾਇਆ ਪ੍ਰਾਪਰਟੀ ਟੈਕਸ ਜ਼ਰੂਰ ਜਮ੍ਹਾਂ ਕਰਵਾਉਣ।

## ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਦਾ ਨਤੀਜਾ ਸ਼ਾਨਦਾਰ




ਬਾਘਾ ਪੁਰਾਣਾ (ਮਨੀ ਸਿੰਗਲਾ)-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਨਰਸਰੀ ਤੋਂ ਅੱਠਵੀਂ, ਨੌਵੀਂ ਤੇ 11ਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ ਹੈ ਤੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਨਤੀਜਾ ਸ਼ਾਨਦਾਰ ਰਿਹਾ। ਇਸ ਸ਼ਾਨਦਾਰ ਪ੍ਰਾਪਤੀ ਲਈ ਪ੍ਰਿੰਸੀਪਲ ਮੈਡਮ ਜੀਨਮ ਗਰਗ ਤੇ ਸਰ ਮਨੋਜ ਕੁਮਾਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਇਸ ਸਮੇਂ ਮਨੋਜ ਕੁਮਾਰ ਨੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਬੱਚੇ ਹਰ ਸਾਲ ਬਹੁਤ ਵਧੀਆ ਅੰਕ ਪ੍ਰਾਪਤ ਕਰਦੇ ਹਨ।ਇਸ ਦਾ ਕਾਰਨ ਬੱਚਿਆਂ ਨੂੰ ਸਮੇਂ-ਸਮੇਂ ਅੱਤ ਆਧੁਨਿਕ ਤਕਨੀਕਾਂ ਦੁਆਰਾ ਸਿੱਖਿਆ ਦਿੱਤੀ ਜਾਂਦੀ ਹੈ, ਬੱਚਿਆਂ ਨੂੰ ਸਮਾਰਟ ਪੈਨਲਾਂ ਤੇ ਐਕਟੀਵਿਟੀ ਦੁਆਰਾ ਪੜ੍ਹਾਇਆ ਜਾਂਦਾ ਹੈ, ਜਿਸ ਨਾਲ ਬੱਚਿਆਂ ਦੀ ਸਮਝ ਹੋਰ ਮਜ਼ਬੂਤ ਹੁੰਦੀ ਹੈ।ਉਨ੍ਹਾ ਵਿਦਿਆਰਥੀਆਂ ਨੂੰ ਮੋਬਾਇਲ ਦੀ ਵਰਤੋਂ ਘਟਾ ਕੇ ਖੇਡਾਂ ਵਿੱਚ ਦਿਲਚਸਪੀ ਲੈਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀ ਨੂੰ ਤੰਦਰੁਸਤ ਸਰੀਰ ਤੇ ਤੇਜ਼ ਦਿਮਾਗ ਪ੍ਰਦਾਨ ਕਰਦੀਆਂ ਹਨ।ਇਸ ਲਈ ਹਰੇਕ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਜ਼ਰੂਰ ਭਾਗ ਲੈਣਾ ਚਾਹੀਦਾ ਹੈ।ਲਾਰੈਂਸ ਸਕੂਲ ਵਿੱਚ ਕ੍ਰਿਕਟ ਦਾ ਮੈਦਾਨ ਬਣਾਇਆ ਗਿਆ ਹੈ ਅਤੇ ਹੋਰ ਵੀ ਖੇਡਾਂ ਜਿਵੇਂ ਕਿ ਕਬੱਡੀ ਫੁੱਟਬਾਲ ਖੋ-ਖੋ ਆਦਿ ਖੇਡਾਂ ਨੈਸ਼ਨਲ ਲੈਵਲ ਤੱਕ ਕਰਵਾਈਆਂ ਜਾਂਦੀਆਂ ਹਨ।ਇਸ ਤੋਂ ਇਲਾਵਾ ਅਧਿਆਪਕਾਂ ਨੂੰ ਵੀ ਸਮੇਂ ਦੀ ਸਿੱਖਿਆ ਦੇ ਹਾਣੀ ਬਣਾਉਣ ਲਈ ਟ੍ਰੇਨਿੰਗਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।ਉਨ੍ਹਾ ਬੱਚਿਆਂ ਨੂੰ ਵਧਾਈ ਦਿੰਦਿਆਂ ਅੱਗੇ ਤੋਂ ਹੋਰ ਮਿਹਨਤ ਕਰਨ ਦੀ ਪ੍ਰੇਰਣਾ ਦਿੱਤੀ।

## ਕਾਂਗਰਸ ਆਗੂ ਜੋਸਨ ਵੱਲੋਂ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ)-ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਤੇ ਸਾਬਕਾ ਜੰਗਲਾਤ ਮੰਤਰੀ ਹੰਸ ਰਾਜ ਜੋਸਨ ਅਤੇ ਹੋਰ ਕਾਂਗਰਸੀ ਨੇਤਾਵਾਂ ਵੱਲੋਂ 23 ਮਾਰਚ ਦੇ ਮਹਾਨ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ ਮੌਕੇ ਜਲਾਲਾਬਾਦ ਵਿਖੇ ਸ਼ਹੀਦ ਭਗਤ ਸਿੰਘ ਦੀ ਪ੍ਰਤਿਮਾ ਨੂੰ ਫੁੱਲਾਂ ਦੀ ਮਾਲਾ ਪਹਿਨਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸ੍ਰੀ ਜੋਸਨ ਨੇ ਕਿਹਾ ਕਿ ਮਹਾਨ ਸ਼ਹੀਦਾਂ ਵੱਲੋਂ ਦਿੱਤੀਆਂ ਸ਼ਹਾਦਤਾਂ ਦੀ ਬਦੌਲਤ ਹੀ ਸਾਡਾ ਦੇਸ਼ ਅਜ਼ਾਦ ਹੋਇਆ ਹੈ, ਇਸ ਲਈ ਸਾਨੂੰ ਮਹਾਨ ਸ਼ਹੀਦਾਂ ਦੀ ਵਿਚਾਰਧਾਰਾ 'ਤੇ ਚੱਲਣ ਦੀ ਲੋੜ ਹੈ। ਇਸ ਮੌਕੇ ਕਾਂਗਰਸ ਕਮੇਟੀ ਬਲਾਕ ਜਲਾਲਾਬਾਦ ਸ਼ਹਿਰੀ ਪ੍ਰਧਾਨ ਬੰਟੀ ਵਾਟਸ, ਸੁਭਾਸ਼ ਚੰਦਰ ਚੇਅਰਮੈਨ, ਧਰਮ ਸਿੱਧੂ, ਨੀਲਾ ਮਦਾਨ, ਯੂਥ ਪ੍ਰਧਾਨ ਪ੍ਰੇਮ ਕੰਬੋਜ, ਹਰਪ੍ਰੀਤ ਰੋਜ਼ੀ, ਜਗਣ ਨਾਥ, ਸੁਰੈਣ ਸਿੰਘ, ਅਮਨ ਕੱਕੜ ਆਦਿ ਹਾਜ਼ਰ ਸਨ।

# ਨਾਟ ਕਲਾ ਨੂੰ ਸਮਝਣਾ ਸਮੇਂ ਦੀ ਮੁੱਖ ਲੋੜ : ਇਕੱਤਰ ਸਿੰਘ

### ਜਲਾਲਆਣਾ ਤੇ ਚੋਰਮਾਰ 'ਚ ਨਾਟਕਾਂ ਨੇ ਕੀਲੇ ਦਰਸ਼ਕ



ਤਰਕਸ਼ੀਲ ਮੇਲੇ ਦੌਰਾਨ ਖੇਡੇ ਜਾ ਰਹੇ ਨਾਟਕ ਦਾ ਇੱਕ ਦ੍ਰਿਸ਼।

ਸਿਰਸਾ (ਸੁਰਿੰਦਰ ਪਾਲ ਸਿੰਘ)-ਅਮਰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਤ ਤਰਕਸ਼ੀਲ ਨਾਟਕ ਮੇਲਾ ਪਿੰਡ ਜਲਾਲਆਣਾ ਵਿਖੇ ਦਿਨ ਨੂੰ ਅਤੇ ਪਿੰਡ ਚੋਰਮਾਰ ਵਿਖੇ ਰਾਤ ਸਮੇਂ ਕਰਵਾਇਆ ਗਿਆ। ਪਿੰਡ ਜਲਾਲਆਣਾ ਵਿਖੇ ਮੇਲੇ ਦੀ ਪ੍ਰਧਾਨਗੀ ਸਰਪੰਚ ਅੰਗਰੇਜ਼ ਸਿੰਘ ਤੇ ਸਕੂਲ ਪ੍ਰਿੰਸੀਪਲ ਸੁਭਾਸ਼ ਚੰਦਰ ਨੇ ਕੀਤੀ ਅਤੇ ਮੁੱਖ ਮਹਿਮਾਨ ਸਮਾਜ-ਸੇਵੀ ਵਿਨੋਦ ਮਿੱਤਲ ਤੇ ਬਲਾਕ ਸਿੱਖਿਆ ਅਧਿਕਾਰੀ ਵਿਨੋਦ ਸ਼ਿਓਰਾਣ ਸਨ। ਇਨ੍ਹਾਂ ਦੋਵਾਂ ਪਿੰਡਾਂ ਦੇ ਮੇਲਿਆਂ ਵਿੱਚ ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀ ਟੀਮ ਦੇ ਨਿਰਦੇਸ਼ਕ ਇੱਕਤਰ ਸਿੰਘ ਤੇ ਉਨ੍ਹਾਂ ਦੇ ਸਹਿ-ਕਲਾਕਾਰਾਂ ਵੱਲੋਂ ਨਾਟਕ ਇਹ ਲਹੂ ਕਿਸਦਾ ਹੈ ਤੇ ਠੱਗੀ ਤੋਂ ਬਿਨਾਂ ਦੇਸ਼ ਭਗਤੀ ਦੀਆਂ ਕੋਰੀਓਗ੍ਰਾਫੀ ਰਾਹੀਂ ਸ਼ਹੀਦਾਂ ਦੇ ਵਿਚਾਰ ਤੇ ਸੰਘਰਸ਼ ਨੂੰ ਜੀਵੰਤ ਕੀਤਾ ਗਿਆ।ਇਸ ਮੌਕੇ ਬੋਲਦੇ ਹੋਏ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਰਾਜਿੰਦਰ ਭਦੌੜ ਨੇ ਅੰਧਵਿਸ਼ਵਾਸਾਂ ਖਿਲਾਫ਼ ਵਿਗਿਆਨਕ ਨਜ਼ਰੀਏ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਤਰਕਸ਼ੀਲ ਸੋਚ ਅਪਣਾਉਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਵਹਿਮਾਂ, ਭਰਮਾਂ ਤੇ ਗੈਰ-ਵਿਗਿਆਨਕ ਵਰਤਾਰਿਆਂ ਖਿਲਾਫ ਤਰਕਸ਼ੀਲ ਸੁਸਾਇਟੀ ਨੇ ਪਿਛਲੇ 40 ਸਾਲਾਂ ਤੋਂ ਬਿਹਤਰੀਨ ਮੁਹਿੰਮ ਵਿੱਢੀ ਹੋਈ ਹੈ।ਰਾਜਪਾਲ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਬਰਾਬਰੀ-ਅਧਾਰਤ ਸਮਾਜ ਦੀ ਸਥਾਪਨਾ ਲਈ ਲੜੇ ਤੇ ਕੁਰਬਾਨ ਹੋਏ। ਤਰਕਸ਼ੀਲ ਜਾਦੂਗਰ ਸੁਖਦੇਵ ਮਲੂਕਪੁਰੀ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਅਖੌਤੀ ਚਮਤਕਾਰਾਂ ਦਾ ਪਰਦਾਫਾਸ਼ ਕਰਦੇ ਹੋਏ ਇਹ ਸਾਬਿਤ ਕੀਤਾ ਗਿਆ ਕਿ ਕਿਸੇ ਵੀ ਵਿਅਕਤੀ ਕੋਲ ਦੈਵੀ ਜਾਦੂਈ ਤਾਕਤਾਂ ਨਹੀਂ ਹੁੰਦੀਆਂ।ਕਾਲਾਕਰ ਅਧਿਆਪਕ ਕੁਲਦੀਪ ਸਿੰਘ ਸਿਰਸਾ ਨੇ ਆਪਣੀ ਡੱਫ਼ਲੀ ਸਮੇਤ ਜਨਪੱਖੀ ਗੀਤਾਂ ਨਾਲ ਲੋਕਾਂ ਨੂੰ ਸਮਾਜਕ ਹਕੀਕਤਾਂ ਦੇ ਰੂਬਰੂ ਕਰਵਾਇਆ।ਇਸ ਵਿਗਿਆਨਕ ਮੇਲੇ ਦੇ ਮੁੱਖ ਪ੍ਰਬੰਧਕ ਮਾ:ਅਜਾਇਬ ਜਲਾਲਆਣਾ, ਮਾ: ਸਮਸ਼ੇਰ ਚੋਰਮਾਰ ਤੇ ਜਗਦੀਸ਼ ਸਿੰਘਪੁਰਾ ਦਾ ਕਹਿਣਾ ਸੀ ਕਿ ਮੇਲੇ ਦੌਰਾਨ ਅਗਾਂਹਵਧੂ ਪੁਸਤਕ ਪ੍ਰਦਰਸ਼ਨੀ ਪ੍ਰਭਾਵਸ਼ਾਲੀ ਰਹੀ। ਸਮਾਗਮ ਦੇ ਅੰਤ ਵਿੱਚ ਦੋਹਾਂ ਪਿੰਡਾਂ ਵਿੱਚ ਨਾਟਕ ਟੀਮਾਂ ਤੇ ਪੱਤਵੰਤਿਆਂ ਨੂੰ ਸਨਮਾਨਤ ਕੀਤਾ ਗਿਆ। ਇਨ੍ਹਾਂ ਦੋਵਾਂ ਪਿੰਡਾਂ ਦੇ ਵਿਗਿਆਨਕ ਸਮਾਗਮਾਂ ਵਿੱਚ ਸਾਬਕਾ ਵਿਧਾਇਕ ਬਲਕੌਰ ਸਿੰਘ, ਗੁਰਦੁਆਰਾ ਚੋਰਮਮਾਰ ਦੇ ਮੁੱਖ ਸੇਵਾਦਾਰ ਬਾਬਾ ਗੁਰਪਾਲ ਸਿੰਘ, ਡਾ: ਕੇ. ਵੀ. ਸਿੰਘ, ਕੁਲਦੀਪ ਸਿੰਘ ਗੁਦਰਾਣਾ, ਭਾਈ ਕਨ੍ਹੱਈਆ ਆਸ਼ਰਮ ਦੇ ਗੁਰਵਿੰਦਰ ਸਿੰਘ, ਡਾ: ਬਲਬੀਰ ਸਿੰਘ, ਡਾ: ਸਿਕੰਦਰ ਸਿੰਘ ਸਿੱਧੂ, ਮੈਡਮ ਮਨਜੀਤ ਕੌਰ ਜਲਾਲਆਣਾ, ਕਰਨੈਲ ਸਿੰਘ ਔਢਾਂ, ਮਾ: ਗੁਰਤੇਜ ਸਿੰਘ ਸੁਖਚੈਨ, ਅਧਿਆਪਕ ਸੰਘ ਦੇ ਜ਼ਿਲ੍ਹਾ ਪ੍ਰਧਾਨ ਵੀਰ ਸਿੰਘ ਤੇ ਬੂਟਾ ਸਿੰਘ, ਸਰਵ ਕਰਮਚਾਰੀ ਸੰਘ ਦੇ ਸੋਹਣ ਸਿੰਘ ਰੰਧਾਵਾ, ਕਾਮਰੇਡ ਰਾਜ ਕੁਮਾਰ ਸ਼ੇਖੂਪੁਰੀਆ, ਕੁਲਦੀਪ ਜਲਾਲਆਣਾ, ਹਰਦੇਵ ਅਗਰੋਈਆ, ਪਿੰਡ ਚੋਰਮਾਰ ਦੇ ਸਰਪੰਚ ਜਤਿੰਦਰ ਸਿੰਘ ਤੇ ਮਾ: ਸੁਰਿੰਦਰ ਪਾਲ ਸਿੰਘ ਤੋਂ ਬਿਨਾਂ ਖੇਤਰ ਦੇ ਸਕੂਲਾਂ ਦੇ ਵਿਦਿਆਰਥੀਆਂ ਸਮੇਤ ਪਿੰਡ ਜਲਾਲਾਨਾ ਤੇ ਚੋਰਮਾਰ ਦੀਆਂ ਮਾਤਵਾਂ, ਭੈਣਾਂ ਤੇ ਨੌਜਵਾਨ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

# ਡਾ. ਬਲਜੀਤ ਕੌਰ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਸੁਮਨ ਭੇਟ

### ਸ਼ਹੀਦ ਭਗਤ ਸਿੰਘ ਦੇ ਨਾਂਅ 'ਤੇ ਬਣੇ ਪਾਰਕ ਦਾ ਕੀਤਾ ਉਦਘਾਟਨ



ਮੁਕਤਸਰ/ਮਲੋਟ/ਗਿੱਦੜਬਾਹਾ (ਸ਼ਮਿੰਦਰਪਾਲ, ਪੂਜਾ/ਗੁਰਮੀਤ ਸਿੰਘ ਮੱਕੜ, ਓਮ ਪ੍ਰਕਾਸ਼/ਜਸਵੰਤ ਗਿੱਲ)

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਸਥਾਨਕ ਸ੍ਰੀ ਮੁਕਤਸਰ ਸਾਹਿਬ ਚੌਕ ਵਿੱਚ ਲੱਗੇ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਸ਼ਰਧਾ ਸੁਮਨ ਭੇਟ ਕੀਤੇ। ਇਸ ਤੋਂ ਬਾਅਦ ਉਨ੍ਹਾਂ ਨੇ ਇਸ ਦੇ ਨਜ਼ਦੀਕ ਹੀ ਨਵੇਂ ਬਣੇ ਸ਼ਹੀਦ ਭਗਤ ਸਿੰਘ ਪਾਰਕ ਦਾ ਉਦਘਾਟਨ ਕੀਤਾ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸ਼ਹੀਦ ਭਗਤ ਸਿੰਘ ਦੀ ਜਨਮ ਸਥਲੀ ਖਟਕੜ ਕਲਾਂ ਤੋਂ ਸਹੁੰ ਚੁੱਕ ਕੇ ਤਿੰਨ ਸਾਲ ਪਹਿਲਾਂ ਸ਼ਹੀਦਾਂ ਦੇ ਸੁਪਨਿਆਂ ਦਾ ਪੰਜਾਬ ਬਣਾਉਣ ਦਾ ਬੀੜਾ ਚੁੱਕਿਆ ਸੀ ਤੇ ਪੰਜਾਬ ਸਰਕਾਰ ਇਸੇ ਸੋਚ ਨਾਲ ਸੂਬੇ ਦਾ ਸਰਬਪੱਖੀ ਵਿਕਾਸ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਅਸੀਂ ਬੁਨਿਆਦੀ ਢਾਂਚੇ ਦਾ ਵਿਕਾਸ ਕਰ ਰਹੇ ਹਾਂ, ਦੂਜੇ ਪਾਸੇ ਅਸੀਂ ਸਮਾਜਿਕ ਤੇ ਆਰਥਿਕ ਤਰੱਕੀ ਲਈ ਵੀ ਉਪਰਾਲੇ ਕਰ ਰਹੇ ਹਾਂ। ਉਨ੍ਹਾਂ ਆਖਿਆ ਕਿ ਜਦ ਸਾਡੇ ਬੱਚਿਆਂ ਨੂੰ ਮਿਆਰੀ ਤੇ ਵਿਸ਼ਵ ਪੱਧਰੀ ਸਿੱਖਿਆ ਮਿਲੇਗੀ ਤਾਂ ਹੀ ਇਹ ਬੱਚੇ ਭਵਿੱਖ ਦੇ ਸਫਲ ਨਾਗਰਿਕ ਬਣ ਕੇ ਪੰਜਾਬ ਦਾ ਨਾਂ ਦੁਨੀਆ ਭਰ ਵਿੱਚ ਰੋਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਅੱਜ ਦੇ ਯੁਗ ਵਿੱਚ ਸਿੱਖਿਆ ਹੀ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਤੇ ਹਰੇਕ ਬੱਚੇ ਨੂੰ ਇਹ ਮਿਆਰੀ ਸਿੱਖਿਆ ਮਿਲੇ, ਇਸ ਲਈ ਪੰਜਾਬ ਸਰਕਾਰ ਵੱਲੋਂ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਡਾ. ਬਲਜੀਤ ਕੌਰ ਨੇ ਕਿਹਾ ਕਿ ਸਾਡੇ ਸ਼ਹੀਦਾਂ ਨੇ ਬਰਾਬਰੀ ਦੇ ਸਮਾਜ ਦੀ ਕਲਪਨਾ ਕੀਤੀ ਸੀ, ਇਸ ਲਈ ਉਨ੍ਹਾਂ ਦੇ ਵਿਭਾਗ ਵੱਲੋਂ ਵਿਸ਼ੇਸ਼ ਤੌਰ 'ਤੇ ਸਮਾਜ ਦੇ ਪਿੱਛੜੇ ਵਰਗਾਂ ਦੀ ਤਰੱਕੀ ਲਈ ਲਗਾਤਾਰ ਉਪਰਾਲੇ ਜਾਰੀ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਿਭਾਗ ਵੱਲੋਂ ਜਿੱਥੇ ਵੱਖ ਵੱਖ ਪੈਨਸ਼ਨਾਂ ਦਿੱਤੀਆਂ ਜਾ ਰਹੀਆਂ ਹਨ, ਉੱਥੇ ਹੀ ਵਜ਼ੀਫਿਆਂ ਰਾਹੀਂ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਮਦਦ ਕੀਤੀ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹੀਦ ਭਗਤ ਸਿੰਘ ਦੇ ਦੱਸੇ ਆਦਰਸ਼ ਅਨੁਸਾਰ ਕੰਮ ਕਰ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਕਸੀਅਨ ਦਲਜੀਤ ਸਿੰਘ, ਮਨਜਿੰਦਰ ਸਿੰਘ ਕਾਕਾ ਉੜਾਂਗ, ਅਰਸ਼ਦੀਪ ਸਿੰਘ ਪੀ.ਏ, ਛਿੰਦਰਪਾਲ ਸਿੰਘ ਪੀ.ਏ, ਦਫ਼ਤਰ ਇੰਚਾਰਜ ਪਰਮਜੀਤ ਗਿੱਲ, ਗਗਨਦੀਪ ਸਿੰਘ ਔਲਖ, ਲਵ ਬੱਤਰਾ, ਸਤਿਗੁਰੂ ਦੇਵ ਰਾਜ ਪੱਪੀ, ਰਾਜੀਵ ਬੱਬੂ ਉੱਪਲ, ਸੱਤਪਾਲ ਗਿਰਧਰ, ਹਰਪ੍ਰੀਤ ਸਿੰਘ, ਵਿਕਰਾਂਤ ਖੁਰਾਣਾ, ਰਾਜ ਔਲਖ, ਛਿੰਦਰਪਾਲ, ਲਾਲੀ ਗਗਨੇਜਾ, ਨਿਰਮਲ ਸਿੰਘ, ਕਾਰਜ ਸਾਧਕ ਅਫ਼ਸਰ ਮੰਗਤ ਕੁਮਾਰ, ਰਮੇਸ਼ ਅਰਨੀਵਾਲਾ, ਸੁਕੇਸ਼ ਗੋਇਲ, ਜੋਨੀ ਗਰਗ ਹਾਜ਼ਰ ਸਨ।

## ਪਸ਼ੂ ਪਾਲਣ ਮੇਲੇ ਆਧੁਨਿਕ ਤਕਨੀਕਾਂ ਤੋਂ ਜਾਣੂ ਕਰਵਾਉਂਦੇ ਹਨ : ਬਰਸਟ



ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਸ੍ਰ. ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਵੱਲੋਂ ਗੁਰੂ ਅੰਗਦ ਦੇਵ ਵੈਟਰਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ ਕਰਵਾਏ ਪਸ਼ੂ ਪਾਲਣ ਮੇਲੇ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ।ਇਸ ਦੌਰਾਨ ਸ੍ਰ. ਬਰਸਟ ਵੱਲੋਂ ਮੇਲੇ ਵਿੱਚ ਲੱਗੀਆਂ ਪ੍ਰਦਰਸ਼ਨੀਆਂ ਦਾ ਦੌਰਾ ਕੀਤਾ ਗਿਆ ਤੇ ਪਸ਼ੂਆਂ ਦੀ ਦੇਖਭਾਲ ਤੇ ਪਸ਼ੂ ਪਾਲਣ ਦੇ ਖਿੱਤੇ ਵਿੱਚ ਆਈ ਨਵੀਂ ਤਕਨੀਕਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ।ਬਰਸਟ ਨੇ ਇਸ ਪਸ਼ੂ ਪਾਲਣ ਮੇਲੇ ਦੇ ਆਯੋਜਨ ਦੀ ਸਾਰਿਆਂ ਨੂੰ ਵਧਾਈਆਂ ਦਿੱਤੀ।ਉਨ੍ਹਾ ਕਿਹਾ ਕਿ ਇਸ ਮੇਲੇ ਵਿੱਚ ਆ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਹੈ, ਕਿਉਂਕਿ ਇਨ੍ਹਾਂ ਮੇਲਿਆਂ ਰਾਹੀਂ ਕਿਸਾਨਾਂ ਲਈ ਸਵੈ ਰੁਜ਼ਗਾਰ ਪੈਦਾ ਕਰਨ ਵਾਸਤੇ ਨਵੀਆਂ ਤਕਨੀਕਾਂ ਬਾਰੇ ਚੰਗੀ ਜਾਣਕਾਰੀ ਮਿਲਦੀ ਹੈ, ਜੋ ਬਹੁਤ ਵੱਡੀ ਗੱਲ ਹੈ।ਉਨ੍ਹਾਂ ਕਿਹਾ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ।ਇੱਥੇ ਦੇ ਲੋਕ ਪਸ਼ੂ ਪਾਲਣ, ਪਸ਼ੂਆਂ ਦੀ ਦੇਖਭਾਲ ਤੇ ਬੀਮਾਰੀ ਬਾਰੇ ਬਹੁਤ ਜਾਣੂ ਹਨ, ਪ੍ਰੰਤੂ ਜਿਵੇਂ-ਜਿਵੇਂ ਵਿਗਿਆਨ ਤਰੱਕੀ ਕਰ ਰਿਹਾ ਹੈ, ਇਸ ਲਈ ਇਨ੍ਹਾਂ ਮੇਲਿਆਂ ਰਾਹੀਂ ਸਾਨੂੰ ਹਰ ਪੱਖ ਨੂੰ ਬਰੀਕੀ ਨਾਲ ਸਮਝਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮੇਲਿਆਂ ਦੇ ਆਯੋਜਨ ਨਾਲ ਸਾਰਿਆਂ ਨੂੰ ਆਧੁਨਿਕ ਤਕਨੀਕਾਂ ਨਾਲ ਜੁੜਨ ਬਾਰੇ ਬਹੁਤ ਹੀ ਲਾਹੇਵੰਦ ਜਾਣਕਾਰੀ ਪ੍ਰਾਪਤ ਹੁੰਦੀ ਹੈ।ਉਨ੍ਹਾਂ ਆਸ ਜਤਾਈ ਕਿ ਮੇਲੇ ਵਿੱਚ ਸ਼ਾਮਲ ਕਿਸਾਨ ਭਾਈਚਾਰਾ ਤੇ ਹੋਰ ਲੋਕ ਇਸ ਮੇਲੇ ਰਾਹੀਂ ਸਿੱਖਿਆ ਲੈ ਕੇ ਆਪਣੇ ਕਾਰੋਬਾਰ ਨੂੰ ਅੱਗੇ ਵਧਾਉਣਗੇ ਤੇ ਪੰਜਾਬ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣਗੇ।ਇਸ ਦੌਰਾਨ ਸ੍ਰ. ਹਰਚੰਦ ਸਿੰਘ ਬਰਸਟ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ




ਲੁਧਿਆਣਾ (ਭਾਟੀਆ, ਸਿੰਗਲਾ)

ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਲੁਧਿਆਣੇ ਦੀਆਂ ਜਨਤਕ ਜਮਹੂਰੀ ਜੱਥੇਬੰਦੀਆਂ ਅਧਿਕਾਰ ਸਭਾ ਪੰਜਾਬ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ, ਤਰਕਸ਼ੀਲ ਸੁਸਾਇਟੀ ਪੰਜਾਬ ਤੇ ਮਹਾਂ ਸਭਾ ਲੁਧਿਆਣਾ ਦੇ ਕਾਰਕੁਨਾਂ ਵੱਲੋਂ ਸ਼ਹੀਦਾਂ ਦੇ ਬੁੱਤਾਂ ਨੂੰ ਹਾਰ ਪਹਿਨਾਉਣ ਉਪਰੰਤ ਉਨ੍ਹਾਂ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਲਈ ਵਿਚਾਰ ਗੋਸ਼ਟੀ ਰਾਹੀਂ ਸ਼ਰਧਾਂਜਲੀ ਭੇਟ ਕੀਤੀ ਗਈ।ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਉਨ੍ਹਾਂ ਦੇ ਇਨਕਲਾਬੀ ਕੰਮਾਂ ਦੇ ਤੱਤ ਰੂਪ ਵਿੱਚ ਨਿਭਾਏ ਰੋਲ ਦੇ ਹਵਾਲਿਆਂ ਰਾਹੀਂ ਯਾਦ ਕਰਦਿਆਂ ਅੱਜ ਦੇ ਸਮੇਂ ਦੀਆਂ ਸਮਾਜਿਕ ਹਾਲਤਾਂ ਨੂੰ ਸਮਝਣ 'ਤੇ ਜ਼ੋਰ ਦਿੱਤਾ।ਵਿਚਾਰ ਗੋਸ਼ਟੀ ਵਿੱਚ ਭਾਗ ਲੈਣ ਵਾਲੇ ਸਾਰੇ ਕਾਰਕੁਨਾਂ ਨੇ ਭਗਤ ਸਿੰਘ ਦੀਆਂ ਲਿਖਤਾਂ ਤੇ ਉਨ੍ਹਾਂ ਦੇ ਸਮਕਾਲੀ ਦੋਸਤਾਂ ਵੱਲੋਂ ਪ੍ਰਗਟਾਏ ਲਿਖਤੀ ਤੱਥਾਂ ਨੂੰ ਜਾਨਣ 'ਤੇ ਵਧੇਰੇ ਜ਼ੋਰ ਦਿੱਤਾ।ਚਰਚਾ ਦੌਰਾਨ ਇੱਕ ਗੱਲ ਸਪੱਸ਼ਟ ਹੋਈ ਕਿ ਸ਼ਹੀਦਾਂ ਦੇ ਨਾਂ 'ਤੇ ਸਿਰਫ ਇਨਕਲਾਬ-ਜ਼ਿੰਦਾਬਾਦ ਕਹਿਣਾ ਹੀ ਕਾਫੀ ਨਹੀਂ ਸਗੋਂ ਸਾਮਰਾਜਵਾਦ-ਮੁਰਦਾਬਾਦ ਕਹਿਣਾ ਵੀ ਜ਼ਰੂਰੀ ਹੈ, ਜਿਸ ਨੇ ਅੱਜ ਵੀ ਭਾਰਤੀ ਹਾਕਮਾਂ ਨਾਲ ਮਿਲ ਕੇ ਸਾਡੇ ਦੇਸ਼ ਦੀ ਲੁੱਟ ਕਰਨ ਦਾ ਸਿਲਸਿਲਾ ਪਹਿਲਾਂ ਤੋਂ ਵੀ ਵੱਧ ਜਾਰੀ ਰੱਖਿਆ ਹੋਇਆ ਹੈ।ਮੰਨੂੰ ਸਿਮਰਤੀ ਤੇ ਪਿਛਾਖੜੀ ਵਿਚਾਰਧਾਰਾ ਲਾਗੂ ਕਰਨ ਦੇ ਸਰਕਾਰੀ ਮਨਸੂਬਿਆਂ ਖਿਲਾਫ ਲੋਕਾਂ ਨੂੰ ਸਿੱਖਿਅਤ ਕਰਨ ਦੇ ਪ੍ਰੋਗਰਾਮ ਵੱਧ ਤੋਂ ਵੱਧ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਗਿਆ।

ਗੋਸ਼ਟੀ ਵਿੱਚ ਭਾਗ ਲੈਣ ਵਾਲਿਆਂ ਵਿੱਚ ਮਾ. ਜਰਨੈਲ ਸਿੰਘ, ਡਾ. ਹਰਬੰਸ ਦਰੇਵਾਲ, ਪ੍ਰਤਾਪ ਸਿੰਘ, ਜਗਜੀਤ ਸਿੰਘ, ਰਾਕੇਸ਼ ਆਜ਼ਾਦ, ਅਰੁਣ ਕੁਮਾਰ, ਜਸਵੰਤ ਜ਼ੀਰਖ, ਸੁਬੇਗ ਸਿੰਘ, ਕਸਤੂਰੀ ਲਾਲ, ਐਡਵੋਕੇਟ ਹਰਪ੍ਰੀਤ ਜ਼ੀਰਖ, ਬਲਵਿੰਦਰ ਸਿੰਘ ਸ਼ਾਮਲ ਸਨ।ਮੈਡਮ ਮਧੂ, ਮੀਨੂੰ, ਤਜਿੰਦਰ ਕੁਮਾਰ, ਮਾਹਣਾ ਸਿੰਘ, ਮਹੇਸ਼ ਕੁਮਾਰ ਸਮੇਤ ਹੋਰਨਾਂ ਨੇ ਵੀ ਇਸ ਸਮੁੱਚੇ ਸਮਾਗਮ ਵਿੱਚ ਸ਼ਿਰਕਤ ਕੀਤੀ।ਅੰਤ ਵਿੱਚ ਜਸਵੰਤ ਜ਼ੀਰਖ ਵੱਲੋਂ ਸਾਰੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

## ਮਹਿਲਾ ਡਾਕਟਰ ਤੋਂ ਝਪਟੀ ਸੋਨੇ ਦੀ ਚੇਨ, ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਵਿਖੇ ਦੋ ਮੋਟਰਸਾਈਕਲ ਸਵਾਰ ਝਪਟਮਾਰਾਂ ਵੱਲੋਂ ਇੱਕ ਮਹਿਲਾ ਡਾਕਟਰ ਦੇ ਗਲੇ 'ਚੋਂ ਸੋਨੇ ਦੀ ਚੇਨ ਝਪਟ ਕੇ ਫਰਾਰ ਹੋ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਡਾਕਟਰ ਜੋਤਸਨਾ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਸ਼ਾਮ ਕਰੀਬ 5.30 ਵਜੇ ਉਹ ਆਪਣੇ ਹਸਪਤਾਲ 'ਚੋਂ ਆਪਣੀ ਕੇਅਰਟੇਕਰ ਦੇ ਨਾਲ ਆਟੋ ਰਿਕਸ਼ਾ 'ਚ ਸਵਾਰ ਹੋ ਕੇ ਸਰਹਿੰਦ ਦੇ ਬਸੀ ਰੋਡ 'ਤੇ ਪੈਂਦੇ ਇੱਕ ਗਰੋਸਰੀ ਸਟੋਰ ਤੋਂ ਸਮਾਨ ਖਰੀਦਣ ਦੇ ਲਈ ਗਈ ਸੀ, ਜਿੱਥੇ ਪਹੁੰਚ ਕੇ ਉਹ ਜਦੋਂ ਆਟੋ 'ਚੋਂ ਉੱਤਰ ਕੇ ਸਟੋਰ ਵੱਲ ਨੂੰ ਪੈਦਲ ਜਾ ਰਹੀ ਸੀ ਤਾਂ ਇੱਕ ਨਾਮਾਲੂਮ ਵਿਅਕਤੀ ਨੇ ਉਸਦੇ ਗਲੇ 'ਚੋਂ ਸੋਨੇ ਦੀ ਚੇਨ ਝਪਟ ਮਾਰ ਕੇ ਤੋੜ ਲਈ, ਜੋ ਤੇਜ਼ੀ ਨਾਲ ਆਪਣੇ ਇੱਕ ਸਾਥੀ ਸਮੇਤ ਮੋਟਰਸਾਈਕਲ 'ਤੇ ਬੈਠ ਕੇ ਮੌਕੇ ਤੋਂ ਫਰਾਰ ਹੋ ਗਿਆ।ਡਾ. ਜੋਤਸਨਾ ਦੇ ਬਿਆਨਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਨਾਮਾਲੂਮ ਵਿਅਕਤੀਆਂ ਵਿਰੁੱਧ ਅ/ਧ 304 (2) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਾ ਕੇ ਸਰਹਿੰਦ ਮੰਡੀ ਚੌਂਕੀ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਮਾਲਵਾ ਵੈੱਲਫੇਅਰ ਕਲੱਬ ਨੇ ਖਿਡਾਰੀਆਂ ਨੂੰ ਖੇਡਾਂ ਦਾ ਸਾਮਾਨ ਵੰਡਿਆ



ਤਲਵੰਡੀ ਸਾਬੋ (ਜਗਦੀਪ ਗਿੱਲ)-ਮਾਲਵਾ ਵੈੱਲਫੇਅਰ ਕਲੱਬ ਤਲਵੰਡੀ ਸਾਬੋ ਵੱਲੋਂ ਸਥਾਨਕ ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਊਂਡ ਵਿੱਚ ਖੇਡਦੇ ਖਿਡਾਰੀਆਂ ਨੂੰ ਵਾਲੀਬਾਲ, ਨੈੱਟ, ਬਾਸਕਿਟਬਾਲ ਆਦਿ ਸਾਮਾਨ ਵੰਡਿਆ ਗਿਆ।ਕਲੱਬ ਸਰਪ੍ਰਸਤ ਅੰਮ੍ਰਿਤਪਾਲ ਸਿੰਘ ਬਰਾੜ ਤੇ ਪ੍ਰਧਾਨ ਗਗਨਦੀਪ ਸਿੰਘ ਹੈਪੀ ਗੋਦਾਰਾ ਨੇ ਕਿਹਾ ਕਿ ਯੁਵਕ ਸੇਵਾਵਾਂ ਵਿਭਾਗ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤਲਵੰਡੀ ਸਾਬੋ ਦੇ ਵੱਖ ਵੱਖ ਖੇਡਾਂ ਦੇ ਖਿਡਾਰੀਆਂ ਨੂੰ ਕਲੱਬ ਵੱਲੋਂ ਇਹ ਖੇਡਾਂ ਦਾ ਸਾਮਾਨ ਮੁਹੱਈਆ ਕਰਾਇਆ ਗਿਆ ਹੈ ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਖੇਡ ਦੇ ਮੈਦਾਨਾਂ ਵਿੱਚ ਲਿਆਂਦਾ ਜਾ ਸਕੇ।ਕਲੱਬ ਚੇਅਰਮੈਨ ਸ਼ੇਖਰ ਤਲਵੰਡੀ ਤੇ ਕਲੱਬ ਸਕੱਤਰ ਜਗਨਦੀਪ ਸਿੰਘ ਨੇ ਕਿਹਾ ਕਿ ਅਸੀਂ ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾਂ ਦੇ ਉਪਰਾਲੇ ਕਰਦੇ ਰਹਾਂਗੇ।ਇਸ ਦੌਰਾਨ ਕਲੱਬ ਖਜ਼ਾਨਚੀ ਮਨਦੀਪ ਸਿੰਘ, ਪ੍ਰੈੱਸ ਸਕੱਤਰ ਵਿਕਾਸ ਸਿੰਗਲਾ, ਸੋਸ਼ਲ ਮੀਡੀਆ ਇੰਚਾਰਜ ਸ਼ੁਭਦੀਪ ਸਿੰਘ ਤੇ ਮੈਂਬਰ ਅਰਸ਼ਦੀਪ ਸਿੰਘ ਗਿੱਲ, ਸੁਖਵਿੰਦਰ ਸਿੰਘ, ਸੋਨੂੰ ਸਿੰਘ, ਨੱਥਾ ਸਿੰਘ, ਰਜਤ ਕੁਮਾਰ ਹਾਜ਼ਰ ਸਨ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਸ਼ਹੀਦਾਂ ਨੂੰ ਸੂਬੇ ਭਰ 'ਚ ਸੰਗਰਾਮੀ ਸ਼ਰਧਾਂਜਲੀਆਂ

### ਸਾਮਰਾਜ ਵਿਰੋਧੀ ਜਨਤਕ ਲਹਿਰ ਵਿਸ਼ਾਲ ਕਰਨ ਦਾ ਅਹਿਦ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਬਰਤਾਨਵੀ ਸਾਮਰਾਜ ਵਿਰੋਧੀ ਇਨਕਲਾਬੀ ਲਹਿਰ ਦੇ ਜੁਝਾਰੂ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਵੱਲੋਂ ਪੰਜਾਬ ਭਰ ਵਿੱਚ ਜਨਤਕ ਇਕੱਠਾਂ ਰਾਹੀਂ ਸੰਗਰਾਮੀ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ 18 ਜ਼ਿਲ੍ਹਿਆਂ ਵਿੱਚ ਕੀਤੇ ਗਏ ਸ਼ਰਧਾਂਜਲੀ ਸਮਾਗਮਾਂ ਵਿੱਚ ਔਰਤਾਂ ਤੇ ਨੌਜਵਾਨਾਂ ਸਮੇਤ ਭਾਰੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਸ਼ਾਮਲ ਹੋਏ।ਇਕੱਠਾਂ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਦੀ ਜੈ ਜੈਕਾਰ ਕੀਤੀ ਤੇ ਉਨ੍ਹਾਂ ਦੇ ਸੁਪਨਿਆਂ ਦੀ ਲੋਕ ਪੱਖੀ ਬੁਨਿਆਦੀ ਤਬਦੀਲੀ ਵਾਲਾ ਸਮਾਜ ਸਿਰਜਣ ਦੇ ਅਧੂਰੇ ਸੰਗਰਾਮੀ ਕਾਰਜ ਨੂੰ ਪੂਰਾ ਕਰਨ ਵਿੱਚ ਬਣਦਾ ਰੋਲ ਨਿਭਾਉਣ ਦਾ ਅਹਿਦ ਕੀਤਾ, ਕਿਉਂਕਿ ਅੱਜ ਵੀ ਸਾਮਰਾਜੀ ਤਾਕਤਾਂ ਭਾਰਤ ਸਮੇਤ ਦੁਨੀਆ ਭਰ ਵਿੱਚ ਕਿਸਾਨਾਂ ਮਜ਼ਦੂਰਾਂ ਤੇ ਸਮੂਹ ਕਿਰਤੀਆਂ ਦੀ ਅੰਨ੍ਹੀਂ ਲੁੱਟ ਕਾਇਮ ਰੱਖਣ ਲਈ ਸਥਾਨਕ ਹਕੂਮਤਾਂ ਰਾਹੀਂ ਜਬਰ ਜ਼ੁਲਮ 'ਤੇ ਉਤਾਰੂ ਹਨ।ਇਨ੍ਹਾਂ ਦਾ ਜਚਵਾਂ ਟਾਕਰਾ ਸ਼ਹੀਦਾਂ ਦੀ ਸੰਗਰਾਮੀ ਸੋਚ ਨੂੰ ਪ੍ਰਣਾਈ ਆਪਾਵਾਰੂ ਲੋਕ ਲਹਿਰ ਰਾਹੀਂ ਹੀ ਕੀਤਾ ਜਾ ਸਕਦਾ ਹੈ ਤੇ ਕਿਸਾਨਾਂ ਮਜ਼ਦੂਰਾਂ ਦੀ ਹਕੀਕੀ ਪੁੱਗਤ ਵਾਲਾ ਸਮਾਜ ਸਿਰਜਿਆ ਜਾ ਸਕਦਾ ਹੈ। ਸ਼ਹੀਦ ਭਗਤ ਸਿੰਘ ਦੇ ਕਥਨ ਅਨੁਸਾਰ ਅਜਿਹੀ ਸੋਚ ਵਾਲੇ ਨੌਜਵਾਨ ਕਿਸਾਨ ਮਜ਼ਦੂਰ ਹੀ ਇਸ ਲੋਕ ਲਹਿਰ ਦਾ ਧੁਰਾ ਬਣਨਗੇ।ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਦੀ ਕੇਂਦਰੀ ਭਾਜਪਾ ਸਰਕਾਰ ਤੇ ਪੰਜਾਬ ਦੀ ਆਪ ਸਰਕਾਰ ਵੱਲੋਂ ਕਿਸਾਨ ਲਹਿਰ ਉੱਤੇ ਵਿੱਢਿਆ ਜਾਬਰ ਹੱਲਾ ਵੀ ਜਲ ਜੰਗਲ ਜ਼ਮੀਨਾਂ ਸਮੇਤ ਖੇਤੀ ਤੇ ਵਪਾਰ ਦਾ ਪੂਰਾ ਤਾਣਾ ਬਾਣਾ ਸਾਮਰਾਜੀ ਕਾਰਪੋਰੇਟਾਂ ਹਵਾਲੇ ਕਰਨ ਵਾਲੀਆਂ ਨੀਤੀਆਂ ਤੇ ਕਾਨੂੰਨ ਮੜ੍ਹਨ ਵੱਲ ਸੇਧਤ ਹੈ।ਇਸ ਜਾਬਰ ਹੱਲੇ ਨੂੰ ਪਛਾੜਨ ਲਈ ਬੁਲਾਰਿਆਂ ਵੱਲੋਂ ਸ਼ਹੀਦਾਂ ਦੀ ਸੋਚ ਮੁਤਾਬਕ ਦੇਸ਼ ਭਰ ਦੇ ਕਿਸਾਨਾਂ ਮਜ਼ਦੂਰਾਂ ਸਮੇਤ ਸਾਰੇ ਕਿਰਤੀ ਤਬਕਿਆਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਵਿਆਪਕ ਸਾਂਝੀ ਲੋਕ ਲਹਿਰ ਉਸਾਰਨ ਦੀ ਅਣਸਰਦੀ ਲੋੜ ਵੱਲ ਉਚੇਚਾ ਧਿਆਨ ਦੇਣ ਉੱਤੇ ਜ਼ੋਰ ਦਿੱਤਾ ਗਿਆ।ਐੱਸ ਕੇ ਐੱਮ ਵੱਲੋਂ ਉਲੀਕੇ ਗਏ ਪ੍ਰੋਗਰਾਮ ਮੁਤਾਬਿਕ 28 ਮਾਰਚ ਦੇ ਜਬਰ ਵਿਰੋਧੀ ਦਿਹਾੜੇ ਵਿੱਚ ਭਰਵੀਂ ਸ਼ਮੂਲੀਅਤ ਦੀ ਤਿਆਰੀ ਵਾਸਤੇ 24 ਮਾਰਚ ਨੂੰ ਕੀਤੀਆਂ ਜਾ ਰਹੀਆਂ ਸਰਵ ਸਾਂਝੀਆਂ ਮੀਟਿੰਗਾਂ ਵਿੱਚ ਸਮੂਹ ਕਿਸਾਨ, ਮਜ਼ਦੂਰ, ਵਪਾਰੀ, ਮੁਲਾਜ਼ਮ ਤੇ ਹੋਰ ਕਿਰਤੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਵਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ।ਮੁੱਖ ਬੁਲਾਰਿਆਂ ਵਿੱਚ ਸ੍ਰੀ ਉਗਰਾਹਾਂ ਤੋਂ ਇਲਾਵਾ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਹਰਦੀਪ ਸਿੰਘ ਟੱਲੇਵਾਲ, ਜਗਤਾਰ ਸਿੰਘ ਕਾਲਾਝਾੜ, ਜਨਕ ਸਿੰਘ ਭੁਟਾਲ, ਹਰਿੰਦਰ ਕੌਰ ਬਿੰਦੂ, ਕਮਲਜੀਤ ਕੌਰ ਬਰਨਾਲਾ ਤੇ ਕੁਲਦੀਪ ਕੌਰ ਕੁੱਸਾ ਸਮੇਤ ਜ਼ਿਲ੍ਹਾ/ਬਲਾਕ/ਪਿੰਡ ਪੱਧਰੇ ਆਗੂ ਸ਼ਾਮਲ ਸਨ।

## ਨੇਕੀ ਫਾਊਂਡੇਸ਼ਨ ਵੱਲੋਂ ਸ਼ਹੀਦੀ ਦਿਹਾੜੇ ਮੌਕੇ ਵਿਸ਼ਾਲ ਖ਼ੂਨਦਾਨ ਕੈਂਪ



ਬੁਢਲਾਡਾ (ਅਸ਼ੋਕ ਲਾਕੜਾ)-ਇਲਾਕੇ ਦੀ ਸਮਾਜ ਸੇਵੀ ਸੰਸਥਾ ਨੇਕੀ ਫਾਊਂਡੇਸ਼ਨ ਬੁਢਲਾਡਾ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਜ਼ਿਲ੍ਹੇ ਦੀਆਂ ਸਮੂਹ ਕਲੱਬਾਂ ਤੇ ਸੰਸਥਾਵਾਂ ਦੇ ਸਹਿਯੋਗ ਨਾਲ 'ਮੇਲਾ ਖ਼ੂਨਦਾਨੀਆਂ ਦਾ' ਸਿਰਲੇਖ ਹੇਠ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿੱਥੇ 401 ਖ਼ੂਨਦਾਨੀਆਂ ਨੇ ਪਹੁੰਚ ਕੇ ਬੜੇ ਹੀ ਉਤਸ਼ਾਹ ਤੇ ਸ਼ਰਧਾ ਨਾਲ ਖੂਨ ਦਾਨ ਕੀਤਾ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਕੈਂਪ ਦੀ ਵਿਸ਼ੇਸ਼ਤਾ ਇਹ ਰਹੀ ਕਿ ਮਰਦਾਂ ਦੇ ਨਾਲ ਨਾਲ ਔਰਤਾਂ ਨੇ ਵੀ ਵਧ ਚੜ੍ਹ ਕੇ ਹਿੱਸਾ ਲਿਆ। ਕੈਂਪ ਦੀ ਸ਼ੁਰੂਆਤ ਜੈਨ ਸਭਾ ਪ੍ਰਧਾਨ ਚਿਰੰਜੀ ਲਾਲ ਜੈਨ, ਅਗਰਵਾਲ ਸਭਾ ਤੋਂ ਕੁਲਦੀਪ ਗੋਇਲ, ਡਾ. ਯਸ਼ਪਾਲ ਸਿੰਗਲਾ ਭੀਖੀ, ਤਰੁਣਵੀਰ ਸਿੰਘ ਆਹਲੂਵਾਲੀਆ, ਆਈ ਐੱਮ ਏ ਦੇ ਜ਼ਿਲ੍ਹਾ ਪ੍ਰਧਾਨ ਡਾ. ਜਨਕ ਰਾਜ ਮਾਨਸਾ, ਓਮ ਪ੍ਰਕਾਸ਼ ਤੇ ਟੀਮ ਨੇਕੀ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ। ਡਾ. ਜਨਕ ਰਾਜ ਨੇ ਸੰਸਥਾ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਜ਼ਿਲ੍ਹੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਨੇਕੀ ਫਾਊਂਡੇਸ਼ਨ ਜਿਹੀ ਸੰਸਥਾ ਨਾਲ ਲੋਕ ਇਸ ਪੱਧਰ ਉੱਤੇ ਜੁੜੇ ਹੋਏ ਹਨ ਕਿ ਉਨ੍ਹਾਂ ਦੀ ਇੱਕ ਆਵਾਜ਼ ਤੇ ਲੰਬੀਆਂ ਕਤਾਰਾਂ ਖ਼ੂਨਦਾਨੀਆਂ ਦੀਆਂ ਲੱਗ ਗਈਆਂ। ਇਸ ਮੌਕੇ ਐੱਮ ਐੱਲ ਏ ਪ੍ਰਿੰਸੀਪਲ ਬੁੱਧਰਾਮ, ਕਾਂਗਰਸ ਤੋਂ ਡਾ. ਰਣਵੀਰ ਕੌਰ ਮੀਆਂ, ਬੀ ਜੇ ਪੀ ਤੋਂ ਰਕੇਸ਼ ਜੈਨ ਤੇ ਹੋਰ ਰਾਜਨੀਤਕ ਆਗੂ ਵੀ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ। ਨੇਕੀ ਟੀਮ ਤੋਂ ਸਾਬਕਾ ਬੈਂਕ ਮੈਨੇਜਰ ਰਮੇਸ਼ ਗੋਇਲ ਤੇ ਸ਼ਰਦ ਗੋਇਲ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਖੂਨ ਸਰਕਾਰੀ ਬਲੱਡ ਸੈਂਟਰ ਮਾਨਸਾ ਤੇ ਬਠਿੰਡਾ ਨੂੰ ਦਿੱਤਾ ਗਿਆ ਹੈ। ਹਰ ਖ਼ੂਨਦਾਨੀ ਨੂੰ ਆਹਲੂਵਾਲੀਆ ਪ੍ਰਾਪਰਟੀਜ਼ ਦੇ ਐੱਮ ਡੀ ਤਰੁਣਵੀਰ ਸਿੰਘ ਆਹਲੂਵਾਲੀਆ ਵੱਲੋਂ ਇੱਕ ਇੱਕ ਟੀ ਸ਼ਰਟ ਭੇਟ ਕਰਕੇ ਸਨਮਾਨਤ ਕੀਤਾ ਗਿਆ। ਨੇਕੀ ਟੀਮ ਵੱਲੋਂ ਉਨ੍ਹਾਂ ਉੱਥੇ ਪਹੁੰਚੇ ਸਾਰੇ ਯੂਥ ਕਲੱਬਾਂ ਦਾ ਧੰਨਵਾਦ ਕੀਤਾ। ਨੇਕੀ ਫਾਊਂਡੇਸ਼ਨ ਵੱਲੋਂ ਟੀਮ ਮੈਂਬਰ ਨਰੀਪਨ ਗੋਇਲ ਤੇ ਬਰਿੰਦਰ ਗਰਗ ਦੇ ਸਹਿਯੋਗ ਨਾਲ ਸਾਰੇ ਖ਼ੂਨਦਾਨੀਆਂ, ਵਲੰਟੀਅਰਾਂ ਤੇ ਸਹਿਯੋਗੀਆਂ ਦਾ ਸਨਮਾਨ ਕੀਤਾ ਗਿਆ। ਕੈਂਪ ਨੂੰ ਕਾਮਯਾਬ ਕਰਨ ਵਿੱਚ ਕ੍ਰਿਸ਼ਨਾ ਕਾਲਜ ਰੱਲੀ ਦੀ ਟੀਮ ਨੇ ਵਿਸ਼ੇਸ਼ ਸਹਿਯੋਗ ਪਾਇਆ। ਇਸ ਮੌਕੇ ਜ਼ਿਲ੍ਹੇ ਦੀਆਂ ਵੱਖ ਵੱਖ ਸਰਕਾਰੀ, ਗੈਰ- ਸਰਕਾਰੀ ਸੰਸਥਾਵਾਂ ਦੇ ਆਗੂ ਮੌਜੂਦ ਸਨ।

25-March-11-Page-Majha-25.qxd 3/24/2025 11:08 PM Page 1



# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤਹਿਸੀਲ ਕਮੇਟੀ ਤਰਨ ਤਾਰਨ ਦਾ ਡੈਲੀਗੇਟ ਅਜਲਾਸ ਸੰਪੰਨ



ਝਬਾਲ(ਹਰਜਿੰਦਰ ਸਿੰਘ ਸੋਨੀ) ਮਾਤਾ ਭਾਗੋ ਅਤੇ ਹਿਸਟੋਰੀਅਨ ਕਰਮ ਯਾਦਗਾਰ ਲਾਇਬ੍ਰੇਰੀ ਝਬਾਲ ਵਿਖੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੀ ਤਹਿਸੀਲ ਤਰਨ ਤਾਰਨ ਦਾ ਡੈਲੀਗੇਟ ਅਜਲਾਸ ਬਲਦੇਵ ਸਿੰਘ ਗੋਹਲਵੜ, ਗੁਰਮੀਤ ਕੌਰ ਡਾਲੇਕੇ ਆਦਿ ਆਗੂਆਂ ਦੀ ਸਾਂਝੀ ਪ੍ਰਧਾਨਗੀ ਹੇਠ ਹੋਇਆ ਇਨਕਲਾਬੀ ਨਾਰਿਆ ਨਾਲ ਸ਼ੁਰੂ ਹੋਇਆ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਜ਼ਾਦੀ ਦੇ ਮਹਾਨ ਸਪੂਤਾਂ ਨੂੰ ਲਾਲ ਸਲਾਮ, ਸ਼ਹੀਦੋਂ ਤੁਹਾਡੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ। ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਦੂਰਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਉਪਰੰਤ ਗੁਰਮੀਤ ਕੌਰ ਡਾਲੇਕੇ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਜੁਆਇੰਟ ਸਕੱਤਰ ਸੁਖਦੇਵ ਸਿੰਘ ਗੋਹਲਵੜ ਨੇ ਕਿਹਾ ਕਿ 76 ਸਾਲ ਦੀ ਅਜ਼ਾਦੀ ਬੀਤ ਜਾਣ 'ਤੇ ਅਮੀਰੀ ਗਰੀਬੀ ਦਾ ਪਾੜਾ ਦਿਨ ਬ ਦਿਨ ਵਧਦਾ ਜਾ ਰਿਹਾ ਹੈ। ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਮਜ਼ਦੂਰਾਂ ਨੂੰ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਦਿੱਤਾ।ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕੀਤਾ ਜਾਵੇ ਮਨਰੇਗਾ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕਰਦਿਆਂ ਕਿਹਾ ਕਿ ਦਸੰਬਰ 2024 ਤੋਂ ਲੈ ਕੇ ਮਾਰਚ 2025 ਤੱਕ ਮਨਰੇਗਾ ਮਜ਼ਦੂਰਾਂ ਵੱਲੋਂ ਕੀਤੇ ਕੰਮ ਦੇ ਪੈਸੇ ਮਜ਼ਦੂਰਾਂ ਦੇ ਖਾਤਿਆਂ ਵਿੱਚ ਨਹੀਂ ਪਏ ਮਨਰੇਗਾ ਮਜ਼ਦੂਰਾਂ ਦੇ ਖਾਤਿਆਂ ਵਿੱਚ ਪੈਸੇ ਤੁਰੰਤ ਪਾਏ ਜਾਣ। ਬੇਘਰੇ ਮਜ਼ਦੂਰਾਂ ਨੂੰ10-10 ਮਰਲੇ ਦੇ ਪਲਾਟ ਦਿੱਤੇ ਜਾਣ। ਭਰਾਤਰੀ ਜਥੇਬੰਦੀ ਵੱਲੋਂ ਜਨਵਾਦੀ ਇਸਤਰੀ ਸਭਾ ਪੰਜਾਬ ਦੀ ਸੂਬਾ ਜਨਰਲ ਸਕੱਤਰ ਹਰਪ੍ਰੀਤ ਕੌਰ ਝਬਾਲ ਨੇ ਸਫਲ ਅਜਲਾਸ 'ਤੇ ਵਧਾਈ ਦਿੱਤੀ। ਇਸ ਮੌਕੇ 21 ਮੈਂਬਰੀ ਕਮੇਟੀ ਦਾ ਪੈਨਲ ਸੁਖਦੇਵ ਸਿੰਘ ਗੋਹਲਵੜ ਨੇ ਪੇਸ਼ ਕੀਤਾ ਡੈਲੀਗੇਟਾਂ ਨੇ ਸਰਬਸੰਮਤੀ ਨਾਲ ਪਾਸ ਕੀਤਾ, ਜਿਸ ਵਿੱਚ ਬਲਦੇਵ ਸਿੰਘ ਗੋਹਲਵੜ ਪ੍ਰਧਾਨ, ਮਨਜੀਤ ਸਿੰਘ ਝਬਾਲ ਜਨਰਲ ਸਕੱਤਰ, ਵਿੱਤ ਸਕੱਤਰ ਗੁਰਮੀਤ ਕੌਰ ਡਾਲੇਕੇ, ਮੀਤ ਪ੍ਰਧਾਨ ਗੁਰਮੀਤ ਕੌਰ ਰਟੌਲ, ਸੀਨੀਅਰ ਮੀਤ ਪ੍ਰਧਾਨ ਗੁਰਦਿਆਲ ਸਿੰਘ ਕੋਟਲੀ, ਮੀਤ ਪ੍ਰਧਾਨ ਸੰਦੀਪ ਕੌਰ ਰਟੌਲ, ਜੁਆਇੰਟ ਸਕੱਤਰ ਕੰਵਲਜੀਤ ਕੌਰ ਝਬਾਲ, ਜੁਆਇੰਟ ਸਕੱਤਰ ਕੁਲਵੰਤ ਸਿੰਘ ਛਾਪਾ, ਮੀਤ ਪ੍ਰਧਾਨ ਸੁਖਦੇਵ ਸਿੰਘ ਝਬਾਲ, ਜੁਆਇੰਟ ਸਕੱਤਰ ਸ਼ਰਨਜੀਤ ਕੌਰ ਰਟੌਲ, ਬਲਰਾਜ ਸਿੰਘ ਡਾਲੇਕੇ, ਮੇਜਰ ਸਿੰਘ ਮੰਨਣ, ਸੁਖਦੇਵ ਸਿੰਘ ਠੱਠਾ, ਸੁਖਵਿੰਦਰ ਕੌਰ ਝਬਾਲ, ਭਜਨ ਸਿੰਘ ਝਬਾਲ, ਜਸਪਾਲ ਸਿੰਘ ਐਮਾ, ਜੁਆਇੰਟ ਸਕੱਤਰ ਹਰਪ੍ਰੀਤ ਕੌਰ ਪੱਖੋਕੇ ਰਣਜੀਤ ਕੌਰ ਝਬਾਲ ਆਦਿ ਮੈਂਬਰ ਚੁਣੇ ਗਏ।

# ਨਸ਼ਾ ਤਸਕਰਾਂ ਖ਼ਿਲਾਫ਼ ਤਿੰਨ ਵੱਖ-ਵੱਖ ਮਾਮਲੇ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਪੁਲਸ ਦੇ ਏ ਐਸ ਆਈ ਅਜੇ ਰਾਜਨ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਿਸ ਪਾਰਟੀ ਨਜਦੀਕ ਅੰਬਾ ਵਾਲਾ ਬਾਗ ਬਹਿਰਾਮਪੁਰ ਰੋਡ ਗੁਰਦਾਸਪੁਰ ਤੋਂ ਪ੍ਰਿਤਪਾਲ ਸਿੰਘ ਪ੍ਰੀਤ ਪੁੱਤਰ ਸੁਖਜੀਤ ਸਿੰਘ ਵਾਸੀ ਬਰਿਆਰ, ਮਾਨਵ ਪਰੋਤਾ ਪੁੱਤਰ ਸੁਨੀਲ ਕੁਮਾਰ ਵਾਸੀ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਨ੍ਹਾਂ ਵਲੋਂ ਜ਼ਮੀਨ 'ਤੇ ਸੁੱਟੇ ਮੋਮੀ ਲਿਫਾਫੇ ਨੂੰ ਚੁੱਕ ਕੇ ਚੈਕ ਕੀਤਾ ਜਿਸ ਵਿਚੋਂ 100 ਗ੍ਰਾਮ ਅਫੀਮ ਬਰਾਮਦ ਹੋਈ ਹੈ। ਇਸੇ ਤਰ੍ਹਾਂ ਥਾਣਾ ਸਦਰ ਗੁਰਦਾਸਪੁਰ ਦੇ ਐਸ ਆਈ ਸੁਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਪਿੰਡ ਵਰਸੋਲਾ ਨੇੜੇ ਸ਼ਮਸ਼ਾਨਘਾਟ ਤੋਂ ਸੁਖਦੇਵ ਕੁਮਾਰ ਸੁੱਖਾ ਪੁੱਤਰ ਦੀਪ ਕੁਮਾਰ ਵਾਸੀ ਵਰਸੋਲਾ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਦੀ ਤਲਾਸ਼ੀ ਕੀਤੀ ਤਾਂ ਉਸ ਦੀ ਪਹਿਨੀ ਹੋਈ ਪੈਂਟ ਦੀ ਸੱਜੀ ਜੇਬ ਵਿਚੋਂ ਮੋਮੀ ਲਿਫਾਫੇ ਵਿੱਚ ਪਾਈ ਹੋਈ 10 ਗਰਾਮ ਹੈਰੋਇਨ ਬ੍ਰਾਮਦ ਹੋਈ ਹੈ। ਥਾਣਾ ਭੈਣੀ ਮੀਆਂ ਖਾਂ ਦੇ ਏ ਐਸ ਆਈ ਜਗਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਢੁੱਸੀ ਬੰਨ ਆਲਮਾ ਨਜਦੀਕ ਸ਼ਮਸ਼ਾਨਘਾਟ ਤੋਂ ਕੁਲਜੀਤ ਸਿੰਘ ਲਾਡੀ ਪੁੱਤਰ ਸੁਰਿੰਦਰ ਸਿੰਘ ਵਾਸੀ ਪਸਵਾਲ ਨੂੰ ਸ਼ੱਕ ਦੇ ਆਧਾਰ 'ਤੇ ਮੋਮੀ ਲਿਫਾਫੇ ਸਮੇਤ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 12 ਨਸ਼ੀਲੇ ਕੈਪਸੂਲ ਬਿਨ੍ਹਾਂ ਮਾਰਕਾ ਅਤੇ 5 ਨਸ਼ੀਲੇ ਕੈਪਸੂਲ ਮਾਰਕਾ ਬ੍ਰਾਮਦ ਹੋਏ ਹਨ। ਪੁਲਸ ਨੇ ਤਿੰਨਾਂ ਮਾਮਲਿਆਂ ਵਿਚ ਫੜੇ ਗਏ ਨਸ਼ਾ ਤਸਕਰਾਂ ਖ਼ਿਲਾਫ਼ ਐਨ ਡੀ ਪੀ ਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਫਰੀਡਮ ਫਾਈਟਰ ਪਰਵਾਰਾਂ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ



ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)- ਆਲ ਇੰਡੀਆ ਫਰੀਡਮ ਫਾਈਟਰ ਫੈਮਲੀ ਵੈਲਫੇਅਰ ਐਸੋਸੀਏਸ਼ਨ ਪੰਜਾਬ ਵੱਲੋਂ ਸ਼ਹੀਦ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਸੰਸਥਾ ਦੇ ਪ੍ਰਧਾਨ ਸਰਦਾਰ ਬਖਤਾਵਰ ਸਿੰਘ ਲਾਧੂਪੁਰ ਦੀ ਪ੍ਰਧਾਨਗੀ ਹੇਠ ਰੰਧਾਵਾ ਪੈਲਸ ਬਟਾਲਾ ਵਿਖੇ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਪਿਆਰਾ ਸਿੰਘ, ਤੇਜ ਪ੍ਰਤਾਪ ਸਿੰਘ ਕਾਹਲੋਂ, ਤਰਸੇਮ ਤਰਨਾ, ਪ੍ਰੋਫੈਸਰ ਜਸਬੀਰ ਸਿੰਘ ਟਾਂਡਾ, ਲੈਕਚਰਾਰ ਜਤਿੰਦਰ ਸਿੰਘ, ਸੁਵਿੰਦਰ ਸਿੰਘ ਭਾਗੋਵਾਲੀਆ, ਜੋਗਿੰਦਰ ਅੰਗੂਰਲਾ ਅਤੇ ਅਮਰੀਕ ਸਿੰਘ ਬਾਲੇਵਾਲ ਪ੍ਰਮੁੱਖ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ।ਸਾਰੇ ਬੁਲਾਰਿਆਂ ਦੀ ਰਾਏ ਸੀ ਕੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਸਹੀ ਮੁੱਲ ਨਹੀਂ ਪਿਆ ਅਤੇ ਮੌਜੂਦਾ ਸਮੇਂ ਵਿੱਚ ਉਹਨਾਂ ਦੀ ਵਿਚਾਰਧਾਰਾ ਸਿਰਫ ਸਟੇਜਾਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਪ੍ਰਧਾਨ ਬਖਤਾਵਰ ਸਿੰਘ ਲਾਧੂਪੁਰ ਨੇ ਮੰਗ ਕੀਤੀ ਕਿ ਸਰਕਾਰਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਹੀਦਾਂ ਦਾ ਦਰਜਾ ਦੇਣ। ਬਖਤਾਵਰ ਸਿੰਘ ਨੇ ਕਿਹਾ ਕਿ ਲਾਹੌਰ ਅਦਾਲਤ ਦੀ ਸੁਣਵਾਈ ਦੌਰਾਨ ਭਗਤ ਸਿੰਘ ਦੀ ਇਨਕਲਾਬ ਸੰਬੰਧੀ ਵਿਆਖਿਆ ਅੱਜ ਨੌਜਵਾਨਾਂ ਤੇ ਸਿਆਸਤਦਾਨਾਂ ਨੂੰ ਪੜ੍ਹਾਉਣ ਦੀ ਲੋੜ ਹੈ।ਪ੍ਰਿੰਸੀਪਲ ਸੁਲੱਖਣ ਸਿੰਘ ਗੁਰਾਇਆ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ।

ਇਸ ਪ੍ਰੋਗਰਾਮ ਵਿੱਚ ਉਪਰੋਕਤ ਤੋਂ ਇਲਾਵਾ ਠਾਕੁਰ ਕਸ਼ਮੀਰ ਸਿੰਘ, ਠਾਕੁਰ ਖਜ਼ੂਰ ਸਿੰਘ ,ਐਮਸੀ ਜਰਮਨਜੀਤ ਸਿੰਘ, ਤੇਜ ਪ੍ਰਤਾਪ ਸਿੰਘ ਕਾਹਲੋਂ, ਯੁੱਧਵੀਰ ਸਿੰਘ, ਸੁਖਦੇਵ, ਲੱਕੀ ਰੰਧਾਵਾ, ਰਜਨੀਸ਼ ਕੁਮਾਰ, ਸੁਖਦੇਵ ਅਰਜਨਪੁਰ, ਸਰਪੰਚ ਰਾਜ ਸਿੰਘ, ਡੀਪੀ ਇੰਜੀਨੀਅਰ ਚਰਨ ਕਮਲ ਸਿੰਘ, ਲਖਵਿੰਦਰ ਸਿੰਘ ਆਦਿ ਹਾਜਰ ਸਨ।

# 'ਫਾਸਟ ਫੂਡ ਦੀਆਂ ਦੁਕਾਨਾਂ 'ਤੇ ਘਟੀਆ ਮਿਆਰ ਦਾ ਸਮਾਨ ਵਰਤ ਕੇ ਲੋਕਾਂ ਦੀ ਜ਼ਿੰਦਗੀ ਨਾਲ ਕੀਤਾ ਜਾ ਰਿਹਾ ਖਿਲਵਾੜ'



ਗੁਰਦਾਸਪੁਰ (ਜਨਕ ਮਹਾਜਨ)- ਜ਼ਿਲ੍ਹਾ ਗੁਰਦਾਸਪੁਰ ਅੰਦਰ ਲੱਗੀਆਂ ਕੁਝ ਫਾਸਟ ਫੂਡ ਦੀਆਂ ਰੇਹੜੀਆਂ ਤੇ ਘਟੀਆ ਮਿਆਰ ਦਾ ਸਾਮਾਨ ਵੇਚ ਵੇਚ ਕੇ ਲੋਕਾਂ ਦੀਆਂ ਕੀਮਤੀ ਜ਼ਿੰਦਗੀਆਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇਸ ਪਾਸੇ ਫੂਡ ਸਪਲਾਈ ਵਿਭਾਗ ਦਾ ਧਿਆਨ ਨਾ ਹੋਣ ਕਾਰਨ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕੁਝ ਲੋਕਾਂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਤੇ ਦੱਸਿਆ ਕਿ ਗੁਰਦਾਸਪੁਰ ਦੇ ਲਾਇਬਰੇਰੀ ਚੌਕ ਤੋਂ ਹਨੂੰਮਾਨ ਚੌਕ ਤੱਕ ਫਾਸਟ ਫੂਡ ਦੀਆਂ ਕਾਫੀ ਰੇਹੜੀਆਂ ਲੱਗੀਆਂ ਹੋਈਆਂ ਹਨ ਜਿੱਥੇ ਰੋਜਾਨਾ ਲੋਕ ਵੱਡੀ ਗਿਣਤੀ ਵਿੱਚ ਆ ਕੇ ਬਰਗਰ, ਪੀਜ਼ਾ, ਨਿਊਡਲ, ਮੋਮੋਜ, ਟਿੱਕੀਆਂ ਤੋਂ ਇਲਾਵਾ ਹੋਰ ਚੀਜ਼ਾਂ ਖਾਂਦੇ ਹਨ। ਉਹਨਾਂ ਕਿਹਾ ਇਨ੍ਹਾਂ ਕੁਝ ਰੇਹੜੀਆਂ ਤੇ ਰੇਹੜੀ ਮਾਲਕਾਂ ਵੱਲੋਂ ਬਹੁਤ ਹੀ ਘਟੀਆ ਕਿਸਮ ਦੇ ਟਮਾਟਰ, ਸੜੇ ਗਲੇ ਪਿਆਜ਼, ਖਰਾਬ ਬੰਦ ਗੋਭੀ ਤੋਂ ਇਲਾਵਾ ਬਹੁਤ ਹੀ ਘਟੀਆ ਮਿਆਰੀ ਦੀ ਚਟਨੀ ਲੋਕਾਂ ਨੂੰ ਖਵਾਈ ਜਾਂਦੀ ਹੈ, ਜਿਸ ਨੂੰ ਖਾਣ ਤੋਂ ਬਾਅਦ ਲੋਕ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇਹ ਰੇਹੜੀ ਵਾਲੇ ਸ਼ਰੇਆਮ ਲੋਕਾਂ ਨੂੰ ਘਟੀਆ ਮਿਆਰ ਦਾ ਸਮਾਨ ਵੇਚ ਕੇ ਜਿੱਥੇ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ ਉੱਥੇ ਲੋਕਾਂ ਦੀ ਸਿਹਤ ਨਾਲ ਵੀ ਖਿਲਵਾੜ ਕੀਤਾ ਜਾ ਰਿਹਾ। ਲੋਕਾਂ ਦਾ ਕਹਿਣਾ ਹੈ ਕਿ ਲਾਇਬਰੇਰੀ ਚੌਕ 'ਤੇ ਵੱਡੇ ਨਾਲੇ ਕੰਢੇ ਹੀ ਰੇਹੜੀ ਵਾਲਿਆਂ ਵੱਲੋਂ ਆਪਣਾ ਸਮਾਨ ਲੋਕਾਂ ਨੂੰ ਵੇਚਿਆ ਜਾ ਰਿਹਾ। ਲੋਕਾਂ ਨੇ ਫੂਡ ਸਪਲਾਈ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ ਸ਼ਹਿਰ ਅੰਦਰ ਲੱਗਣ ਵਾਲੀਆਂ ਫਾਸਟ ਫੂਡ ਦੀਆਂ ਰੇਹੜੀਆਂ 'ਤੇ ਵੇਚੇ ਜਾ ਰਹੇ ਸਮਾਨ ਦੀ ਪਹਿਲ ਦੇ ਆਧਾਰ 'ਤੇ ਜਾਂਚ ਪੜਤਾਲ ਕੀਤੀ ਜਾਵੇ ਤਾਂ ਜੋ ਲੋਕ ਘਟੀਆ ਮਿਆਰ ਦਾ ਸਮਾਨ ਖਾ ਕੇ ਬਿਮਾਰ ਹੋਣ ਤੋਂ ਬਚ ਸਕਣ।

# ਪੰਜਾਬ ਦੇ ਸਮੁੱਚੇ ਪੈਨਸ਼ਨਰਾਂ ਵੱਲੋਂ ਕੀਤੀ ਗਈ ਮਹਾਂ ਰੈਲੀ



ਐਸ ਏ ਐਸ ਨਗਰ (ਗੁਰਜੀਤ ਬਿੱਲਾ)- ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਕੀਤੇ ਫੈਸਲੇ ਅਨੁਸਾਰ ਪੰਜਾਬ ਗੌਰਮੈਂਟ ਪੈਨਸ਼ਨਰਜ਼ ਜੁਆਇੰਟ ਫਰੰਟ ਵੱਲੋਂ ਗੁਰਦੁਆਰਾ ਅੰਬ ਸਾਹਿਬ ਨੇੜੇ ਮੋਹਾਲੀ ਵਿਖੇ ਕੀਤੀ ਗਈ। ਜਿਸ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਪੈਨਸ਼ਨਰਜ਼ ਨੇ ਸ਼ਮੂਲੀਅਤ ਕੀਤੀ। ਇਸ ਮਹਾਂ ਰੈਲੀ ਦੀ ਅਗਵਾਈ ਅਵਿਨਾਸ਼ ਚੰਦਰ ਸ਼ਰਮਾ ਕੁਆਰਡੀਨੇਟਰ-ਕਮ-ਕਨਵੀਨਰ, ਹਰਜੀਤ ਸਿੰਘ ਪਠਾਣ ਮਾਜਰਾ ਕਨਵੀਨਰ, ਕੁਲਵਰਨ ਸਿੰਘ ਕਨਵੀਨਰ, ਡਾ: ਐਨ ਕੇ ਕਲਸੀ ਕਨਵੀਨਰ, ਦਲੀਪ ਸਿੰਘ ਲਾਂਬਾ ਕਨਵੀਨਰ, ਸ਼ਵਿੰਦਰ ਸਿੰਘ ਮੋਲੋਵਾਲੀ ਕਨਵੀਨਰ ਸਾਂਝਾ ਫਰੰਟ 'ਤੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ।ਫੈਡਰੇਸ਼ਨ ਦੇ ਸੂਬਾ ਪ੍ਰੈਸ ਸਕੱਤਰ ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਇਸ ਮਹਾਂ ਰੈਲੀ ਵਿੱਚ ਸਾਥੀ ਸੱਜਣ ਸਿੰਘ ਖਹਿਰਾ, ਐਨ ਡੀ ਤਿਵਾੜੀ, ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਅਤੇ ਮੁਲਾਜ਼ਮ/ ਪੈਨਸ਼ਨਰ ਸਾਂਝਾ ਫਰੰਟ ਦੇ ਕਨਵੀਨਰ ਸਾਥੀ ਸਤੀਸ਼ ਰਾਣਾ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਤੇ 2016 ਤੋਂ ਪਹਿਲਾਂ ਦੇ ਸੇਵਾ ਮੁਕਤ ਪੈਨਸ਼ਨ ਨੂੰ 2.59 ਦਾ ਫੈਕਟਰ ਦੇਣਾ, 1-1-2016 ਤੋਂ 30-6-21 ਤੱਕ ਦਾ ਬਕਾਇਆ ਯੱਕਮੁਸ਼ਤ ਜਾਰੀ ਕਰਨਾ, ਡੀਏ ਦੀਆਂ ਬਕਾਇਆ ਕਿਸ਼ਤਾਂ ਤੇ ਬਕਾਇਆ ਤੁਰੰਤ ਜਾਰੀ ਕਰਨਾ, ਕੈਸ਼ ਲੈਸ ਸਕੀਮ ਲਾਗੂ ਕਰਨਾ ਅਤੇ ਮੈਡੀਕਲ ਭੱਤੇ ਵਿੱਚ ਵਾਧਾ ਕਰਨਾ ਆਦਿ ਮੰਗਾਂ ਮਨਵਾਉਣ ਲਈ ਪੁਰਜ਼ੋਰ ਮੰਗ ਕੀਤੀ। ਸਤੀਸ਼ ਰਾਣਾ ਨੇ ਆਪਣੇ ਸੰਬੋਧਨ ਦੌਰਾਨ ਸਰਕਾਰ ਦੀਆਂ ਫੁੱਟ ਪਾਊ ਨੀਤੀਆਂ ਤੇ ਤਿੱਖਾ ਵਿਅੰਗ ਕਰਦਿਆਂ ਪੈਨਸ਼ਨਰਜ਼ ਸਾਥੀਆਂ ਨੂੰ ਸੁਚੇਤ ਕਰਦਿਆਂ ਸਰਕਾਰ ਵੱਲੋਂ ਫੁੱਟ ਪਾਉਣ ਲਈ ਖਰੀਦੇ ਏਜੰਟ ਆਗੂਆਂ ਤੋਂ ਸੁਚੇਤ ਰਹਿਣ ਅਤੇ ਸਾਂਝੇ ਸੰਘਰਸ਼ਾਂ ਲਈ ਏਕੇ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਕਿਸਾਨਾਂ ਵੱਲੋਂ 28 ਮਾਰਚ ਨੂੰ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ ਲਈ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ।ਕੁਲਵਰਨ ਸਿੰਘ ਹੁਸ਼ਿਆਰਪੁਰ, ਬਖਸ਼ੀਸ਼ ਸਿੰਘ ਬਰਨਾਲਾ, ਸੁਰਿੰਦਰ ਰਾਮ ਕੁਸ, ਸ਼ਿਵ ਕੁਮਾਰ ਤਿਵਾੜੀ, ਕੁਲਵਿੰਦਰ ਸਿੰਘ, ਪ੍ਰੀਤਮ ਸਿੰਘ ਨਾਗਰਾ, ਸੁਖਦੇਵ ਸਿੰਘ, ਬਿਕਰ ਸਿੰਘ, ਨਿਰਮਲ ਸਿੰਘ ਲਲਤੋਂ, ਸਿਕੰਦਰ ਸਿੰਘ ਸਮਰਾਲਾ, ਜੋਗਿੰਦਰ ਸਿੰਘ ਮਲਣ, ਅਮਰਜੀਤ ਸਿੰਘ ਸਿੱਧੂ, ਸਿੰਦਰ ਸਿੰਘ ਧੌਲਾ, ਪਿਆਰਾ ਲਾਲ, ਦੇਵ ਰਾਜ, ਸਵੇਗ ਸਿੰਘ, ਦਰਸ਼ਨ ਸਿੰਘ, ਐਸ ਸੈਣੀ, ਹਰਭਜਨ ਸਿੰਘ ਖੁੰਗਰ, ਸਤਵੰਤ ਕੌਰ ਜੌਹਲ ਆਦਿ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਪੈਨਸ਼ਨਰਾਂ ਦੇ ਰੋਹ ਨੂੰ ਵੇਖਦਿਆਂ ਸਰਕਾਰ ਵੱਲੋਂ ਐਸਡੀਐਮ ਐਸਏਐਸ ਨਗਰ ਮੋਹਾਲੀ ਨੂੰ ਮੰਗ ਪੱਤਰ ਲੈਣ ਲਈ ਧਰਨੇ ਵਾਲੀ ਜਗ੍ਹਾ 'ਤੇ ਭੇਜਿਆ, ਸਟੇਜ ਦੇ ਆਗੂਆਂ ਵੱਲੋਂ ਐਸਡੀਐਮ ਨੂੰ ਮੰਗ ਪੱਤਰ ਦਿੱਤਾ ਗਿਆ ਉਪਰੰਤ ਐਸਡੀਐਮ ਨੇ ਵਿਸ਼ਵਾਸ ਦਿਵਾਇਆ ਕਿ ਉਹਨਾਂ ਦਾ ਮੰਗ ਪੱਤਰ ਸਰਕਾਰ ਨੂੰ ਭੇਜ ਕੇ ਜਥੇਬੰਦੀ ਨੂੰ ਮੰਗਾਂ 'ਤੇ ਗੱਲਬਾਤ ਲਈ ਮੀਟਿੰਗ ਦਾ ਸਮਾਂ ਦਿਵਾਇਆ ਜਾਵੇਗਾ।

# ਜ਼ੋਨ ਬਾਬਾ ਦੀਪ ਸਿੰਘ ਦੀਆਂ ਵੱਖ-ਵੱਖ ਇਕਾਈਆਂ ਨੇ ਸਰਕਾਰ ਦੇ ਪੁਤਲੇ ਫੂਕੇ



ਝਬਾਲ (ਹਰਜਿੰਦਰ ਸਿੰਘ ਸੋਨੀ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲ੍ਹਾ ਤਰਨ ਤਾਰਨ ਦੇ ਜੋਨ ਬਾਬਾ ਦੀਪ ਸਿੰਘ ਦੀਆਂ ਇਕਾਈਆਂ ਨੇ ਪੰਜਾਬ ਸਰਕਾਰ ਵੱਲੋਂ 19 ਮਾਰਚ ਨੂੰ ਸਾਡੇ ਸੂਬਾ ਆਗੂਆਂ ਨੂੰ ਮੀਟਿੰਗ ਕਰਨ ਦੇ ਬਹਾਨੇ ਗ੍ਰਿਫਤਾਰ ਕੀਤਾ ਗਿਆ ਤੇ ਰਾਤ ਨੂੰ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਕਿਸਾਨਾਂ ਨਾਲ ਅੱਤਿਆਚਾਰ ਕੀਤਾ, ਉਸ ਦੇ ਖਿਲਾਫ ਭਗਵੰਤ ਮਾਨ ਸਰਕਾਰ ਦੇ ਜ਼ੋਨ ਬਾਬਾ ਦੀਪ ਸਿੰਘ ਦੀਆਂ ਵੱਖ-ਵੱਖ ਇਕਾਈਆਂ ਜਿਵੇਂ ਐਮਾਂ ਕਲਾਂ ਤੇ ਰਟੌਲ ਵਿੱਚ ਪੁਤਲੇ ਫੂਕੇ ਗਏ ਤੇ ਰੋਸ ਵਜੋਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਕਿਸਾਨ ਆਗੂ ਬਲਜੀਤ ਸਿੰਘ ਰਟੌਲ, ਪ੍ਰਧਾਨ ਗੁਰਮੀਤ ਸਿੰਘ ਐਮਾਂ ਕਲਾਂ ਨੇ ਕਿਹਾ ਕਿ ਰਾਤ ਦੇ ਹਨੇਰੇ ਵਿੱਚ ਪੁਲਸ ਪ੍ਰਸ਼ਾਸਨ ਨੇ ਕਿਸਾਨਾਂ 'ਤੇ ਲਾਠੀ ਚਾਰਜ ਕੀਤਾ ਟਰੈਕਟਰ, ਟਰਾਲੀਆਂ ਭੰਨੇ ਤੰਬੂ ਤੋੜੇ। ਜਿਸ ਦੇ ਵਿਰੋਧ 'ਚ ਪੰਜਾਬ ਭਰ ਦੇ ਵਿੱਚ ਪੁਤਲੇ ਫੂਕੇ ਜਾਂ ਰਹੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਕਿਸਾਨ, ਮਜ਼ਦੂਰ ਅਤੇ ਬੀਬੀਆਂ ਭੈਣਾਂ ਰਿਹਾਅ ਨਾ ਕੀਤੇ ਗਏ ਤਾਂ ਵੱਡਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਹਰਜਿੰਦਰ ਸਿੰਘ ਰਟੌਲ, ਜਗਤਾਰ ਸਿੰਘ ਰਟੌਲ, ਮੁਖਤਾਰ ਸਿੰਘ ਰਟੌਲ, ਗੱਜਣ ਸਿੰਘ ਪੰਡੋਰੀ ਸਿੱਧਵਾਂ, ਜਸਵੰਤ ਸਿੰਘ ਰਟੌਲ, ਦਿਲਜੀਤ ਸਿੰਘ ਰਟੌਲ, ਮੁਖਤਾਰ ਸਿੰਘ ਰਟੌਲ, ਅਵਤਾਰ ਸਿੰਘ ਐਮਾਂ ਕਲਾਂ, ਕਰਤਾਰ ਸਿੰਘ ਐਮਾਂ ਕਲਾਂ, ਪ੍ਰਧਾਨ ਅਜੀਤ ਸਿੰਘ ਐਮਾਂ ਕਲਾਂ, ਡਾ ਭਾਨ ਸਿੰਘ ਪੰਡੋਰੀ ਸਿੱਧਵਾਂ, ਹਰਜੀਤ ਸਿੰਘ ਐਮਾਂ ਕਲਾਂ, ਮੀਤ ਪ੍ਰਧਾਨ ਰਣਜੀਤ ਸਿੰਘ ਐਮਾਂ ਕਲਾਂ ਆਦਿ ਹੋਰ ਆਗੂ ਹਾਜ਼ਰ ਸਨ।

# ਦਿਨੇਸ਼ ਬੱਸੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਦੇਸ਼ ਦੇ ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ 'ਤੇ ਆਯੋਜਿਤ ਸਮਾਗਮ ਵਿੱਚ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਦਿਨੇਸ਼ ਬੱਸੀ ਨੇ ਸ਼ਰਧਾਂਜਲੀ ਭੇਟ ਕੀਤੀ।ਇਹ ਸਮਾਗਮ ਪੂਰਬੀ ਹਲਕੇ ਦੇ ਵੇਰਕਾ ਦੇ ਵਾਰਡ ਨੰਬਰ 18 ਵਿੱਚ ਆਯੋਜਿਤ ਕੀਤਾ ਗਿਆ ਸੀ।ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਦੀਪ ਹੁੰਦਲ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਸਮਾਗਮ ਵਿੱਚ ਸ਼ਹੀਦਾਂ ਨੂੰ ਯਾਦ ਕੀਤਾ ਗਿਆ।ਇਸ ਮੌਕੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਦਿਨੇਸ਼ ਬੱਸੀ ਨੇ ਕਿਹਾ ਕਿ ਅੱਜ ਅਸੀਂ ਜਿਸ ਆਜ਼ਾਦੀ ਦਾ ਜਸ਼ਨ ਮਨਾ ਰਹੇ ਹਾਂ ਉਹ ਇਨ੍ਹਾਂ ਸ਼ਹੀਦਾਂ ਦੀ ਬਦੌਲਤ ਹੈ।ਪਰ ਅੱਜ ਵੀ ਨੌਜਵਾਨਾਂ ਨੂੰ ਬਿਨਾਂ ਕਿਸੇ ਚਿੰਤਾ ਦੇ, ਸਗੋਂ ਦੇਸ਼ ਪ੍ਰਤੀ ਜਾਗਰੂਕਤਾ ਨਾਲ ਕੰਮ ਕਰਨਾ ਚਾਹੀਦਾ ਹੈ।ਸਮਾਜ ਅਤੇ ਦੇਸ਼ ਪ੍ਰਤੀ ਆਪਣੀਆਂ ਸੇਵਾਵਾਂ ਦੇਣ ਦੇ ਹਿੱਸੇ ਵਜੋਂ, ਸਾਨੂੰ ਦੇਸ਼ ਵਿਰੋਧੀ ਤਾਕਤਾਂ ਅਤੇ ਸੰਪ੍ਰਦਾਇਕਤਾ ਦਾ ਵਿਰੋਧ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਸਰਕਾਰਾਂ ਜੋ ਮਨਮਾਨੇ ਢੰਗ ਨਾਲ ਕਾਰਵਾਈਆਂ ਕਰਕੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਉਨ੍ਹਾਂ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮਾਹੌਲ ਸ਼ਾਂਤੀਪੂਰਨ ਅਤੇ ਸੁਰੱਖਿਅਤ ਰਹਿ ਸਕੇ।ਇਸ ਮੌਕੇ ਉਨ੍ਹਾਂ ਤੋਂ ਇਲਾਵਾ ਗੁਰਮੀਤ ਸਿੰਘ, ਪ੍ਰਗਟ ਸਿੰਘ, ਬਲਵਿੰਦਰ ਕੁਮਾਰ, ਇੰਦਰਜੀਤ ਵਾਲੀਆ, ਗੁਰਨਾਮ ਸਿੰਘ, ਕਾਮਰੇਡ ਬਲਵੰਤ ਸਿੰਘ, ਵਿਜੇ ਕੁਮਾਰ, ਯਾਦਵਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਆਦਿ ਨੇ ਸ਼ਹੀਦਾਂ ਦੀਆਂ ਫੋਟੋਆਂ 'ਤੇ ਫੁੱਲ ਭੇਟ ਕੀਤੇ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਵੱਖ-ਵੱਖ ਥਾਈਂ ਫੂਕੇ ਸਰਕਾਰ ਦੇ ਪੁਤਲੇ



ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲੀ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜੋਨ ਟਾਂਡਾ ਵੱਲੋਂ ਸ੍ਰੀ ਗੋਇੰਦਵਾਲ ਸਾਹਿਬ ਦੇ ਮੇਨ ਚੌਂਕ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਜੋਨ ਪ੍ਰਧਾਨ ਕੁਲਵੰਤ ਸਿੰਘ ਭੈਲ ਅਤੇ ਜੋਨ ਸਕੱਤਰ ਕੁਲਦੀਪ ਸਿੰਘ ਵੇਈ ਪੂਈਂ ਦੀ ਅਗਵਾਈ ਵਿੱਚ ਫੂਕਿਆ ਗਿਆ।ਕਿਸਾਨ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਲਗਭਗ ਚਾਰ ਸੌ ਦਿਨ ਤੋਂ ਖਨੌਰੀ ਅਤੇ ਸ਼ੰਭੂ ਬਾਰਡਰ ਤੇ ਚੱਲ ਰਹੇ ਸ਼ਾਂਤਮਈ ਸੰਘਰਸ਼ ਨੂੰ ਇਸ ਸਰਕਾਰ ਨੇ ਪਹਿਲਾਂ ਕਿਸਾਨਾਂ ਨੂੰ ਮੀਟਿੰਗ ਵਾਸਤੇ ਬੁਲਾ ਕੇ ਫਿਰ ਕਿਸਾਨ ਆਗੂਆਂ ਨੂੰ ਧੋਖੇ ਨਾਲ ਗ੍ਰਿਫਤਾਰ ਕਰਕੇ ਅਤੇ ਇਹਨਾਂ ਮੋਰਚਿਆਂ ਨੂੰ ਆਗੂ ਰਹਿਤ ਕਰਕੇ ਰਾਤ ਦੇ ਹਨੇਰੇ ਵਿੱਚ ਪੁਲਸ ਦੀਆਂ ਲਾਠੀਆਂ ਅਤੇ ਸੰਗੀਨਾਂ ਨਾਲ ਹਮਲਾ ਕਰਕੇ ਜੋ ਕਿਸਾਨ ਮਜ਼ਦੂਰਾਂ ਦੇ ਆਰਜੀ ਬਣਾਏ ਹੋਏ ਟੈਂਟ ਢਾਹ ਦਿੱਤੇ ਗਏ ਅਤੇ ਕਿਸਾਨਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਉਸ ਦੇ ਸਬੰਧ ਵਿੱਚ ਰੋਸ ਪ੍ਰਗਟ ਕਰਦਿਆਂ ਹੋਇਆਂ ਸਾਰੇ ਪੰਜਾਬ ਵਿੱਚ ਸਰਕਾਰ ਦੇ ਪੁਤਲੇ ਫੂਕੇ ਜਾ ਰਹੇ ਹਨ।ਇਸੇ ਸਬੰਧ ਵਿੱਚ ਅੱਜ ਜੋਨ ਟਾਂਡਾ ਵੱਲੋਂ ਵੀ ਸ੍ਰੀ ਗੋਇੰਦਵਾਲ ਸਾਹਿਬ ਦੇ ਮੇਨ ਚੌਂਕ ਵਿੱਚ ਭਗਵੰਤ ਮਾਨ ਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਖਵਿੰਦਰ ਸਿੰਘ ਸੰਗਤਪੁਰ, ਦਵਿੰਦਰ ਸਿੰਘ ਗਿੱਲ ਇਕਾਈ ਪ੍ਰਧਾਨ ਸ੍ਰੀ ਗੋਇੰਦਵਾਲ ਸਾਹਿਬ, ਫ਼ਤਿਹ ਸਿੰਘ ਬਾਠ, ਦਿਲਬਾਗ ਸਿੰਘ ਤੁੜ, ਸੁਰਿੰਦਰ ਸਿੰਘ ਢੋਟੀ, ਮੱਖਣ ਸਿੰਘ ਢੋਟੀ, ਇਕਬਾਲ ਸਿੰਘ ਢੋਟੀ, ਨਿਰਮਲ ਸਿੰਘ ਤੁੜ, ਭਗਵਾਨ ਸਿੰਘ ਧੂੰਦਾ, ਗੁਰਿੰਦਰ ਸਿੰਘ ਠੇਕੇਦਾਰ, ਸੰਤੋਖ ਸਿੰਘ ਖਹਿਰਾ, ਰਣਜੀਤ ਸਿੰਘ ਲੱਕੀ, ਰਘਬੀਰ ਸਿੰਘ ਵਿਰਕ, ਹਰਜੀਤ ਸਿੰਘ ਭੋਜੋਵਾਲੀ ਮਲਕੀਤ ਸਿੰਘ, ਲਾਡੀ ਬਾਠ, ਬਲਵਿੰਦਰ ਸਿੰਘ ਨੀਲਾ, ਗੁਰ ਦਿਆਲ ਸਿੰਘ ਢੋਟੀ ਬੱਬੂ ਪਹਿਲਵਾਨ ਹਰਦਿਆਲ ਸਿੰਘ ਕੰਗ, ਮਨਦੀਪ ਸਿੰਘ ਪ੍ਰਧਾਨ ਦੁਕਾਨਦਾਰ ਯੂਨੀਅਨ, ਪਿਆਰਾ ਸਿੰਘ ਲਵਲੀ ਸਵੀਟ ਵਾਲੇ ਅਤੇ ਹੋਰ ਬਹੁਤ ਸਾਰੇ ਕਿਸਾਨ ਆਗੂ ਹਾਜ਼ਰ ਸਨ।

ਇਸੇ ਤਰ੍ਹਾਂ ਖਵਾਸਪੁਰ ਵੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਜਗਰੂਪ ਸਿੰਘ ਪ੍ਰੀਤਮ ਸਿੰਘ ਸਰੂਪ ਸਿੰਘ ਗੁਰਬਿੰਦਰ ਸਿੰਘ ਕੁਲਬੀਰ ਸਿੰਘ ਸੁਰਜੀਤ ਸਿੰਘ ਮੁਖਤਾਰ ਸਿੰਘ ਲਖਵਿੰਦਰ ਗਿੱਲ ਜਗਤਾਰ ਸਿੰਘ ਗਿੱਲ ਹੈਪੀ ਬੁਰਜ ਹਰਦੀਪ ਸਿੰਘ ਬਾਬਾ ਚੰਦ ਬਲਕਾਰ ਸਿੰਘ ਗੁਰਪਾਲ ਸਿੰਘ ਮਹਿਤਾਬ ਸਿੰਘ ਬੀਬੀ ਰੰਜੂਪੁਰੀ ਭਜਨ ਕੌਰ ਜਸਵਿੰਦਰ ਕੌਰ ਜਸਪ੍ਰੀਤ ਕੌਰ ਅਤੇ ਹੋਰ ਹਾਜ਼ਰ ਸਨ।

# ਸਾਂਸਦਾਂ ਨੂੰ ਗੱਫੇ, ਮਜ਼ਦੂਰਾਂ, ਕਿਸਾਨਾਂ ਨੂੰ ਧੱਕੇ : ਸੋਹਲ ਤੇ ਗੁਰਦਿਆਲ

ਤਰਨ ਤਾਰਨ ( ਮੱਖਣ ਮਨੋਜ) ਕੇਂਦਰ ਸਰਕਾਰ ਵੱਲੋਂ ਪਾਰਲੀਮੈਂਟ ਮੈਂਬਰਾਂ ਦੀ ਤਨਖਾਹ, ਪੈਨਸ਼ਨ ਤੇ ਭੱਤਿਆਂ ਵਿੱਚ ਭਾਰਤੀ ਵਾਧਾ ਤੇ ਪ੍ਰਤੀ ਕਿਰਿਆ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਤੇ ਸਹਾਇਕ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਪੰਜਾਬੀ ਅਖਾਣ 'ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜਿਉਣ' ਅਨੁਸਾਰ ਅੱਜ ਸਾਂਸਦਾਂ ਲਈ ਖ਼ਜ਼ਾਨੇ ਦੇ ਬੂਹੇ ਖੋਲ੍ਹ ਦਿੱਤੇ ਗਏ ਹਨ, ਪਰ ਮਜ਼ਦੂਰ ਜਿਹੜਾ ਦੋ ਡੰਗ ਦੀ ਰੋਟੀ ਤੋਂ ਵੀ ਮੁਥਾਜ ਹੈ, ਜਿਸਨੂੰ ਅੱਜ ਘੱਟੋ ਘੱਟ ਮਿਹਨਤਾਨਾ ਤੀਹ ਹਜ਼ਾਰ ਰੁਪਏ ਮਹੀਨਾ ਚਾਹੀਦਾ ਹੈ ਉਸ ਬਾਰੇ ਪਾਰਲੀਮੈਂਟ ਵੱਲੋਂ ਕਦੇ ਵਿਚਾਰ ਹੀ ਨਹੀਂ ਕੀਤਾ ਜਾਂਦਾ।ਕਿਸਾਨਾਂ ਨੂੰ ਫਸਲਾਂ ਦੀ ਐਮ ਐਸ ਪੀ ਦੇਣ ਦੀ ਬਜਾਏ ਜੇਲ੍ਹ ਭੇਜ ਦਿੱਤਾ ਜਾਂਦਾ ਹੈ।ਪਾਰਲੀਮੈਂਟ ਮੈਂਬਰਾਂ ਦੀ ਪੈਨਸ਼ਨ ਤੇ ਭੱਤਿਆਂ ਨੂੰ ਪਾ ਕੇ ਉਹ ਤਾਂ ਬੁੱਢਾਪੇ ਵਿੱਚ ਮੌਜਾਂ ਕਰਦੇ ਹਨ ਪਰ ਮਜ਼ਦੂਰਾਂ ਕਿਸਾਨਾਂ ਨੂੰ ਇਸ ਮਹਿੰਗਾਈ ਦੇ ਦੌਰ ਵਿੱਚ ਵੀ ਸਿਰਫ ਪੰਦਰਾਂ ਸੌ ਰੁਪਏ ਪੈਨਸ਼ਨ ਮਿਲ ਰਹੀ ਹੈ।ਉਹਨਾਂ ਮੰਗ ਕੀਤੀ ਕਿ ਸਿਆਸਤਦਾਨ ਤਾਂ ਸੇਵਾ ਲਈ ਆਉਂਦੇ ਹਨ ਫਿਰ ਉਹਨਾਂ ਸ਼ਾਹੀ ਸਹੂਲਤਾਂ ਕਿਉਂ ? ਉਹਨਾਂ ਕਿਹਾ ਜੇਕਰ ਉਹਨਾਂ ਨੂੰ ਤਨਖਾਹ ਤੇ ਪੈਨਸ਼ਨ ਦੇਣੀ ਹੈ ਤਾਂ ਬਰਾਬਰ ਹੀ ਮਜ਼ਦੂਰ ਤੇ ਗਰੀਬ ਕਿਸਾਨ ਨੂੰ ਵੀ ਦਿੱਤੀ ਜਾਵੇ।

# ਸੇਂਟ ਸੋਵਰੇਨ ਕਾਨਵੈਂਟ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) -ਸੇਂਟ ਸੋਵਰੇਨ ਕਾਨਵੈਂਟ ਸਕੂਲ ਚਵਿੰਡਾ ਦੇਵੀ ਵਿੱਚ 2024-25 ਦੇ ਬੈਚ ਦੇ ਵਿਦਿਆਰਥੀਆਂ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ।ਇਸ ਸਮਾਗਮ ਵਿੱਚ ਵਿਦਿਆਰਥੀਆਂ ਵੱਲੋਂ ਸਾਲ ਭਰ ਦੀ ਮਿਹਨਤ ਕਰਕੇ ਜਮਾਤ ਵਿੱਚੋਂ ਪਹਿਲਾ, ਦੂਜਾ, ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਕੂਲ ਮੈਨੇਜਮੈਂਟ ਦੁਆਰਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਮਾਤਾ- ਪਿਤਾ ਵੀ ਸ਼ਾਮਲ ਸਨ।ਇਸ ਮੌਕੇ ਸਕੂਲ ਦੇ ਚੇਅਰਮੈਨ ਅਸਵਨੀ ਕਪੂਰ, ਵਾਈਸ ਚੇਅਰਮੈਨ ਨਰਿੰਦਰ ਸ਼ਰਮਾ ਅਤੇ ਡਾਇਰੈਕਟਰ ਸ਼ਵੀ ਕਪੂਰ ਜੀ ਨੇ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਸਫਲਤਾਵਾਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ।ਐਮ.ਡੀ ਕੋਮਲ ਕਪੂਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਭਵਿੱਖ ਵਿੱਚ ਹੋਰ ਤਰੱਕੀ ਕਰਨ ਬਾਰੇ ਉਤਸ਼ਾਹਿਤ ਕੀਤਾ ਤੇ ਕਿਹਾ ਇਹ ਸਮਾਰੋਹ ਵਿਦਿਆਰਥੀਆਂ ਲਈ ਇਕ ਖੁਸ਼ੀ ਦਾ ਮੌਕਾ ਹੁੰਦਾ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੇ ਸੰਘਰਸ਼ ਦੀ ਸਫਲਤਾ ਦੇਣ ਦਾ ਅਨੰਦ ਮਿਲਦਾ ਹੈ।ਪ੍ਰਿੰਸੀਪਲ ਪ੍ਰਵੀਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਇਨਾਮਾਂ ਦੀ ਵੰਡ ਵਿਦਿਆਰਥੀਆਂ ਦੀਆਂ ਮਿਹਨਤਾਂ ਦੀ ਪਛਾਣ ਕਰਦੀ ਹੈ, ਜਿਸ ਨਾਲ ਉਹਨਾਂ ਨੂੰ ਆਪਣੇ ਕੰਮ ਦੀ ਕਦਰ ਮਹਿਸੂਸ ਹੁੰਦੀ ਹੈ।

ਇਸ ਦੇ ਨਾਲ ਹੀ ਵਾਈਸ ਪ੍ਰਿੰਸੀਪਲ ਨੀਤਿਕਾ ਸੇਠੀ ਜੀ ਨੇ ਕਿਹਾ ਕਿ ਇਨਾਮਾਂ ਤੋਂ ਪ੍ਰੇਰਿਤ ਹੋ ਕੇ ਵਿਦਿਆਰਥੀ ਆਪਣੇ ਅੱਗੇ ਦੇ ਹੋਰ ਟਾਰਗਟ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹਨਾਂ ਨੇ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਹੋਰ ਮਿਹਨਤ ਕਰਕੇ ਆਪਣਾ ਨਾਂ ਰੋਸ਼ਨ ਕਰਨ ਬਾਰੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਦੇ ਕੋਆਰਡੀਨੇਟਰ ਸਮੂਹ ਸਟਾਫ ਅਤੇ ਵਿਦਿਆਰਥੀ ਸ਼ਾਮਲ ਸਨ।

# ਨਵੀਂ ਪਨੀਰੀ ਨੂੰ ਮਾਂ ਬੋਲੀ ਪ੍ਰਤੀ ਜਾਗਰੂਕ ਕਰਨ ਲਈ ਅਹਿਮ ਉਪਰਾਲਾ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ) ਅੱਜ ਇੱਥੇ ਪਿਛਲੇ 40 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਕਾਰਜਸ਼ੀਲ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੀ ਇਕ ਅਹਿਮ ਮੀਟਿੰਗ ਸਭਾ ਦੇ ਬਾਨੀ ਸੰਸਥਾਪਕ ਮਰਹੂਮ ਪ੍ਰਿਥੀਪਾਲ ਸਿੰਘ ਅਠੌਲਾ ਯਾਦਗਾਰੀ ਲਾਇਬਰੇਰੀ, ਬਾਬਾ ਬਕਾਲਾ ਸਾਹਿਬ ਵਿਖੇ ਸੁਖਦੇਵ ਸਿੰਘ ਭੁੱਲਰ ਸਾਬਕਾ ਮੈਨੇਜਰ ਪੰਜਾਬ ਸਕੂਲ ਸਿਖਿਆ ਬੋਰਡ ਦੀ ਅਗਵਾਈ ਹੇਠ ਹੋਈ । ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਦੱਸਿਆ ਕਿ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਇਕ ਹੋਰ ਨਿਵੇਕਲਾ ਉਪਰਾਲਾ ਕਰਦਿਆਂ ਸਭਾ ਵੱਲੋਂ ਪਿਛਲੇ ਸਮੇਂ ਦੌਰਾਨ ਵੱਖ-ਵੱਖ ਸਮੇਂ ਦੌਰਾਨ ਪ੍ਰਕਾਸ਼ਿਤ 12 ਸਾਂਝੀਆਂ ਕਾਵਿ ਪੁਸਤਕਾਂ ਨੂੰ ਵੱਖ-ਵੱਖ ਸਕੂਲਾਂ ਦੀਆਂ ਲਾਇਬਰੇਰੀਆਂ ਵਿੱਚ ਭੇਟ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ, ਤਾਂ ਜੋ ਨਵੀਂ ਪਨੀਰੀ ਨੂੰ ਪੰਜਾਬੀ ਮਾਂ ਬੋਲੀ ਪ੍ਰਤੀ ਜਾਗਰੂਕ ਕੀਤਾ ਜਾ ਸਕੇ । ਇਸ ਮੌਕੇ ਇਸ ਕਾਰਜ ਦੀ ਰਸਮੀਂ ਸ਼ੁਰੂਆਤ ਕਰਦਿਆਂ ਅੱਜ ਸਭਾ ਵੱਲੋਂ ਗੁਰੂ ਤੇਗ ਬਹਾਦਰ ਖਾਲਸਾ ਸੀਨੀ: ਸੈ: ਸਕੂਲ, ਬਾਬਾ ਬਕਾਲਾ ਸਾਹਿਬ ਵਿਖੇ ਸਕੂਲ ਦੇ ਪ੍ਰਿੰਸੀਪਲ ਦਿਲਬਾਗ ਸਿੰਘ ਮਾਨ ਨੂੰ ਉਕਤ ਪੁਸਤਕਾਂ ਸਕੂਲ ਦੀ ਲਾਇਬਰੇਰੀ ਲਈ ਭੇਟ ਕੀਤੀਆਂ ਗਈਆਂ । ਸਕੂਲ ਦੇ ਪ੍ਰਿੰਸੀਪਲ ਦਿਲਬਾਗ ਸਿੰਘ ਮਾਨ ਨੇ ਸਭਾ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ, ਇਤਿਹਾਸਕ ਨਗਰ ਬਾਬਾ ਬਕਾਲਾ ਸਾਹਿਬ ਵਿਖੇ ਨਿਰੰਤਰ ਸਾਹਿਤਕ ਸਰਗਰਮੀਆਂ ਜਾਰੀ ਰੱਖਣ ਲਈ ਸਭਾ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਅਤੇ ਸਭਾ ਦੇ ਅਹੁਦੇਦਾਰਾਂ ਨੂੰ ਜੀ ਆਇਆਂ ਕਿਹਾ।ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਕਾਰਜਕਾਰੀ ਮੈਂਬਰ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਖਜ਼ਾਨਚੀ ਮਾ. ਮਨਜੀਤ ਸਿੰਘ ਵੱਸੀ, ਸਕੱਤਰ ਮਾ. ਨਵਦੀਪ ਸਿੰਘ ਬਦੇਸ਼ਾ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ ਬੀ ਈ ਈ ਓ ਬਲਾਕ ਰਈਆ, ਸੁਖਦੇਵ ਸਿੰਘ ਭੁੱਲਰ ਸਾਬਕਾ ਮੈਨੇਜਰ ਪੰਜਾਬ ਸਕੂਲ ਸਿਖਿਆ ਬੋਰਡ, ਡਾ: ਕੁਲਵੰਤ ਸਿੰਘ ਬਾਠ ਸਾ: ਸੀਨੀਅਰ ਵੈਟਰਰੀ ਅਫਸਰ, ਮੈਡਮ ਸੁਖਵੰਤ ਕੌਰ ਵੱਸੀ (ਪ੍ਰਧਾਨ ਮਹਿਲਾ ਵਿੰਗ), ਸਰਬਜੀਤ ਸਿੰਘ ਪੱਡਾ, ਬਲਵਿੰਦਰ ਸਿੰਘ ਅਠੌਲਾ, ਮਾ. ਅਮਰਜੀਤ ਸਿੰਘ ਘੁੱਕ, ਮਨਜੀਤ ਸਿੰਘ ਕੰਬੋ ਅਤੇ ਹੋਰ ਹਾਜ਼ਰ ਸਨ।

# 28 ਦੇ ਰੋਸ ਧਰਨੇ ਨੂੰ ਕਾਮਯਾਬ ਕਰਨ ਸੰਬੰਧੀ ਸੰਤ ਸਮਾਜ ਦੀ ਮੀਟਿੰਗ ਹੋਈ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਕਮੇਟੀ ਦੀ ਐਗਜ਼ੈਕਟਿਵ ਕਮੇਟੀ ਵੱਲੋਂ ਸਿੱਖ ਭਾਵਨਾਵਾਂ ਦੇ ਉਲਟ ਜਾ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬ ਦੀਆਂ ਨਿਯੁਕਤੀਆਂ ਨੂੰ ਰੱਦ ਕਰਨ ਦੇ ਰੋਸ ਵਜੋਂ ਸੰਤ ਸਮਾਜ ਅਤੇ ਦਮਦਮੀ ਟਕਸਾਲ ਵੱਲੋਂ 28 ਮਾਰਚ ਨੂੰ ਤੀਜਾ ਸਿੰਘ ਸਮੁੰਦਰੀ ਹਾਲ ਵਿਖੇ ਦਿੱਤੇ ਜਾ ਰਹੇ ਰੋਸ ਧਰਨੇ ਦੇ ਸੰਬੰਧ ਵਿੱਚ ਦਮਦਮੀ ਟਕਸਾਲ ਦੇ ਹੈਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ ਮਾਝਾ ਜੋਨ ਦੇ ਸੰਤਾਂ ਮਹਾਂਪੁਰਸ਼ਾਂ ਦੀ ਇੱਕ ਪ੍ਰਭਾਵਸ਼ਾਲੀ ਇਕੱਤਰਤਾ ਸੰਤ ਸਮਾਜ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਮੁੱਚੇ ਮਾਝਾ ਜੋਨ ਦੇ ਸੰਤਾਂ ਮਹਾਂਪੁਰਸ਼ਾਂ , ਨਿਹੰਗ ਜਥੇਬੰਦੀਆਂ ਦੇ ਮੁਖੀਆਂ ਅਤੇ ਵੱਖ ਵੱਖ ਪਿੰਡਾਂ ਦੇ ਪੰਚਾ ਸਰਪੰਚਾਂ ਨੇ ਹਿੱਸਾ ਲਿਆ ਅਤੇ ਰੋਸ ਧਰਨੇ ਨੂੰ ਸ਼ਾਂਤਮਈ ਢੰਗ ਨਾਲ ਕਾਮਯਾਬ ਕਰਨ ਲਈ ਵੱਖ-ਵੱਖ ਵਿਚਾਰ ਲਏ ਗਏ ਤੇ ਡਿਊਟੀਆਂ ਵੀ ਲਗਾਈਆਂ ਗਈਆਂ।

ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਸਮਾਜ ਅਤੇ ਦਮਦਮੀ ਟਕਸਾਲ ਮਹਿਤਾ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਦੱਸਿਆ ਕਿ 28 ਮਾਰਚ ਦਾ ਰੋਸ ਧਰਨਾ ਪਿਛਲੇ ਦਿਨੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜੈਕਟਿਵ ਕਮੇਟੀ ਕਮੇਟੀ ਵੱਲੋਂ ਸਿੰਘ ਸਾਹਿਬਾਨ ਨੂੰ ਬੇ ਤਰਤੀਬੇ ਢੰਗ ਨਾਲ ਫਾਰਗ ਕਰਨ ਜਿਨ੍ਹਾਂ ਵਿੱਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੀ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਸ਼ਾਮਿਲ ਹਨ ਜਿਨਾਂ ਨੂੰ ਇਸ ਢੰਗ ਨਾਲ ਅਹੁਦਿਆਂ ਤੋਂ ਫਾਰਗ ਕੀਤਾ ਗਿਆ ਜਿਸ ਨਾਲ ਸਿੱਖ ਕੌਮ ਦੇ ਹਿਰਦੇ ਵਲੂੰਦਰੇ ਗਏ ਅਤੇ ਦੁਨੀਆਂ ਭਰ ਦੇ ਸਿੱਖਾਂ ਵਿੱਚ ਨਿਰਾਸ਼ਾ ਫੈਲ ਗਈ। ਇਸਮ ਮੌਕੇ ਸੰਤ ਬਾਬਾ ਸੱਜਣ ਸਿੰਘ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ, ਸੰਤ ਬਾਬਾ ਗੁਰਦੇਵ ਸਿੰਘ ਤਰਸਿੱਕਾ ਡੇਰਾ ਭਗਤਾਂ, ਬਾਬਾ ਮੇਜਰ ਸਿੰਘ ਸੋਢੀ ਨਿਹੰਗ ਮੁਖੀ, ਬਾਬਾ ਦਰਸ਼ਨ ਦਾਸ ਟਾਂਗਰੇ ਵਾਲੇ, ਬਾਬਾ ਗੁਰਭੇਜ ਸਿੰਘ ਖੁਜਾਲੇ ਵਾਲੇ, ਬਾਬਾ ਸੁਖਵੰਤ ਸਿੰਘ ਚਨਨਕੇ, ਸੰਤ ਬਾਬਾ ਗੁਰਮੀਤ ਸਿੰਘ ਬਦੋਵਾਲ ਵਾਲੇ, ਹਰਸ਼ਦੀਪ ਸਿੰਘ ਰੰਧਾਵਾ, ਕਸ਼ਮੀਰ ਸਿੰਘ ਕਾਲਾ ਸਰਪੰਚ ਅਤੇ ਹੋਰ ਸੰਤ ਮਹਾਂਪੁਰਸ਼ ਤੇ ਇਲਾਕੇ ਦੇ ਪੰਚ ਸਰਪੰਚ ਤੇ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦਾ ਸ਼ਹੀਦੀ ਦਿਹਾੜਾ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)- ਭਾਰਤੀ ਜਨਵਾਦੀ ਨੌਜਵਾਨ ਸਭਾ ਜ਼ਿਲ੍ਹਾ ਇਕਾਈ ਅੰਮ੍ਰਿਤਸਰ ਵੱਲੋਂ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦਾ ਸ਼ਹੀਦੀ ਦਿਹਾੜਾ ਸਥਾਨਕ ਨਾਈਆਂ ਵਾਲਾ ਮੋੜ ਵਿਖੇ ਵਿਜੇ ਕੁਮਾਰ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ।ਇਸ ਮੌਕੇ ਸੀਟੂ ਨਾਲ ਸੰਬੰਧਿਤ ਜਥੇਬੰਦੀਆਂ, ਕੁਲ ਹਿੰਦ ਕਿਸਾਨ ਸਭਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਅਤੇ ਜਨਵਾਦੀ ਇਸਤਰੀ ਸਭਾ ਦੇ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਇਕੱਠ ਨੂੰ ਸੰਬੋਧਨ ਕਰਦਿਆਂ ਸੀਟੂ ਦੇ ਸੂਬਾਈ ਵਿੱਤ ਸਕੱਤਰ ਸੁੱਚਾ ਸਿੰਘ ਅਜਨਾਲਾ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਬਾਰੇ ਵਿਸਥਾਰ ਨਾਲ ਦੱਸਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਜਸਬੀਰ ਸਿੰਘ ਝਬਾਲ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਨੇ ਵੀ ਸੰਬੋਧਨ ਕੀਤਾ ਸੀਟੂ ਦੇ ਜ਼ਿਲ੍ਹਾ ਸਕੱਤਰ ਚਰਨਜੀਤ ਸਿੰਘ ਮਜੀਠਾ, ਐਡਵੋਕੇਟ ਕਮਲਜੀਤ ਕੌਰ ਜਨਵਾਦੀ ਇਸਤਰੀ ਸਭਾ, ਭੁਪਿੰਦਰਜੀਤ ਸਿੰਘ ਛੀਨਾ ਕੁੱਲ ਹਿੰਦ ਕਿਸਾਨ ਸਭਾ, ਬੁਲਾਰਿਆਂ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ, ਵੱਧ ਰਹੀ ਮੰਗਿਆਈ, ਬੇਰੁਜ਼ਗਾਰੀ,ਭ੍ਰਿਸ਼ਟਾਚਾਰ ਅਤੇ ਅਮਨ ਕਾਨੂੰਨ ਦੀ ਵਿਗੜ ਰਹੀ ਸਥਿਤੀ ਬਾਰੇ ਵਿਸਤਾਰ ਨਾਲ ਜਾਣੂ ਕਰਵਾਉਂਦਿਆਂ ਕਿਸਾਨਾਂ, ਮਜਦੂਰਾਂ ਅਤੇ ਨੌਜਵਾਨਾਂ ਨੂੰ ਲਾਮਬੰਦ ਹੋ ਕੇ ਸੰਘਰਸ਼ ਕਰਨ ਲਈ ਪ੍ਰੇਰਿਆ।ਇਸ ਮੌਕੇ ਨਰਿੰਦਰਪਾਲ ਚਮਿਆਰੀ, ਕਿਰਪਾ ਰਾਮ, ਤਰਸੇਮ ਟਪਿਆਲਾ, ਪ੍ਰਤਾਪ ਸਿੰਘ, ਨਰਿੰਦਰ ਧੰਜਲ, ਜਸਵੰਤ ਸਿੰਘ, ਸੋਨੀਆ, ਗੁਰਦੀਪ ਬੁਤਾਲਾ, ਸਰੋਜ ਬਾਲਾ, ਪੂਜਾ, ਭਗਵੰਤ ਸਿੰਘ, ਸਤਨਾਮ ਸਿੰਘ ਕਲੇਰ, ਸਾਹਿਬ ਸਿੰਘ ਵਰਪਾਲ, ਬਲਦੇਵ ਸਿੰਘ, ਜਰਨੈਲ ਸਿੰਘ, ਡਾ. ਰਿੰਕੂ, ਨਿਸ਼ਾਨ ਸਿੰਘ, ਗੁਰਵਿੰਦਰ ਸਿੰਘ, ਭੁਪਿੰਦਰ ਸਿੰਘ, ਗੁਰਪ੍ਰਤਾਪ ਸਿੰਘ, ਰਾਜਨ, ਅਜਮੇਲ ਸਿੰਘ, ਸੁਮੀਲ ਕੁਮਾਰ ਮੁਰਾਰੀ, ਮਨਪ੍ਰੀਤ ਸਿੰਘ ਅਤੇ ਤਰਸੇਮ ਸਿੰਘ ਹਾਜ਼ਰ ਸਨ।

# ਸੰਗਤਾਂ 4 ਨੂੰ ਦਮੜੀ ਸ਼ੋਭਾ ਯਾਤਰਾ 'ਚ ਹੁੰਮ-ਹੁਮਾ ਕੇ ਸ਼ਾਮਲ ਹੋਣ : ਸੰਤ ਜਗੀਰ ਸਿੰਘ



ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ ) ਸਰਬੱਤ ਦਾ ਭਲਾ ਚੈਰੀਟੇਬਲ ਸੁਸਾਇਟੀ (ਰਜਿ.) ਵਲੋਂ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਨਾਨਕ ਦੇਵ ਜੀ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ ਵਿਖੇ ਮੁੱਖ ਸੰਚਾਲਕ ਸੰਤ ਜਗੀਰ ਸਿੰਘ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ, ਕਵਿਸ਼ਰੀ ਜਥੇ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਸੰਤ ਮਹਾਂਪੁਰਸ਼ ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ( ਰਜਿ.) ਪੰਜਾਬ, ਸੰਤ ਸਰਵਣ ਦਾਸ ਸਲੇਮਤਾਵਰੀ, ਸੰਤ ਬਲਵੰਤ ਸਿੰਘ ਡਿੰਗਰੀਆਂ, ਸੰਤ ਧਰਮਪਾਲ ਸ਼ੇਰਗੜ,ਸੰਤ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਮਨਜੀਤ ਦਾਸ ਹਿਮਾਚਲ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਬਲਵੀਰ ਧਾਂਦਰਾਂ ਨੇ ਸੰਗਤਾਂ ਨੂੰ ਕੀਰਤਨ ਕਥਾ ਰਾਹੀਂ ਨਿਹਾਲ ਕੀਤਾ। ਸੰਤ ਜਗੀਰ ਸਿੰਘ ਨੇ ਸੰਤਾਂ, ਮਹਾਪੁਰਸ਼ਾਂ, ਧਾਰਮਿਕ, ਸਮਾਜਿਕ ਤੇ ਰਾਜਨੀਤਕ ਸਖਸ਼ੀਅਤਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਹਰ ਸਾਲ ਦੀ ਤਰ੍ਹਾਂ ਇਤਿਹਾਸਕ ਦਮੜੀ ਸ਼ੋਭਾ ਯਾਤਰਾ 4 ਅਪ੍ਰੈਲ ਨੂੰ ਰੇਲ ਗੱਡੀ ਰਾਹੀਂ ਰੇਲਵੇ ਸਟੇਸ਼ਨ ਜਲੰਧਰ ਤੋਂ ਆਰੰਭ ਹੋਵੇਗੀ, ਸੰਗਤਾਂ ਹੁੰਮ ਹੁਮਾ ਕੇ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣ।ਇਸ ਮੌਕੇ ਚੇਅਰਮੈਨ ਗੁਰਪਾਲ ਸਿੰਘ ਮਾਰਕੀਟ ਕਮੇਟੀ ਜਲੰਧਰ, ਰਣਜੀਤ ਸਿੰਘ, ਬੀਰ ਚੰਦ ਸੁਰੀਲਾ ਜਰਨਲ ਸਕੱਤਰ ਜਲੰਧਰ, ਸਾਂਈ ਦਲਵੀਰ ਸਿੰਘ, ਚੇਅਰਮੈਨ ਗੁਰਬਿੰਦਰ ਸਿੰਘ ਪਾਬਲਾ,ਅਮਿਤ ਕੁਮਾਰ ਪਾਲ ਕੌਮੀ ਕੈਸ਼ੀਅਰ ਆਦਿ ਧਰਮ ਮਿਸ਼ਨ, ਵਰਿੰਦਰ ਬੰਗਾ ਕੌਮੀ ਜਨਰਲ ਸਕੱਤਰ, ਤੀਰਥ ਸਮਰਾ, ਜਗਦੀਸ਼ ਕੁਮਾਰ, ਗਿਆਨ ਸਿੰਘ ਸਰਪੰਚ, ਸੇਵਾ ਸਿੰਘ ਚੰਡੀਗੜ੍ਹ,ਵਿਜੈ ਕੁਮਾਰ ਪਟਵਾਰੀ, ਰਣਜੀਤ ਸਿੰਘ ਰਾਏਪੁਰ, ਗੁਰਮੁਖ ਸਿੰਘ ਖੋਸਲਾ, ਵਿਜੈ ਸਰਪੰਚ,ਰਿਕੂ ਬਸਰਾ, ਬਲਕਾਰ ਸਿੰਘ ਇਨਕਮ ਟੈਕਸ ਵਿਭਾਗ, ਮਲਕੀਤ ਸਿੰਘ, ਗੁਰਪ੍ਰਤਾਪ ਸਿੰਘ, ਗੁਰਪ੍ਰੀਤ ਸਿੰਘ,ਗੁਲੂ ਨੰਦਾਚੌਰ, ਮਿੰਟੂ ਨੰਦਾਚੌਰ,ਨਿਕਾ ਨੰਦਾਚੌਰ, ਚੰਨਪ੍ਰੀਤ, ਸਰਵਣ ਸਿੰਘ, ਸਤਨਾਮ ਸਿੰਘ, ਰਹਿਮਤ ਅਲੀ, ਸਤਪਾਲ ਸੱਤੀ,ਹਰੀ ਰਾਮ, ਬਿਅੰਤ ਕੌਰ,ਨੀਲਮ ਰਾਣੀ, ਸਰਪੰਚ ਰਮੇਸ਼ ਸਿੰਘ ਨੰਦਾਚੌਰ, ਅਸ਼ਮੀਤ ਸਿੰਘ ਪਾਬਲਾ ਸਿੰਘ, ਯੂਥ ਵੈਲਫੇਅਰ ਸੁਸਾਇਟੀ ਰਜਿ ਨੰਦਾਚੌਰ, ਪ੍ਰਧਾਨ ਮੱਲੀ ਸਾਹਿਬ ਸਿੰਘ ਸਭਾ ਗੁਰਦੁਆਰਾ ਨੰਦਾਚੌਰ, ਸੰਦੀਪ ਮੰਗਾਂ, ਰਾਣਾ ਸਲੂਨ, ਗੋਰੀ, ਸਾਹਿਲ, ਗੋਪੀ, ਨਿਸ਼ੂ,ਰਾਮ ਕੁਮਾਰ, ਨਰਿੰਦਰ ਪੇਂਟਰ, ਚੌਹਾਨ ਹੱਡੀਆਂ ਦਾ ਹਸਪਤਾਲ ਨੰਦਾਚੌਰ, ਮਨਪ੍ਰੀਤ ਧਾਮੀ, ਸਾਈਂ ਨਿਕਾ, ਸਰਪੰਚ ਚੀਨਾ ਪਰਵਾਰ,ਵੈਦ ਤਰਲੋਕ ਸਿੰਘ ਵੀ ਹਾਜਰ ਸਨ।

# ਪੰਜਾਬ ਇਸਤਰੀ ਸਭਾ ਤਰਨ ਤਾਰਨ ਵੱਲੋਂ ਮਨਜੀਤ ਮਾਨਸਾ ਨੂੰ ਸ਼ਰਧਾਂਜਲੀ



ਝਬਾਲ ( ਮੱਖਣ ਮਨੋਜ) ਪੰਜਾਬ ਇਸਤਰੀ ਸਭਾ ਤਰਨ ਤਾਰਨ ਨੇ ਕਸਬਾ ਝਬਾਲ ਵਿਖੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਤੌਰ 'ਤੇ ਮਨਾਏ ਜਾਂਦੇ ਪੰਦਰਵਾੜੇ ਦੇ ਤਹਿਤ ਪ੍ਰੋਗਰਾਮ ਕਰਵਾਇਆ ਗਿਆ। ਸੂਬਾ ਪ੍ਰਧਾਨ ਜਿੰਦਰਪਾਲ ਕੌਰ ਉਚੇਚੇ ਤੌਰ 'ਤੇ ਪਹੁੰਚੇ। ਸਮਾਗਮ ਵਿੱਚ ਪ੍ਰਧਾਨਗੀ ਜਿਲ੍ਹਾ ਪ੍ਰਧਾਨ ਸੀਮਾ ਸੋਹਲ ਅਤੇ ਬੀਬੀ ਕੁਲਵੰਤ ਕੌਰ ਨੇ ਕੀਤੀ ਸਭ ਤੋਂ ਪਹਿਲਾਂ ਭੈਣ ਮਨਜੀਤ ਮਾਨਸਾ ਜਿਸ ਦਾ ਕਿ ਅੱਠ ਮਾਰਚ ਕੌਮਾਂਤਰੀ ਮਹਿਲਾ ਦਿਵਸ 'ਤੇ ਕਤਲ ਕਰ ਗਿਆ ਸੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਗੁਰਪ੍ਰੀਤ ਕੌਰ ਵਾਈਸ ਪ੍ਰਿੰਸਪਲ ਨੇ ਸਟੇਜ ਸਕੱਤਰ ਦੇ ਫਰਜ ਨਿਭਾਉਂਦਿਆਂ ਖੂਬਸੂਰਤ ਨਜ਼ਮ ਔਰਤਾਂ ਸੰਬੰਧੀ ਪੇਸ਼ ਕੀਤੀ।

ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ ਨੇ ਕਿਹਾ ਕਿ ਸਾਡੀਆਂ ਸਰਕਾਰਾਂ ਲੋਕਾਂ ਨੂੰ ਧਰਮਾਂ ਅਤੇ ਜਾਤਾਂ ਦੇ ਮਸਲਿਆਂ ਤੇ ਆਪਸ ਵਿੱਚ ਵੰਡ ਕੇ ਲੋਕਾਂ ਦੇ ਜਰੂਰੀ ਮੁੱਦਿਆਂ ਤੋਂ ਉਹਨਾਂ ਦਾ ਧਿਆਨ ਭਟਕਾ ਰਹੀਆਂ ਹਨ। ਸਿੱਖਿਆ ਮਹਿੰਗੀ ਹੁੰਦੀ ਜਾ ਰਹੀ ਹੈ, ਸਿਹਤ ਸਹੂਲਤਾਂ ਲੋਕਾਂ ਦੇ ਵੱਸ 'ਚ ਨਹੀਂ ਰਹੀਆਂ ਅਤੇ ਰੋਜ਼ਗਾਰ ਦੀ ਭਾਲ ਵਿੱਚ ਮਾਰੇ ਮਾਰੇ ਫਿਰਦੇ ਬੱਚੇ। ਮਨਜੀਤ ਕੌਰ ਮਾਨਸਾ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਪੰਜਾਬ ਦੀ ਇਸਤਰੀ ਲਹਿਰ ਨੂੰ ਨਾ ਪੂਰਾ ਹੋਣ ਯੋਗ ਘਾਟਾ ਪਿਆ ਹੈ।ਮਨਜੀਤ ਮਾਨਸਾ ਇੱਕ ਜੁਝਾਰੂ ਵਰਕਰ ਸੀ।ਬਲਾਕ ਪ੍ਰਧਾਨ ਕਵਲਜੀਤ ਕੌਰ ਨੇ ਆਪਣੇ ਆਗੂਆਂ ਦੀ ਸੁਚੱਜੀ ਅਗਵਾਈ ਦੀ ਗੱਲ ਕੀਤੀ ਅਤੇ ਦੱਸਿਆ ਕਿ ਕਿਵੇਂ ਪੰਜਾਬ ਇਸਤਰੀ ਸਭਾ ਹਰ ਮਸਲੇ ਵੱਲ ਧਿਆਨ ਦਿੰਦੀ ਹੈ। ਸੀਮਾ ਸੋਹਲ ਨੇ ਦੱਸਿਆ ਕਿ ਪੰਜਾਬ ਇਸਤਰੀ ਸਭਾ ਹਮੇਸ਼ਾ ਲੋਕਾਂ ਦੀ ਖਾਸ ਕਰ ਪੀੜਤ ਲੋਕਾਂ ਦੀ ਮਦਦ ਵਾਸਤੇ ਤਿਆਰ ਰਹਿੰਦੀ ਹੈ।

# ਸਰਕਾਰੀ ਜੀ ਐੱਨ ਐੱਮ ਨਰਸਿੰਗ ਸਕੂਲ ਸਿਵਲ ਹਸਪਤਾਲ ਬੱਬਰੀ ਦੀ 11 ਸਾਲ ਪੁਰਾਣੀ ਮੰਗ ਹੋਈ ਪੂਰੀ



ਗੁਰਦਾਸਪੁਰ (ਦਿਨੇਸ਼ ਕੁਮਾਰ) - ਸਰਕਾਰੀ ਜੀ ਐੱਨ ਐੱਮ ਨਰਸਿੰਗ ਸਕੂਲ, ਸਿਵਲ ਹਸਪਤਾਲ ਬੱਬਰੀ, ਗੁਰਦਾਸਪੁਰ ਦੀਆਂ ਵਿਦਿਆਰਥਣਾਂ ਲਈ ਹੋਸਟਲ ਦੀ ਮੰਗ ਨੂੰ ਆਖ਼ਰ 11 ਸਾਲ ਬਾਅਦ ਬੂਰ ਪਿਆ ਹੈ।ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਸਰਕਾਰ ਨੇ ਲੜਕੀਆਂ ਦੇ ਹੋਸਟਲ ਵਾਸਤੇ 2.15 ਕਰੋੜ ਰੁਪਏ ਮਨਜ਼ੂਰ ਕੀਤੇ ਹਨ, ਜਿਸ ਤੋਂ ਬਾਅਦ ਹੁਣ ਹੋਸਟਲ ਦੀ ਉਸਾਰੀ ਸ਼ੁਰੂ ਹੋ ਸਕੀ ਹੈ।ਚੇਅਰਮੈਨ ਰਮਨ ਬਹਿਲ ਵੱਲੋਂ ਦਹਾਕੇ ਤੋਂ ਵੱਧ ਪੁਰਾਣੀ ਮੰਗ ਨੂੰ ਪੂਰਾ ਕਰਦੇ ਹੋਏ ਸਰਕਾਰੀ ਜੀ ਐੱਨ ਐੱਮ ਨਰਸਿੰਗ ਸਕੂਲ, ਸਿਵਲ ਹਸਪਤਾਲ ਬੱਬਰੀ, ਗੁਰਦਾਸਪੁਰ ਵਿਖੇ ਲੜਕੀਆਂ ਦੇ ਹੋਸਟਲ ਦਾ ਨੀਂਹ ਪੱਥਰ ਰੱਖਿਆ ਗਿਆ।ਰਾਜ ਸਰਕਾਰ ਵੱਲੋਂ ਲੜਕੀਆਂ ਦੇ ਇਸ ਹੋਸਟਲ ਦੀ ਉਸਾਰੀ ਉੱਪਰ 2.25 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ।

ਹੋਸਟਲ ਦਾ ਨੀਂਹ ਪੱਥਰ ਰੱਖਣ ਮੌਕੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਲੜਕੀਆਂ ਦੇ ਹੋਸਟਲ ਦੀ ਉਸਾਰੀ ਦਾ ਕੰਮ 2014 ਤੋਂ ਬੰਦ ਪਿਆ ਸੀ ਅਤੇ ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਦਾ ਰਾਜ ਰਿਹਾ ਪਰ ਇਨ੍ਹਾਂ ਰਿਵਾਇਤੀ ਪਾਰਟੀਆਂ ਦੇ ਸਥਾਨਿਕ ਵਿਧਾਇਕਾਂ ਵੱਲੋਂ ਇਸ ਬੇਹੱਦ ਅਹਿਮ ਲੋੜ ਨੂੰ ਪੂਰਾ ਕਰਨ ਵੱਲ ਜਾਣ-ਬੁੱਝ ਕੇ ਕੋਈ ਧਿਆਨ ਨਹੀਂ ਦਿੱਤਾ ਗਿਆ। ਸ੍ਰੀ ਬਹਿਲ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਲੜਕੀਆਂ ਦੀ ਇਸ ਬਹੁਤ ਹੀ ਅਹਿਮ ਮੰਗ ਦਾ ਪਤਾ ਲੱਗਾ ਤਾਂ ਉਨ੍ਹਾਂ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਮੁਲਾਕਾਤ ਕੀਤੀ।

ਸ੍ਰੀ ਬਹਿਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਬੜੀ ਤਸੱਲੀ ਤੇ ਮਾਣ ਹੈ ਕਿ ਮੁੱਖ ਮੰਤਰੀ ਅਤੇ ਸਿਹਤ ਮੰਤਰੀ ਨੇ ਉਨ੍ਹਾਂ ਦੀ ਇਸ ਮੰਗ ਨੂੰ ਮੰਨਦਿਆਂ ਹੋਸਟਲ ਦੀ ਉਸਾਰੀ ਲਈ 2.15 ਕਰੋੜ ਰੁਪਏ ਜਾਰੀ ਕਰ ਦਿੱਤੇ।

ਉਨ੍ਹਾਂ ਦੱਸਿਆ ਕਿ ਹੋਸਟਲ ਦੀ ਇਮਾਰਤ ਵਿੱਚ 26 ਕਮਰੇ ਬਣਾਏ ਜਾਣਗੇ ਜਿਸ ਵਿੱਚ 64 ਬੱਚੀਆਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਏਥੇ ਹੋਸਟਲ ਦੀ ਸੁਵਿਧਾ ਮਿਲਣ ਨਾਲ ਬੱਚੀਆਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਸਾਡੀਆਂ ਧੀਆਂ ਨਰਸਿੰਗ ਦਾ ਕੋਰਸ ਕਰਕੇ ਆਪਣੇ ਭਵਿੱਖ ਨੂੰ ਬਿਹਤਰ ਬਣਾ ਸਕਣਗੀਆਂ।

## 'ਯੁੱਧ ਨਸ਼ਿਆਂ ਵਿਰੁੱਧ' ਨੂੰ ਮਜ਼ਬੂਤ ਕਰਨ ਲਈ ਉੱਚ ਪੁਲਸ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ



**ਜਲੰਧਰ (ਸ਼ੈਲੀ ਐਲਬਰਟ)**— ਏ ਡੀ ਜੀ ਪੀ ਤਕਨੀਕੀ ਸੇਵਾਵਾਂ ਰਾਮ ਸਿੰਘ, ਆਈ ਪੀ ਐਸ ਦੁਆਰਾ 'ਯੁੱਧ ਨਸ਼ਿਆਂ ਵਿਰੁੱਧ' ਦੇ ਯਤਨਾਂ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਮੀਟਿੰਗ ਪੁਲਸ ਕਮਿਸ਼ਨਰ ਦੇ ਦਫ਼ਤਰ ਵਿਖੇ ਕੀਤੀ, ਜਿਸ ਵਿੱਚ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ, ਜਾਇੰਟ ਪੁਲਸ ਕਮਿਸ਼ਨਰ, ਏ ਡੀ ਸੀ ਪੀ (ਹੈੱਡਕੁਆਰਟਰ), ਏ ਡੀ ਸੀ ਪੀ (ਜਾਂਚ), ਜੀ ਓ ਅਤੇ ਐਸ ਐਚ ਓ ਸਮੇਤ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਮੀਟਿੰਗ ਦਾ ਮੁੱਖ ਏਜੰਡਾ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮੂਲ ਕਾਰਨਾਂ ਨਾਲ ਨਜਿੱਠਣ ਅਤੇ ਨਸ਼ਿਆਂ ਦੇ ਆਦੀ ਲੋਕਾਂ ਲਈ ਪ੍ਰਭਾਵਸ਼ਾਲੀ ਪੁਨਰਵਾਸ ਹੱਲ ਪ੍ਰਦਾਨ ਕਰਨ ਦੇ ਉਦੇਸ਼ ਨਾਲ ਇੱਕ ਮਜ਼ਬੂਤ ਰਣਨੀਤੀ ਤਿਆਰ ਕਰਨਾ ਸੀ। ਮੀਟਿੰਗ 'ਚ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੇ ਵੰਡ ਅਤੇ ਸਪਲਾਈ ਦੋਵਾਂ ਲਿੰਕਾਂ ਦਾ ਪਤਾ ਲਗਾਉਣ ਦੇ ਨਿਰਦੇਸ਼ ਦਿੱਤੇ। ਮੀਟਿੰਗ ਨੇ ਗੈਰ-ਕਾਨੂੰਨੀ ਪਦਾਰਥਾਂ ਦੇ ਪ੍ਰਵਾਹ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਵੱਖ-ਵੱਖ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿੱਚ ਤਾਲਮੇਲ ਵਾਲੀ ਕਾਰਵਾਈ ਦੀ ਜ਼ਰੂਰਤ ਨੂੰ ਉਜਾਗਰ ਕੀਤਾ। ਇੱਕ ਹੋਰ ਮਹੱਤਵਪੂਰਨ ਉਪਾਅ ਜਨਤਾ, ਖਾਸ ਕਰਕੇ ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨਾ ਸੀ। ਏ ਡੀ ਜੀ ਪੀ, ਰਾਮ ਸਿੰਘ ਨੇ ਉਨ੍ਹਾਂ ਲੋਕਾਂ ਨੂੰ ਜੋ ਨਸ਼ੇ ਨਾਲ ਜੂਝ ਰਹੇ ਹਨ, ਨੂੰ ਚੰਗੀ ਤਰ੍ਹਾਂ ਲੈਸ ਪੁਨਰਵਾਸ ਕੇਂਦਰਾਂ ਵਿੱਚ ਭੇਜਣ 'ਤੇ ਧਿਆਨ ਕੇਂਦਰਿਤ ਕੀਤਾ। ਪੁਲਸ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਉਹ ਨਾਗਰਿਕਾਂ ਨੂੰ ਅੱਗੇ ਆਉਣ ਅਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦਾ ਪਰਦਾਫਾਸ਼ ਕਰਨ ਵਿੱਚ ਪੁਲਸ ਨਾਲ ਸਹਿਯੋਗ ਕਰਨ ਲਈ ਉਤਸ਼ਾਹਿਤ ਕਰਨ, ਇਸ ਤਰ੍ਹਾਂ ਨਸ਼ੀਲੇ ਪਦਾਰਥਾਂ ਦੇ ਫੈਲਾਅ ਵਿਰੁੱਧ ਇੱਕ ਸੰਯੁਕਤ ਮੋਰਚਾ ਬਣਾਇਆ ਜਾ ਸਕੇ। ਇਹ ਯਕੀਨੀ ਬਣਾਉਣ ਲਈ ਕਿ ਲੋਕ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਹੋਏ ਸੁਰੱਖਿਅਤ ਮਹਿਸੂਸ ਕਰਦੇ ਹਨ, ਵ੍ਹਿਸਲਬਲੋਅਰਾਂ ਲਈ ਗੁਮਨਾਮੀ ਅਤੇ ਸੁਰੱਖਿਆ ਦੀ ਮਹੱਤਤਾ ਨੂੰ ਵੀ ਉਜਾਗਰ ਕੀਤਾ ਗਿਆ।

## ਨੌਜਵਾਨ ਭਾਰਤ ਸਭਾ ਵੱਲੋਂ ਕੈਂਡਲ ਮਾਰਚ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** — ਨੌਜਵਾਨ ਭਾਰਤ ਸਭਾ ਨੇ ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਪਿੰਡ ਮਡਿਆਲਾ ਵਿਖੇ ਕੈਂਡਲ ਮਾਰਚ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂ ਸੁਖ ਮਡਿਆਲਾ ਨੇ ਕਿਹਾ ਕਿ ਸ਼ਹੀਦਾਂ ਨੂੰ ਯਾਦ ਕਰਨਾ ਸਮੇਂ ਦੀ ਬਹੁਤ ਵੱਡੀ ਜ਼ਰੂਰਤ ਹੈ। ਸ਼ਹੀਦ ਭਗਤ ਸਿੰਘ ਤੇ ਸਾਥੀ ਜਿਸ ਸਾਮਰਾਜਵਾਦ ਖ਼ਿਲਾਫ਼ ਲੜੇ, ਆਉਣ ਵਾਲੀ ਪੀੜ੍ਹੀ ਜੋ ਸਾਡੇ ਵਾਰਸ ਸਨ ਉਹ ਵੀ ਇਸ ਦੇ ਖ਼ਿਲਾਫ਼ ਆਪਣੀ ਆਵਾਜ਼ ਉਠਾਉਣਗੇ। ਅੱਜ ਜਦੋਂ ਪੂਰੇ ਦੇਸ਼ ਅੰਦਰ ਮੋਦੀ ਹਕੂਮਤ ਦੇਸ਼ ਦੇ ਕੁਦਰਤੀ ਭੰਡਾਰਾਂ ਨੂੰ ਕਾਰਪੋਰੇਟ ਹਵਾਲੇ ਕਰ ਰਹੀ ਹੈ, ਦੇਸ਼ ਦਾ ਨੌਜਵਾਨ ਬੇਰੁਜ਼ਗਾਰ ਫਿਰ ਰਿਹਾ ਹੈ ਤੇ ਨਸ਼ਿਆਂ ਦੀ ਦਲਦਲ 'ਚ ਫਸ ਰਿਹਾ ਹੈ। ਸ਼ਹੀਦਾਂ ਦੀਆਂ ਵਿਰਾਸਤਾਂ ਨੂੰ ਰੋਲਿਆ ਜਾ ਰਿਹਾ ਹੈ। ਭਗਤ ਸਿੰਘ, ਰਾਜਗੁਰ ਤੇ ਸੁਖਦੇਵ ਨਾਲ ਜੁੜੀ ਵਿਰਾਸਤ ਫਿਰੋਜ਼ਪੁਰ ਤੇ ਤੂੜੀ ਬਾਜ਼ਾਰ ਵਿੱਚ ਉਹਨਾਂ ਦਾ ਗੁਪਤ ਟਿਕਾਣਾ ਜਿਸ ਨੂੰ ਅੱਜ ਵੀ ਸੰਭਾਲਣ ਦੀ ਜ਼ਰੂਰਤ ਹੈ।ਬਲਵਿੰਦਰ ਕੌਰ ਦੇ ਪਰਵਾਰ ਵੱਲੋਂ ਸਕੂਲੀ ਬੱਚਿਆਂ ਨੂੰ ਕਾਪੀਆਂ ਪੈਨਸਲਾਂ ਵੰਡ ਕੇ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਪੰਜਾਬ ਸਟੂਡੈਂਟ ਯੂਨੀਅਨ ਦੇ ਆਗੂ ਤਮੰਨਾ ਮਡਿਆਲਾ, ਕੋਮਲ ਮਡਿਆਲਾ ਆਦਿ ਹਾਜ਼ਰ ਹੋਏ।

## ਸੀ ਟੀ ਇੰਸਟੀਚਿਊਟ ਵੱਲੋਂ ਓਇਸਟਰ ਮਸ਼ਰੂਮ ਉਗਾਉਣ 'ਚ ਪਹਿਲਕਦਮੀ

**ਜਲੰਧਰ (ਸ਼ੈਲੀ ਐਲਬਰਟ)** ਸੀ.ਟੀ. ਇੰਸਟੀਚਿਊਟ ਆਫ ਫਾਰਮਾਸਿਊਟੀਕਲ ਸਾਇੰਸਿਜ਼, ਸਾਊਥ ਕੈਂਪਸ, ਸ਼ਾਹਪੁਰ ਦੇ ਬੀ.ਐਸ.ਸੀ. ਬਾਇਓਟੈਕਨੋਲੋਜੀ ਅਤੇ ਬੀ.ਐਸ.ਸੀ. ਮੈਡੀਕਲ ਲੈਬ ਸਾਇੰਸਿਜ਼ (ਐਮ ਐਲ ਐਸ) ਦੇ ਵਿਦਿਆਰਥੀਆਂ ਅਤੇ ਫੈਕਲਟੀ ਨੇ ਟਿਕਾਊ ਸਿਹਤ ਹੱਲਾਂ ਨੂੰ ਬਢਾਵਾ ਦੇਣ ਲਈ ਇੱਕ ਨਵੀਨਤਾਕਾਰੀ ਖੋਜ ਪਹਿਲਕਦਮੀ ਦੇ ਹਿੱਸੇ ਵਜੋਂ ਓਇਸਟਰ ਮਸ਼ਰੂਮ ਸਪੌਨ (ਬੀਜ) ਨੂੰ ਸਫਲਤਾਪੂਰਵਕ ਉਗਾਇਆ ਹੈ। ਇਸ ਪ੍ਰੋਜੈਕਟ ਵਿੱਚ ਓਇਸਟਰ ਸਪੌਨ ਨੂੰ ਉਗਾਇਆ ਗਿਆ, ਜੋ ਸਟਰਾ ਜਾਂ ਸਾਅਡਸਟ ਵਰਗੀਆਂ ਸਟੈਰੀਲਾਈਜ਼ਡ ਸਮੱਗਰੀ ਨਾਲ ਮਿਲਾਏ ਜਾਣ 'ਤੇ ਮਸ਼ਰੂਮ ਦੇ ਵਧਣ ਨੂੰ ਸ਼ੁਰੂ ਕਰਦਾ ਹੈ। ਉਗਾਏ ਗਏ ਓਇਸਟਰ ਮਸ਼ਰੂਮ ਆਪਣੇ ਵਿਸ਼ਾਲ ਦਵਾਈਆਂ ਵਾਲੇ ਗੁਣਾਂ ਲਈ ਜਾਣੇ ਜਾਂਦੇ ਹਨ, ਜਿਸ ਵਿਚ ਪ੍ਰਤੀਰੱਖਿਆ ਪ੍ਰਣਾਲੀ ਨੂੰ ਸਹਾਇਤਾ, ਐਂਟੀਆਕਸੀਡੈਂਟ ਅਤੇ ਐਂਟੀ-ਇਨਫਲੇਮੇਟਰੀ ਪ੍ਰਭਾਵ, ਕੋਲੇਸਟ੍ਰੋਲ ਘਟਾਉਣਾ, ਖ਼ੂਨ ਵਿੱਚ ਸ਼ੱਕਰ ਨੂੰ ਨਿਯੰਤ੍ਰਿਤ ਕਰਨਾ ਅਤੇ ਕੈਂਸਰ ਨਾਲ ਲੜਨ ਦੀ ਸੰਭਾਵਨਾ ਸ਼ਾਮਲ ਹੈ। ਇਸ ਤੋਂ ਇਲਾਵਾ, ਇਹ ਐਂਟੀਮਾਈਕ੍ਰੋਬਿਅਲ ਅਤੇ ਐਂਟੀਵਾਇਰਲ ਲਾਭ ਪ੍ਰਦਾਨ ਕਰਦੇ ਹਨ ਅਤੇ ਵਜ਼ਨ ਪ੍ਰਬੰਧਨ ਵਿੱਚ ਵੀ ਇਹਨਾਂ ਦੀ ਵਰਤੋਂ ਹੁੰਦੀ ਹੈ।। ਵਿਦਿਆਰਥੀਆਂ ਨੇ ਪੂਰੀ ਉਗਾਉਣ ਪ੍ਰਕਿਰਿਆ ਨੂੰ ਧਿਆਨ ਨਾਲ ਅਪਣਾਇਆ—ਸਬਸਟ੍ਰੇਟ ਨੂੰ ਚੁਣਨਾ ਅਤੇ ਸਟੇਰੀਲਾਈਜ਼ ਕਰਨਾ, ਉਹਨਾਂ ਨੂੰ ਸਪੌਨ ਨਾਲ ਮਿਲਾਉਣਾ, ਅਤੇ ਇਨਕਿਊਬੇਸ਼ਨ ਅਤੇ ਫਲਣ ਲਈ ਉੱਤਮ ਹਾਲਤਾਂ ਨੂੰ ਬਣਾਈ ਰੱਖਣਾ। ਇੱਕ ਵਾਰ ਪੱਕਣ ਤੋਂ ਬਾਅਦ, ਇਹ ਮਸ਼ਰੂਮ ਕੱਟੇ ਜਾਣਗੇ ਅਤੇ ਪਾਊਡਰ ਦੇ ਰੂਪ ਵਿੱਚ ਪ੍ਰੋਸੈਸ ਕੀਤੇ ਜਾਣਗੇ।।



ਪਾਊਡਰ ਕੀਤੇ ਮਸ਼ਰੂਮ ਨੂੰ ਲੈਬੋਰੇਟਰੀ ਟੈਸਟਿੰਗ ਦੁਆਰਾ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ ਅਤੇ ਕਿਸੇ ਵੀ ਜ਼ਹਿਰੀਲੇ ਪਦਾਰਥ ਦੀ ਜਾਂਚ ਕੀਤੀ ਜਾਵੇਗੀ। ਇੱਕ ਵਾਰ ਸਾਫ ਹੋਣ ਤੋਂ ਬਾਅਦ, ਇਹ ਮਸ਼ਰੂਮ ਦਵਾਈਆਂ ਅਤੇ ਪੋਸ਼ਣ ਵਾਲੇ ਉਪਯੋਗਾਂ ਲਈ ਵਰਤੇ ਜਾ ਸਕਦੇ ਹਨ। ਇਸ ਪ੍ਰਾਪਤੀ ਤੇ ਟਿੱਪਣੀ ਕਰਦੇ ਹੋਏ, ਸੀ.ਟੀ. ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਕਿਹਾ, ਇਹ ਪ੍ਰੋਜੈਕਟ ਸੀ.ਟੀ. ਗਰੁੱਪ ਦੀ ਖੋਜ-ਆਧਾਰਿਤ ਸਿੱਖਿਆ ਵੱਲ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ। ਬਾਇਓਟੈਕਨੋਲੋਜੀ ਅਤੇ ਮੈਡੀਕਲ ਲੈਬ ਸਾਇੰਸਿਜ਼ ਦੇ ਸਾਡੇ ਵਿਦਿਆਰਥੀ ਵਿਗਿਆਨਕ ਤਕਨੀਕਾਂ ਨੂੰ ਲਾਗੂ ਕਰਕੇ ਟਿਕਾਊ ਅਤੇ ਸਿਹਤ-ਪ੍ਰੋਤਸਾਹਨ ਵਾਲੇ ਸਰੋਤ ਵਿਕਸਿਤ ਕਰ ਰਹੇ ਹਨ। ਇਹ ਪਹਿਲਕਦਮੀ ਨਾ ਸਿਰਫ ਉਹਨਾਂ ਦੇ ਪ੍ਰੈਕਟੀਕਲ ਹੁਨਰ ਨੂੰ ਵਧਾਉਂਦੀ ਹੈ, ਬਲਕਿ ਉਹਨਾਂ ਨੂੰ ਸਿਹਤ ਸੇਵਾ ਅਤੇ ਪੋਸ਼ਣ ਵਿੱਚ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਤਿਆਰ ਕਰਦੀ ਹੈ ।

## ਜਨਮ ਦਿਨ ਮੁਬਾਰਕ



ਦਿਵਿਆਂਸ਼ ਕਾਲੜਾ
ਪਿਤਾ : ਹਰੀਸ਼ ਕੁਮਾਰ
ਮਾਤਾ : ਮਨਦੀਪ ਕੌਰ
ਵਾਸੀ : ਸ੍ਰੀ ਮੁਕਤਸਰ ਸਾਹਿਬ

## ਵਰ੍ਹੇਗੰਢ ਮੁਬਾਰਕ



ਸਤਨਾਮ ਸਿੰਘ ਅਤੇ ਬਲਜੀਤ ਕੌਰ ਵਾਸੀ ਹੁਸ਼ਿਆਰਪੁਰ ਨੇ ਵਿਆਹ ਦੀ 13ਵੀਂ ਵਰ੍ਹੇਗੰਢ ਮਨਾਈ।

## ਚੰਡੀਗੜ੍ਹ ਰੈਲੀ ਤੇ ਮਾਰਚ 'ਚ ਐੱਨ ਪੀ ਐੱਸ ਮੁਲਾਜ਼ਮ ਕਰਨਗੇ ਭਰਵੀਂ ਸ਼ਮੂਲੀਅਤ




**ਜਲੰਧਰ (ਰਾਜੇਸ਼ ਥਾਪਾ)** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਕੁਲਦੀਪ ਵਾਲੀਆ ਅਤੇ ਸਹਾਇਕ ਕਨਵੀਨਰ ਵੇਦ ਰਾਜ ਨੇ ਪ੍ਰੈੱਸਨੋਟ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਚੱਲਣ ਵਾਲੇ ਬਜਟ ਇਜਲਾਸ ਦੌਰਾਨ ਚੰਡੀਗੜ੍ਹ ਵਿਖੇ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਰੱਖੀ ਰੈਲੀ ਅਤੇ ਵਿਧਾਨ ਸਭਾ ਵੱਲ ਮਾਰਚ ਵਿੱਚ ਐਨ. ਪੀ. ਐਸ ਮੁਲਾਜ਼ਮਾਂ ਵਲੋਂ ਆਪਣੀ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਜ਼ਿਲ੍ਹਾ ਕੋ ਕਨਵੀਨਰ ਦਿਲਬਾਗ ਸਿੰਘ ਨੇ ਕਿਹਾ ਕਿ ਆਪ ਸਰਕਾਰ ਮੁਲਾਜ਼ਮਾਂ ਨਾਲ ਕੀਤੇ ਚੋਣ ਵਾਅਦਿਆਂ ਤੋਂ ਮੁਨਕਰ ਹੋ ਗਈ ਹੈ ਜਿਸ ਕਾਰਨ ਐਨਪੀਐਸ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ।ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਦਾ ਦੋ ਸਾਲ ਪਹਿਲਾਂ ਜਾਰੀ ਕੀਤਾ ਨੋਟੀਫਿਕੇਸ਼ਨ ਵੀ ਪੰਜਾਬ ਦੇ ਦੋ ਲੱਖ ਮੁਲਾਜ਼ਮਾਂ ਲਈ ਕਾਗਜ਼ ਦਾ ਟੁਕੜਾ ਹੀ ਸਾਬਤ ਹੋਇਆ ਹੈ ।ਜੇਕਰ ਪੰਜਾਬ ਸਰਕਾਰ ਸੱਚ ਵਿੱਚ ਮੁਲਾਜ਼ਮ-ਪੈਨਸ਼ਨਰ ਹਿਤੈਸ਼ੀ ਹੈ ਤਾਂ ਆਉਣ ਵਾਲੇ ਵਿਧਾਨ ਸਭਾ ਸੈਸ਼ਨ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਤੁਰੰਤ ਪੂਰੀਆਂ ਕਰੇ। ਪੁਰਾਣੀ ਪੈਨਸ਼ਨ ਲਈ ਬਜਟ ਰੱਖੇ ਅਤੇ ਤੁਰੰਤ ਐਸਓਪੀ ਜਾਰੀ ਕਰੇ।ਇਸ ਮੌਕੇ ਪਰੇਮ ਖਾਲਵਾੜਾ, ਕਰਨੈਲ ਫਿਲੌਰ, ਅਸ਼ੋਕ ਬੇਗਮ ਪੁਰ, ਜਸਬੀਰ ਸਿੰਘ, ਸੰਦੀਪ ਰਾਜੋਵਾਲ, ਅਮਰਜੀਤ ਭਗਤ, ਸੰਦੀਪ ਕੁਮਾਰ, ਮਨਜਿੰਦਰ ਗ਼ਦਰਾ, ਕਸਤੂਰੀ ਲਾਲ, ਕੁਲਵੀਰ ਕੁਮਾਰ, ਰਾਜ ਕੁਮਾਰ ਆਦਿ ਐਨ.ਪੀ.ਐਸ ਮੁਲਾਜ਼ਮ ਮੌਜੂਦ ਸਨ।

## ਰੱਬੀ ਦੀਆਂ ਫਸਲਾਂ ਦੀ ਖਰੀਦ ਲਈ ਏਜੰਸੀਆਂ ਕਰ ਲੈਣ ਪੂਰੀ ਤਿਆਰੀ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਰਬੀ ਮਾਰਕਟਿੰਗ ਸੀਜਨ 2025-26 ਲਈ ਕਣਕ, ਸਰੋਂ, ਜੌਂ, ਛੋਲੇ, ਮਸੂਰ ਤੇ ਸੂਰਜਮੁਖੀ ਦੀ ਖਰੀਦ ਕਰਨ ਵਾਲੀ ਸਾਰੀ ਚਾਰੋਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਮੇਂ ਰਹਿੰਦੇ ਸਾਰੇ ਜ਼ਰੂਰੀ ਪ੍ਰਬੰਧ ਪੂਰੇ ਕਰਨ ਲੈਣ, ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿਚ ਫਸਲ ਵੇਚਣ ਵਿੱਚ ਮੁਸ਼ਕਲ ਨਾ ਆਵੇ। ਇਸ ਵਾਰ ਕਣਕ ਦੀ ਬੰਪਰ ਪੈਦਾਵਾਰ ਹੋਣ ਦਾ ਅੰਦਾਜਾ ਹੈ। ਇਸ ਲਈ ਮੰਡੀਆਂ ਵਿਚ ਕਣਕ ਖਰੀਦ ਲਈ ਪੁਖਤਾ ਪ੍ਰਬੰਧ ਯਕੀਨੀ ਕੀਤੇ ਜਾਣ। ਮੁੱਖ ਮੰਤਰੀ ਨੇ ਮਾਰਕਟਿੰਗ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਭਵਿੱਖ ਦੀ ਜ਼ਰੂਰਤਾਂ ਨੂੰ ਧਿਆਨ ਵਿਚ ਰੱਖ ਕੇ ਮੰਡੀਆਂ ਵਿਚ ਖਾਲੀ ਪਏ ਸਥਾਨਾਂ 'ਤੇ ਵੱਡੇ ਸ਼ੈਡਾਂ ਦਾ ਨਿਰਮਾਣ ਕੀਤਾ ਜਾਵੇ।ਸੈਣੀ ਅੱਜ ਰਬੀ ਖਰੀਦ ਮਾਰਕਟਿੰਗ ਸੀਜਨ-2025-26 ਦੀ ਤਿਆਰੀਆਂ ਨੂੰ ਲੈ ਕੇ ਚੰਡੀਗੜ੍ਹ ਸੈਕਟਰ-3 ਸਥਿਤ ਹਰਿਆਣਾ ਨਿਵਾਸ ਵਿਚ ਬੁਲਾਈ ਗਈ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿਚ ਮੁੱਖ ਮੰਤਰੀ ਨੂੰ ਇਸ ਗੱਲ ਨਾਲ ਜਾਣੂ ਕਰਵਾਇਆ ਕਿ ਰਬੀ ਦੀ ਫਸਲਾਂ ਦੀ ਖੁਰਾਕ, ਸਿਵਲ ਸਪਲਾਈ ਖਪਤਕਾਰ ਮਾਮਲੇ ਵਿਭਾਗ ਵੱਲੋਂ 30 ਫੀਸਦੀ, ਹੈਫੇਡ ਵੱਲੋਂ 40 ਫੀਸਦੀ, ਹਰਿਆਣਾ ਰਾਜ ਵੇਅਰਹਾਊਸ ਨਿਗਮ ਵੱਲੋਂ 20 ਫੀਸਦੀ ਅਤੇ ਭਾਰਤੀ ਖੁਰਾਕ ਨਿਗਮ ਵੱਲੋਂ 10 ਫੀਸਦੀ ਦੀ ਖਰੀਦ ਕੀਤੀ ਜਾਣੀ ਹੈ। ਇਸ ਵਾਰ ਏਜੰਸੀਆਂ ਨੇ ਕਣਕ ਖਰੀਦ ਦਾ ਟੀਚਾ 73 ਲੱਖ ਮੀਟ੍ਰਿਕ ਟਨ ਰੱਖਿਆ ਹੈ। ਸਰੋਂ ਦੀ ਖਰੀਦ 15 ਮਾਰਚ ਤੋਂ ਅਤੇ ਮਸੂਰ ਦੀ ਖਰੀਦ 20 ਮਾਰਚ ਤੋਂ ਸ਼ੁਰੂ ਹੋ ਚੁੱਕੀ ਹੈ। ਇਹ ਖਰੀਦ ਇੱਕ ਮਈ ਤੱਕ ਚੱਲੇਗੀ। ਇਸੀ ਤਰ੍ਹਾ ਨਾਲ ਕਣਕ , ਜੌਂ ਅਤੇ ਛੋਲੇ ਦੀ ਖਰੀਦ ਵੀ ਇੱਕ ਅਪ੍ਰੈਲ ਤੋਂ ਸ਼ੁਰੂ ਕੀਤੀ ਜਾਵੇਗੀ ਜਦੋਂ ਕਿ ਸੂਰਜਮੁਖੀ ਦੀ ਖਰੀਦ 1 ਜੂਨ ਤੋਂ ਸ਼ੁਰੂ ਹੋਵੇਗੀ।ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪਾਇਲਟ ਪ੍ਰੋਜੈਕਟ ਦੇ ਆਧਾਰ 'ਤੇ ਰਬੀ ਫਸਲਾਂ ਦੀ ਖਰੀਦ ਸਮੇਂ ਨੂੰ 15 ਤੋਂ 20 ਦਿਨ ਜਾਰੀ ਰੱਖਣ ਦਾ ਪ੍ਰੋਗਰਾਮ ਬਣਾਇਆ ਜਾਵੇ, ਤਾਂ ਜੋ ਕਿਸਾਨਾਂ ਨੂੰ ਫਸਲ ਵੇਚਣ ਵਿਚ ਅਸਹੂਲਤ ਨਾ ਹੋਵੇ।

## ਸ਼ਹੀਦ ਭਗਤ ਸਿੰਘ, ਰਾਜਗੁਰੂ ਸੁਖਦੇਵ ਨੂੰ ਦਿੱਤੀ ਸ਼ਰਧਾਂਜਲੀ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**: ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ (ਰਜਿ.) ਸੰਬੰਧਿਤ ਇਫਟੂ ਬਲਾਕ ਸ੍ਰੀ ਚਮਕੌਰ ਸਾਹਿਬ ਵੱਲੋਂ ਲੇਬਰ ਚੌਂਕ ਵਿਖੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਮਾਗਮ ਕੀਤਾ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਯੂਨੀਅਨ ਦੇ ਜਨਰਲ ਸਕੱਤਰ ਮਿਸਤਰੀ ਮਨਮੋਹਨ ਸਿੰਘ ਕਾਲਾ ਨੇ ਦੱਸਿਆ ਕਿ ਸਮੁੱਚੇ ਮਿਸਤਰੀਆਂ, ਮਜ਼ਦੂਰਾਂ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਯਾਦ ਕਰਦਿਆਂ ਸਾਮਰਾਜ ਮੁਰਦਾਬਾਦ ਮੁਰਦਾਬਾਦ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਸ਼ਰਧਾਂ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਇਕੱਠ ਨੂੰ ਬਲਵਿੰਦਰ ਸਿੰਘ ਭੈਰੋ ਮਾਜਰਾ ਪ੍ਰਧਾਨ, ਮਲਾਗਰ ਸਿੰਘ ਮੁੱਖ ਸਲਾਹਕਾਰ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਭਾਵੇਂ ਅੰਗਰੇਜ਼ੀ ਰਾਜ ਤੋਂ ਦੇਸ਼ ਆਜ਼ਾਦ ਹੋ ਚੁੱਕਾਂ ਹੈ, ਪਰੰਤੂ ਇਹਨਾਂ ਸ਼ਹੀਦਾਂ ਨੇ ਜਿਸ ਕਾਰਜ ਲਈ ਕੁਰਬਾਨੀਆਂ ਦਿੱਤੀਆਂ ਉਹ ਕਾਰਜ ਅੱਜ ਵੀ ਅਧੂਰੇ ਹਨ। ਇਹਨਾਂ ਦੇ ਸੁਪਨੇ ਸਨ ਕਿ ਸਾਡੇ ਦੇਸ਼ ਦੇ ਮਿਹਨਤਕਸ਼ ਲੋਕ ਖੁਸ਼ਹਾਲ ਹੋਣ, ਮਜ਼ਦੂਰ ਪੈਦਾਵਾਰ ਦੇ ਸਾਧਨਾਂ ਦੇ ਮਾਲਕ ਹੋਣ, ਇਹਨਾਂ ਨੂੰ ਕਿਸੇ ਹਾਕਮ ਸਰਕਾਰਾਂ ਤੋਂ ਹੱਥ ਨਾ ਅੱਡਣੇ ਪੈਣ, ਪਰੰਤੂ ਸਾਡੇ ਦੇਸ਼ ਵਿੱਚ 80 ਕਰੋੜ ਲੋਕ ਅੱਜ ਵੀ ਆਟਾ ਦਾਲ ਤੇ ਨਿਰਭਰ ਹਨ। ਦੇਸ਼ ਦੇ 144 ਕਰੋੜ ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ।ਇਸ ਮੌਕੇ ਗੁਰਮੇਲ ਸਿੰਘ, ਅਜੈਬ ਸਿੰਘ ਸਮਾਣਾ, ਜਸਬੀਰ ਸਿੰਘ ਪਲੰਬਰ, ਜੀਵਨ ਸਿੰਘ, ਗੁਰਮੀਤ ਸਿੰਘ, ਪ੍ਰੀਤਮ ਸਿੰਘ, ਰਜਿੰਦਰ ਸਿੰਘ ਰਾਜੂ, ਹਰਜੀਤ ਸਿੰਘ ਸਰਬਣ ਸਿੰਘ ਅਤੇ ਮੱਖਣ ਸਿੰਘ ਮਿਸਤਰੀ ਆਦਿ ਹਾਜ਼ਰ ਸਨ।



## 1 ਕਿਲੋ 200 ਗ੍ਰਾਮ ਅਫੀਮ ਸਮੇਤ ਦੋ ਕਾਬੂ

**ਅਲਾਵਲਪੁਰ (ਮਦਨ ਬੰਗੜ)**- ਸਥਾਨਕ ਪੁਲਸ ਵਲੋਂ ਦੋ ਵਿਅਕਤੀਆਂ ਨੂੰ ਅਫੀਮ ਸਮੇਤ ਕਾਬੂ ਕੀਤਾ ਹੈ। ਅਲਾਵਲਪੁਰ ਪੁਲਸ ਚੌਂਕੀ ਇੰਚਾਰਜ ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਗਸ਼ਤ ਦੌਰਾਨ ਅਲਾਵਲਪੁਰ-ਕਿਸ਼ਨਗੜ੍ਹ ਰੋਡ ਸਥਿਤ ਰੇਲਵੇ ਫਾਟਕਾਂ ਨਜ਼ਦੀਕ ਪੁੱਜੇ ਤਾਂ ਰੇਲਵੇ ਸਟੇਸ਼ਨ ਵੱਲੋਂ 2 ਵਿਆਕਤੀ ਪੈਦਲ ਆਉਂਦੇ ਵਿਖਾਈ ਦਿੱਤੇ ,ਜਿਨ੍ਹਾਂ ਨੇ ਇਕ ਵਜਨਦਾਰ ਪਲਾਸਟਿਕ ਦਾ ਝੋਲਾ ਫੜਿਆ ਹੋਇਆ ਸੀ ਤੇ ਦੋਨਾਂ ਨੇ ਝੋਲੇ ਦੀ ਇੱਕ ਇੱਕ ਤਣੀ ਆਪਣੇ ਹੱਥਾਂ ਨਾਲ ਫੜੀ ਹੋਈ ਸੀ । ਉਨਾਂ ਨੇ ਸਾਹਮਣੇ ਆਉਂਦੀ ਪੁਲਸ ਪਾਰਟੀ ਨੂੰ ਵੇਖਦਿਆਂ ਹੱਥਾਂ ਵਿਚ ਫੜਿਆ ਪਲਾਸਟਿਕ ਦਾ ਝੋਲਾ ਖੇਤਾਂ ਵਿਚ ਸੁੱਟ ਦਿੱਤਾ ਤੇ ਖੇਤਾਂ ਵਿਚ ਨੂੰ ਹੋ ਗਏ । ਉਹਨਾਂ ਉੱਪਰ ਸ਼ੱਕ ਹੋਣ 'ਤੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਂਅ ਪਤਾ ਪੁੱਛਿਆ ਗਿਆ ਤਾਂ ਉਨ੍ਹਾਂ ਬਾਲੇਸ਼ਵਰ ਪੁੱਤਰ ਸਾਧੂ ਯਾਦਵ ਅਤੇ ਸੱਤਿਆ ਦੇਵ ਯਾਦਵ ਪੁੱਤਰ ਸਿਵਲੰਦਨ ਯਾਦਵ ਦੋਵੇਂ ਵਾਸੀ ਰਾਮਪੁਰ ਥਾਣਾ ਨਵਲੋਗ ਜ਼ਿਲ੍ਹਾ ਚਰੂਰਾ ਸਟੇਟ ਝਾਰਖੰਡ ਦੱਸਿਆ। ਇਨ੍ਹਾਂ ਦੋਵਾਂ ਵੱਲੋਂ ਖੇਤਾਂ ਵਿੱਚ ਸੁੱਟੇ ਝੋਲੇ ਦੀ ਜਦੋਂ ਤਲਾਸ਼ੀ ਕੀਤੀ ਗਈ ਤਾਂ ਉਸ ਵਿੱਚੋਂ ਇੱਕ ਕਿਲੋ 200 ਗ੍ਰਾਮ ਅਫੀਮ ਬਰਾਮਦ ਕੀਤੀ ਗਈ।ਦੋਵਾਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਥਾਣਾ ਆਦਮਪੁਰ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ।



## ਵੰਸ਼ਿਕਾ ਨੇ ਰਾਜ ਪੱਧਰੀ ਨਿਬੰਧ ਲੇਖਣ ਮੁਕਾਬਲੇ 'ਚ ਕੀਤਾ ਦੂਜਾ ਸਥਾਨ ਹਾਸਲ

**ਜਲੰਧਰ (ਸ਼ੈਲੀ ਐਲਬਰਟ )** ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਫਾਰਮੇਸੀ ਵਿਭਾਗ ਦੀ ਵਿਦਿਆਰਥਣ ਵੰਸ਼ਿਕਾ ਨੇ ਰਾਜ ਪੱਧਰੀ ਨਿਬੰਧ ਲੇਖਣ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ । ਪੰਜਾਬ ਟੈਕਨੀਕਲ ਇੰਸਟੀਚਿਊਟ ਸਪੋਰਟਸ ਪੀਟੀਆਈਐਸ ਵੱਲੋਂ ਰਾਜ ਪੱਧਰੀ ਲੇਖ ਲਿਖਣ ਮੁਕਾਬਲੇ ਆਯੋਜਿਤ ਕਰਵਾਏ ਗਏ । ਇਸ ਦਾ ਵਿਸ਼ਾ ਭਾਰਤੀ ਖੇਤੀ ਅਰਥ ਵਿਵਸਥਾ 'ਚ ਘੱਟੋ-ਘੱਟ ਸਮਰਥਨ ਮੁੱਲ (ਐਮ ਐੱਸ ਪੀ) ਦਾ ਯੋਗਦਾਨ ਸੀ। ਇਸ ਵਿੱਚ ਵੱਖ-ਵੱਖ ਸੰਸਥਾਵਾਂ ਦੇ 43 ਵਿਦਿਆਰਥੀਆਂ ਨੇ ਭਾਗ ਲਿਆ। ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਫਾਰਮੇਸੀ ਵਿਭਾਗ ਦੀ ਵੰਸ਼ਿਕਾ ਦੂਜੇ ਸਥਾਨ 'ਤੇ ਰਹੀ। ਪ੍ਰਕਾਸ਼ਿਤ ਪੇਪਰ ਅਤੇ 30,000 ਰੁਪਏ ਦਾ ਇਨਾਮ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਜੀਤ ਸਿੰਘ ਸੰਧਵਾਂ ਨੇ ਜੀ ਐਨ ਏ ਯੂਨੀਵਰਸਿਟੀ, ਲੁਧਿਆਣਾ ਵਿਖੇ ਆਯੋਜਿਤ ਇੱਕ ਸਮਾਗਮ ਦੌਰਾਨ ਦਿੱਤਾ । ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਪ੍ਰਿੰਸੀਪਲ ਡਾ: ਜਗਰੂਪ ਸਿੰਘ ਅਤੇ ਫਾਰਮੇਸੀ ਵਿਭਾਗ ਦੇ ਮੁਖੀ ਡਾ: ਸੰਜੇ ਬਾਂਸਲ ਨੇ ਵੰਸ਼ਿਕਾ ਦਾ ਸਨਮਾਨ ਕੀਤਾ ਅਤੇ ਉਸ ਨੂੰ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋਫੈਸਰ ਮੀਨਾ ਬਾਂਸਲ, ਸੰਦੀਪ ਕੁਮਾਰ, ਪੰਕਜ ਗੁਪਤਾ, ਡਾ: ਸਵਿਤਾ ਕੁਮਾਰੀ ਅਭਿਸ਼ੇਕ ਅਤੇ ਮਲਕੀਤ ਵੀ ਹਾਜ਼ਰ ਸਨ। ਸਾਰਿਆਂ ਨੇ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।



## ਖ਼ੂਨਦਾਨ ਕੈਂਪ ਲਗਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਬੀਤੇ ਦਿਨੀਂ ਮਹਾਨ ਸ਼ਹੀਦ ਸਿੰਘਾਂ ਸੂਰਬੀਰ ਯੋਧਿਆਂ ਨੂੰ ਯਾਦ ਕਰਦਿਆਂ ਭੁਪਿੰਦਰ ਸਿੰਘ ਦੀ ਯੋਗ ਅਗਵਾਈ ਅਤੇ ਉਪਕਾਰ ਐਜੂਕੇਸ਼ਨ ਐਂਡ ਚੈਰੀਟੇਬਲ ਟਰੱਸਟ ( ਰਜਿ ) ਗੜ੍ਹਸ਼ੰਕਰ ਵੱਲੋਂ ਮਾਨਵਤਾ ਦੀ ਸੇਵਾ ਤਹਿਤ ਮੇਲਾ ਖ਼ੂਨਦਾਨੀਆਂ ਦਾ ਸਾਲਾਨਾ ਬਲੱਡ ਡੋਨੇਸ਼ਨ ਮੈਗਾ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਸੰਤ ਬਾਬਾ ਸਤਨਾਮ ਸਿੰਘ ਕਾਰ ਸੇਵਾ ਸ਼੍ਰੀ ਅਨੰਦਪੁਰ ਸਾਹਿਬ ਦੇ ਨਾਲ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਡਰੋਲੀ ਨੇ ਮੋਮਬੱਤੀਆਂ ਨੂੰ ਜਗਾ ਕੇ ਹੋਰ ਵੀ ਉਘੀਆਂ ਅਤੇ ਨਾਮਵਰ ਸਖਸ਼ੀਅਤਾਂ ਦੇ ਨਾਲ਼ ਕੀਤਾ। ਇਸ ਮੌਕੇ ਤਿੰਨ ਸੌ ਤੋਂ ਵੱਧ ਬਲੱਡ ਯੂਨਿਟ ਇਕੱਤਰ ਕੀਤਾ ਗਿਆ।





## ਲਾਇਨਜ਼ ਕਲੱਬ ਨੇ ਯੂ ਕੇ ਤੇ ਯੂ ਐੱਸ ਏ ਦੇ ਦੇਸ਼ ਭਗਤਾਂ ਨਾਲ ਮਨਾਇਆ ਸ਼ਹੀਦੀ ਦਿਵਸ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** 23 ਮਾਰਚ 1931 ਇਤਿਹਾਸ ਦਾ ਉਹ ਦਿਨ ਹੈ ਜਿਸ ਦਿਨ ਸਾਡੇ ਨੌਜਵਾਨਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜ ਗੁਰੂ, ਸੁਖਦੇਵ ਨੇ ਗੋਰਿਆਂ ਨੂੰ ਦੇਸ਼ ਵਿੱਚੋਂ ਕੱਢਣ ਲਈ ਜੋਬਨ ਰੁੱਤੇ ਫਾਂਸੀ ਦਾ ਫੰਦਾ ਹੱਸਦਿਆਂ ਹੱਸਦਿਆਂ ਆਪਣੇ ਗਲ ਵਿੱਚ ਪਾ ਕੇ ਸ਼ਹੀਦੀ ਦਾ ਜਾਮ ਪੀ ਲਿਆ। ਸਾਡੇ ਸ਼ਹੀਦਾਂ ਦਾ ਸੁਪਨਾ ਸੀ ਕਿ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ ਪਰ ਅਫਸੋਸ ਜਿਓਂ ਜਿਓਂ ਅਸੀਂ ਸਾਲ ਪ੍ਰਤੀ ਸਾਲ ਸ਼ਹੀਦੀ ਦਿਹਾੜੇ ਮਨਾ ਰਹੇ ਹਾਂ ਤਿਓਂ ਤਿਓਂ ਹੀ ਕਾਲੇ ਅੰਗਰੇਜਾਂ ਦੇ ਕਾਰਨਾਮੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਢਾਹ ਲਗਾ ਕੇ ਲਾਹਾ ਲੈ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਨੇ ਸ਼ਰਧਾਂਜਲੀ ਮੌਕੇ ਆਪਣੇ ਸੰਬੋਧਨ ਵਿੱਚ ਕੀਤਾ।ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਤਤਕਾਲੀਨ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਨੇ ਸ਼ਰਧਾਂਜਲੀ ਸਮਾਰੋਹ ਮੌਕੇ ਦੇਸ਼ ਵਾਸੀਆਂ ਨੂੰ ਪਾਣੀ ਬਚਾਉਣ ਦੀ ਪੁਰਜ਼ੋਰ ਅਪੀਲ ਕੀਤੀ, ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਉੱਜਵਲ ਰੱਖਣ ਲਈ ਪਾਣੀ ਦੀ ਇੱਕ ਇੱਕ ਬੂੰਦ ਬਚਾਉਣੀ ਅਤੇ ਸੰਭਾਲਣੀ ਅਤਿ ਜ਼ਰੂਰੀ ਹੈ। ਇਸ ਮੌਕੇ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਭਾਰਤ ਅਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਲਈ ਸਰਕਾਰੀ ਕੁਰਸੀਆਂ 'ਤੇ ਯੋਗਤਾ ਦੇ ਆਧਾਰ 'ਤੇ ਇਮਾਨਦਾਰ ਅਫਸਰ ਬਿਠਾਏ ਜਾਣ।ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦਾ ਸ਼ੁੱਭ ਕਾਰਜ ਯੂ.ਕੇ ਨਿਵਾਸੀ ਕਰਨੈਲ ਸਿੰਘ, ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਸਰੋਜ ਅਤੇ ਉਹਨਾਂ ਦੇ ਪੁੱਤਰ ਹਰਵਿੰਦਰ ਹਾਰਵੀ ਡੋਲ ਨੇ ਜੋਤ ਜਗਾ ਕੇ ਕੀਤਾ। ਯੂ.ਐਸ.ਏ ਨਿਵਾਸੀ ਸ਼੍ਰੀਮਤੀ ਗੁਰਜੀਤ ਮੀਨੂੰ ਚੌਹਾਨ ਘੁੰਮਣ ਅਤੇ ਉਹਨਾਂ ਦੇ ਪੁੱਤਰ ਰਾਜਵੀਰ ਰਾਕੀ ਘੁੰਮਣ, ਸਮਾਜ ਸੇਵੀ ਸੀਤਾ ਰਾਮ ਸੋਖਲ, ਸ਼੍ਰੀਮਤੀ ਰਮਾ ਸੋਖਲ, ਕਲੱਬ ਦੇ ਅਫਸਰ ਲਾਇਨ ਅਸ਼ੋਕ ਬਬਿਤਾ ਸੰਧੂ, ਲਾਇਨ ਦਿਨਕਰ ਜਸਪ੍ਰੀਤ ਕੌਰ ਸੰਧੂ ਤੋਂ ਇਲਾਵਾ ਨੰਨ੍ਹੇ ਮੁੰਨੇ ਬੱਚਿਆਂ ਗੁਰਛਾਇਆ ਸੋਖਲ, ਗੁਰਅੰਸ਼ ਸੋਖਲ, ਸ਼ਿਵਵੰਸ਼ ਸੰਧੂ ਨੇ ਨਤਮਸਤਕ ਹੋ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਇਨਕਲਾਬ ਜ਼ਿੰਦਾਬਾਦ, ਭਾਰਤ ਮਾਤਾ ਦੀ ਜੈ ਦੇ ਨਾਅਰੇ ਲਗਾਏ।

## ਬਾਬਾ ਪੰਜੋ ਦਾ ਸਾਲਾਨਾ ਮੇਲਾ ਧੂਮਧਾਮ ਨਾਲ ਸੰਪੰਨ

**ਸੁਲਤਾਨਪੁਰ ਲੋਧੀ, ( ਹਨੀ )** ਬਾਬਾ ਪੰਜੋ ਜੀ ਦਾ ਸਾਲਾਨਾ ਜੋੜ ਮੇਲਾ ਪਿੰਡ ਟਿੱਬਾ ਵਿਖੇ ਬੜੇ ਹੀ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਕੌੜੇ ਗੋਤ ਭਾਈਚਾਰੇ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਦੌਰਾਨ 26 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿੱਚ ਪੰਥ ਪ੍ਰਸਿੱਧ ਭਾਈ ਗੁਰਜੀਤ ਸਿੰਘ ਗੌਰੀ ਦੇ ਢਾਡੀ ਜਥੇ ਵੱਲੋਂ ਬਾਬਾ ਪੰਜੋ ਜੀ ਦੇ ਇਤਿਹਾਸ ਦੇ ਨਾਲ ਨਾਲ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਮਾਗਮ ਦੌਰਾਨ ਬਾਬਾ ਜੈ ਸਿੰਘ ਮਹਿਮਦਵਾਲ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਭਾਈ ਸਤਿੰਦਰਪਾਲ ਸਿੰਘ ਹਜ਼ੂਰੀ ਰਾਗੀ ਦਮਦਮਾ ਸਾਹਿਬ ਠੱਟਾ ਪੁਰਾਣਾ ਨੇ ਜਿੱਥੇ ਇਸ ਸਮਾਗਮ ਲਈ ਸਹਿਯੋਗ ਦੇਣ ਵਾਲੀਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਉਥੇ ਹੀ ਉਨ੍ਹਾਂ ਸੰਤ ਬਾਬਾ ਹਰਜੀਤ ਸਿੰਘ ਦਮਦਮਾ ਸਾਹਿਬ ਠੱਟਾ ਪੁਰਾਣਾ ਕਾਰ ਸੇਵਾ ਵਾਲਿਆਂ ਵੱਲੋਂ ਲੰਗਰ ਹਾਲ ਦੀ ਕਰਵਾਈ ਜਾ ਰਹੀ ਕਾਰ ਸੇਵਾ ਬਾਰੇ ਵਿਸਥਾਰਪੂਰਵਕ ਦੱਸਿਆ।ਪ੍ਰਧਾਨ ਲਖਬੀਰ ਸਿੰਘ, ਹਰਜੀਤ ਸਿੰਘ, ਭਾਈ ਸਤਿੰਦਰਪਾਲ ਸਿੰਘ, ਨਵਪ੍ਰੀਤ ਸਿੰਘ ਪ੍ਰੀਤ ਤੇ ਸਮੂਹ ਸੰਗਤਾਂ ਵੱਲੋਂ ਨਿਸ਼ਕਾਮ ਸੇਵਾ ਕੀਤੀ ਗਈ।ਇਸ ਮੌਕੇ 'ਤੇ ਹਰਬੰਸ ਸਿੰਘ ਕੌੜਾ, ਸੁੰਦਰ ਸਿੰਘ ਕੌੜਾ, ਨਿਰਮਲ ਸਿੰਘ ਕੌੜਾ, ਸਵਰਨ ਸਿੰਘ ਕੌੜਾ, ਚਰਨ ਸਿੰਘ ਕੌੜਾ, ਦਲਜੀਤ ਸਿੰਘ ਕੌੜਾ, ਕਸ਼ਮੀਰ ਸਿੰਘ ਕੌੜਾ, ਗੁਰਸ਼ਰਨ ਸਿੰਘ ਕੌੜਾ ਨਸੀਰਪੁਰ ਤੇਜਵਿੰਦਰ ਸਿੰਘ ਕੌੜਾ ਬੂਲਪੁਰ, ਸੁਰਜੀਤ ਸਿੰਘ, ਮਲਕੀਤ ਸਿੰਘ ਕੌੜਾ ਨਵਾਂ ਪਿੰਡ, ਗੁਰਨਾਮ ਸਿੰਘ ਕੌੜਾ, ਨਿਰਮਲ ਸਿੰਘ, ਰਣਜੀਤ ਸਿੰਘ ਗੁਰਵਿੰਦਰ ਸਿੰਘ ਕੋਠੇ ਬਾਜਾ ਤੋਂ ਆਦਿ ਸਮੂਹ ਸੰਗਤਾਂ ਹਾਜ਼ਰ ਸਨ।



## ਗੁਰੂ ਨਾਨਕ ਖਾਲਸਾ ਕਾਲਜ 'ਚ ਸ਼ਹੀਦੀ ਦਿਹਾੜਾ ਮਨਾਇਆ

**ਸੁਲਤਾਨਪੁਰ ਲੋਧੀ, ( ਹਨੀ )** ਗੁਰੂ ਨਾਨਕ ਖਾਲਸਾ ਕਾਲਜ ਵਿਖੇ ਐਨ ਐੱਸ ਐੱਸ ਵਿਭਾਗ ਦੇ ਪ੍ਰੋਗਰਾਮ ਅਫਸਰ ਪ੍ਰੋ.ਗਿਸ਼ੂ ਬਾਲਾ ਦੀ ਅਗਵਾਈ ਹੇਠ ਸ਼ਹੀਦ-ਏ -ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ । ਇਸ ਦੌਰਾਨ ਵਿਦਿਆਰਥੀਆਂ ਦੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਸੁਖਦੇਵ ਅਤੇ ਸ਼ਹੀਦ ਰਾਜਗੁਰੂ ਦੇ ਜੀਵਨ ਫਲਸਫੇ ਉੱਪਰ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ। ਮੰਚ ਦਾ ਸੰਚਾਲਨ ਪ੍ਰੋ. ਜਸਵੀਰ ਕੌਰ ਹਿਸਟਰੀ ਵਿਭਾਗ ਵੱਲੋਂ ਕੀਤਾ ਗਿਆ। ਬੀ.ਏ ਭਾਗ ਪਹਿਲਾ ਦੀ ਵਿਦਿਆਰਥਣ ਰਾਜਦੀਪ ਕੌਰ, ਕੋਮਲਪ੍ਰੀਤ ਕੌਰ, ਬੀ.ਏ ਭਾਗ ਦੂਜਾ ਗੁਲਸ਼ਨਪ੍ਰੀਤ ਕੌਰ, ਅਮਨਦੀਪ ਕੌਰ ਅਤੇ ਬੀ.ਏ ਭਾਗ ਤੀਜਾ ਦੀ ਜਸਲੀਨ ਕੌਰ ਅਤੇ ਨਿਸ਼ਾ ਨੇ ਪਹਿਲਾ ਸਥਾਨ ਹਾਸਲ ਕੀਤਾ।ਇਸ ਮੌਕੇ ਪ੍ਰੋ.ਗਿਸ਼ੂ ਬਾਲਾ ਨੇ ਵਿਦਿਆਰਥੀਆਂ ਨੂੰ ਭਗਤ ਸਿੰਘ ਤੇ ਹੋਰ ਮਹਾਨ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਰੱਖਣ ਦਾ ਸੁਨੇਹਾ ਦਿੱਤਾ ਅਤੇ ਜਿੰਨ੍ਹਾਂ ਆਦਰਸ਼ਾਂ ਪਿੱਛੇ ਇਹਨਾਂ ਦੇਸ਼ ਭਗਤਾਂ ਨੇ ਸ਼ਹਾਦਤ ਦਿੱਤੀ, ਉਨ੍ਹਾਂ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਯਤਨਸ਼ੀਲ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਮਨੀ ਛਾਬੜਾ, ਪ੍ਰੋ. ਸੁਖਪਾਲ ਸਿੰਘ, ਪ੍ਰੋ. ਰਾਜਦੀਪ ਕੌਰ ਜੋਸਨ, ਪ੍ਰੋ. ਰਾਜਪ੍ਰੀਤ ਕੌਰ,ਪ੍ਰੋ.ਗੁਰਪ੍ਰੀਤ ਕੌਰ,ਪ੍ਰੋ. ਜੁਗਰਾਜ ਸਿੰਘ, ਪ੍ਰੋ.ਜਸਪ੍ਰੀਤ ਕੌਰ, ਪ੍ਰੋ. ਹਰਜਾਪ ਸਿੰਘ,ਪ੍ਰੋ. ਦੀਕਸ਼ਾ ਅਤੇ ਪ੍ਰੋ. ਸਰਬਜੀਤ ਕੌਰ ਆਦਿ ਹਾਜ਼ਰ ਰਹੇ।




## ਬਿਆਸ ਪਿੰਡ ਵਿਖੇ ਰੱਖਰਾ ਗੋਤਰ ਜਠੇਰਿਆਂ ਦਾ ਮੇਲਾ 28 ਨੂੰ

**ਅਲਾਵਲਪੁਰ (ਮਦਨ ਬੰਗੜ)**- ਨਜ਼ਦੀਕ ਸਰਕਾਰੀ ਪ੍ਰਾਇਮਰੀ ਸਕੂਲ ਬਿਆਸ ਪਿੰਡ ਵਿਖੇ ਰੱਖਰਾ ਗੋਤਰ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 28 ਮਾਰਚ ਦਿਨ ਸ਼ੁੱਕਰਵਾਰ ਨੂੰ ਸ਼ਰਧਾ ਆਸਥਾ ਅਤੇ ਉੱਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਮੇਲਾ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਮੌਕੇ ਨਿਸ਼ਾਨ ਸਾਹਿਬ ਚੜਾਏ ਜਾਣਗੇ। ਮੇਲੇ ਦੌਰਾਨ ਪਹਿਲਾ ਖ਼ੂਨਦਾਨ ਕੈਂਪ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ 1 ਵਜੇ ਤੱਕ ਕਮਲ ਬਲੱਡ ਬੈਂਕ ਨੇੜੇ ਕਿਸ਼ਨਪੁਰਾ ਚੌਂਕ ਜਲੰਧਰ ਵੱਲੋਂ ਲਗਾਇਆ ਜਾਵੇਗਾ।

## ਤੇਹਿੰਗ ਕਾਲਜ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਵਿਖੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਸ਼ਰਧਾਂਜਲੀ ਪ੍ਰੋਗਰਾਮ ਉਲੀਕਿਆ ਗਿਆ। ਕਾਲਜ ਦੇ ਪ੍ਰਿੰਸੀਪਲ ਡਾ: ਪਰਮਜੀਤ ਕੌਰ ਜੱਸਲ ਦੀ ਯੋਗ ਅਗਵਾਈ ਸਦਕਾ ਪੰਜਾਬੀ ਵਿਭਾਗ ਦੇ ਕਲੱਬ ' ਕਾਵਿ-ਕਸੀਦਾ ਪੰਜਾਬੀ ਸਾਹਿਤ ਸਭਾ ' ਵੱਲੋਂ ਪੰਜਾਬ ਦੇ ਸੂਰਬੀਰਾਂ ਦੀ ਭਾਰਤ ਦੇਸ਼ ਦੀ ਅਜ਼ਾਦੀ ਲਈ ਦਿੱਤੀ ਕੁਰਬਾਨੀ ਨੂੰ ਯਾਦ ਕਰਦਿਆਂ ਕਾਲਜ ਦੇ ਵਿਦਿਆਰਥੀਆਂ ਦੇ ਸਹਿਯੋਗ ਸਦਕਾ ਇਹ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਕਾਲਜ ਦੇ ਵਿਦਿਆਰਥੀਆਂ ਜਸਪ੍ਰੀਤ ਕੌਰ, ਮਨਪ੍ਰੀਤ ਕੌਰ, ਸਿਮਰਨ, ਗਗਨਦੀਪ ਕੌਰ ਬੀ.ਏ ਭਾਗ ਪਹਿਲਾ ਨੇ ਭਾਸ਼ਣ ਪ੍ਰਤੀਯੋਗਿਤਾ ਅਤੇ ਰਾਗਿਨੀ, ਜਸਪ੍ਰੀਤ ਕੌਰ, ਲਵਪ੍ਰੀਤ ਬੀ.ਏ ਭਾਗ ਪਹਿਲਾ, ਤਨੂ ਬੀ.ਏ ਭਾਗ ਤੀਜਾ, ਮਨਦੀਪ ਕੌਰ, ਮਨਪ੍ਰੀਤ ਕੌਰ ਬੀ.ਕੌਮ ਭਾਗ ਪਹਿਲਾ ਨੇ ਕਵਿਤਾ ਤੇ ਗੀਤ-ਗਾਇਨ ਦੇ ਨਾਲ ਸਭ ਦੇ ਮਨ ਨੂੰ ਇਹਨਾਂ ਦੇਸ਼ ਭਗਤਾਂ ਦੀ ਕੁਰਬਾਨੀ ਪ੍ਰਤੀ ਖਿੱਚ ਦਾ ਕੇਂਦਰ ਬਣਾ ਲਿਆ। ਸਟੇਜ ਸਕੱਤਰ ਦੀ ਭੂਮਿਕਾ ਡਾ: ਪਰਮਜੀਤ ਕੌਰ (ਪੰਜਾਬੀ ਵਿਭਾਗ ) ਨੇ ਨਿਭਾਈ। ਪ੍ਰੋ: ਜਗਜੀਤ ਸਿੰਘ (ਪੰਜਾਬੀ ਵਿਭਾਗ) ਨੇ ਵਿਦਿਆਰਥੀਆਂ ਨੂੰ 'ਸ਼ਹਾਦਤ ਦੀ ਅਹਿਮੀਅਤ' ਤੋਂ ਜਾਣੂੰ ਕਰਵਾਇਆ। ਪ੍ਰਿੰਸੀਪਲ ਡਾ: ਜੱਸਲ ਨੇ ਵੀ ਵਿਦਿਆਰਥੀਆਂ ਦੇ ਰੂ-ਬ-ਰੂ ਹੁੰਦੇ ਹੋਏ ਭਾਰਤ ਦੇਸ਼ ਦੀ ਗੁਲਾਮੀ ਦੇ ਹਾਲਾਤ ਤੇ ਉਸ ਨੂੰ ਅਜ਼ਾਦ ਕਰਵਾਉਣ ਵਿੱਚ ਸੂਰਬੀਰਾਂ ਵੱਲੋਂ ਦਿੱਤੀਆਂ ਲਾਸਾਨੀ ਸ਼ਹਾਦਤਾਂ ਦਾ ਵਖਿਆਨ ਪੇਸ਼ ਕੀਤਾ। ਇਸ ਮੌਕੇ ਕਾਲਜ ਦੇ ਪ੍ਰੋ: ਰੁਪਿੰਦਰ ਸਿੰਘ, ਪ੍ਰੋ: ਜਸਪ੍ਰੀਤ ਕੌਰ, ਪ੍ਰੋ: ਬਬੀਤਾ ਕੁਮਾਰੀ ਅਤੇ ਪ੍ਰੋ: ਕਮਲਪ੍ਰੀਤ ਕੌਰ ਨੇ ਅਨੁਸ਼ਾਸ਼ਨ ਪੂਰਵਕ ਆਪਣੀ ਭੂਮਿਕਾ ਨਿਭਾਈ।



## ਮੰਗੂਪੁਰ ਨੇ ਕੀਤਾ ਖਟਕੜ ਕਲਾਂ ਵਿਖੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ

**ਬਲਾਚੌਰ ( ਜਸਵਿੰਦਰ ਬੈਂਸ)** ਹਲਕਾ ਬਲਾਚੌਰ ਵਿਖੇ ਪਸ਼ੂ ਹਸਪਤਾਲਾਂ 'ਚ ਡਾਕਟਰਾਂ ਨੂੰ ਲੱਭਣਾ ਹੋ ਰਿਹਾ ਮੁਸ਼ਕਲ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਅਜੇ ਮੰਗੂਪੁਰ ਨੇ ਪੱਤਰਕਾਰ ਭਾਈਚਾਰੇ ਨਾਲ ਖਟਕੜ ਕਲਾਂ ਵਿਖੇ ਕੀਤਾ।ਬੀਤੇ ਕੱਲ੍ਹ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਵੱਲੋਂ ਸਾਥੀਆਂ ਸਮੇਤ ਖਟਕੜ ਕਲਾਂ ਵਿਖੇ ਸ਼ਹੀਦੀ ਦਿਵਸ ਮੌਕੇ ਆਜ਼ਾਦੀ ਦੇ ਮਹਾਨ ਪਰਵਾਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਉਪਰੰਤ ਉਨ੍ਹਾਂ ਹਲਕਾ ਬਲਾਚੌਰ ਵਿਖੇ ਪਸ਼ੂ ਹਸਪਤਾਲਾਂ ਦੀ ਤਰਸ ਯੋਗ ਹਾਲਾਤਾਂ ਬਾਰੇ ਪੰਜਾਬ ਸਰਕਾਰ ਦੀਆਂ ਅੱਖਾਂ ਖੋਲਣ ਲਈ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਬੁੱਤ ਅੱਗੇ ਪੋਸਟਰ ਹੱਥਾਂ ਵਿੱਚ ਚੁੱਕ ਰੋਸ ਪ੍ਰਦਰਸ਼ਨ ਕੀਤਾ।ਉਨ੍ਹਾਂ ਪੱਤਰਕਾਰਾਂ ਰਾਹੀਂ ਸਰਕਾਰ ਦੇ ਕੰਨੀ ਗੱਲ ਪਹੁੰਚਾਈ ਕਿ ਹਲਕਾ ਬਲਾਚੌਰ ਵਿਖੇ ਲੋਕਾਂ ਦਾ ਮੁੱਖ ਕਿੱਤਾ ਦੁੱਧ ਉਤਪਾਦਨ ਹੈ ਅਤੇ ਲੋਕ ਮੁੱਖ ਤੌਰ 'ਤੇ ਆਮਦਨੀ ਲਈ ਪਸ਼ੂਆਂ 'ਤੇ ਨਿਰਭਰ ਹਨ।ਉਨ੍ਹਾਂ ਦੱਸਿਆ ਕਿ ਹਲਕਾ ਬਲਾਚੌਰ ਵਿਖੇ 15 ਪਸ਼ੂ ਹਸਪਤਾਲ ਅਤੇ 2 ਡਿਸਪੈਂਸਰੀਆਂ ਹਨ, ਜਿਨ੍ਹਾਂ ਵਿੱਚ ਸਿਰਫ 1 ਹੀ ਡਾਕਟਰ ਉਪਲਬੱਧ ਹੈ, ਜਿਸ ਕਰਕੇ ਇਨ੍ਹਾਂ ਪਸ਼ੂਆਂ ਦੀ ਦੇਖਭਾਲ ਲਈ ਬਹੁਤ ਮੁਸ਼ਕਲਾਂ ਦਾ ਸਾਹਮਣਾਂ ਕਰਨਾ ਪੈਂਦਾ ਹੈ। ਅਜੇ ਮੰਗੂਪੁਰ ਨੇ ਆਪ ਸਰਕਾਰ ਨੂੰ ਹਲਕਾ ਬਲਾਚੌਰ ਦੇ ਪਸ਼ੂਧਨ ਲਈ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਖੇ ਡਾਕਟਰਾਂ ਦੀ ਕਮੀ ਨੂੰ ਪੂਰਾ ਕਰਨ ਲਈ ਮੰਗ ਕੀਤੀ। ਇਸ ਮੋਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਹਰਜੀਤ ਸਿੰਘ ਜਾਡਲੀ ਮੀਤ ਪ੍ਰਧਾਨ ਡੀ.ਸੀ.ਸੀ., ਕੁਲਦੀਪ ਨਿੱਘੀ ਮੈਂਬਰ ਬੀ.ਸੀ.ਸੀ., ਦੇਸ ਰਾਜ ਹਕਲਾ ਮੈਂਬਰ ਡੀ.ਸੀ.ਸੀ., ਗੁਰਮੇਲ ਸਿੰਘ ਮੈਂਬਰ ਬੀ.ਸੀ.ਸੀ., ਬਲਵਿੰਦਰ ਸਿੰਘ ਮੈਂਬਰ ਡੀ.ਸੀ.ਸੀ, ਸਾਹਿਬ ਸਿੰਘ ਮੁੱਤੋਂ ਆਦਿ ਹਾਜ਼ਰ ਸਨ।



## ਜੇ ਸੀ ਟੀ ਮਿੱਲ ਮਜ਼ਦੂਰਾਂ ਨੇ ਪੀ ਐਫ ਦਫਤਰ ਖਿਲਾਫ਼ ਦਿੱਤਾ ਧਰਨਾ




**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ )** ਜੇ ਸੀ ਟੀ ਮਿਲ ਮਜਦੂਰਾਂ ਨੇ ਰਿਜਨਲ ਪੀ.ਐਫ. ਵਿਭਾਗ ਵਲੋਂ ਮਿਲ ਮਾਲਕਾਂ ਅਤੇ ਪ੍ਰਬੰਧਕਾਂ ਖਿਲਾਫ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਮਿਲ ਦੇ ਗੇਟ 'ਤੇ ਧਰਨਾ ਲਗਾਇਆ। ਧਰਨੇ ਦੌਰਾਨ ਸ਼ਿਵ ਸੈਨਾ ਯੂ.ਬੀ.ਟੀ. ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਵਿਸ਼ੇਸ਼ ਤੌਰ 'ਤੇ ਮਜਦੂਰਾਂ ਦੇ ਹੱਕ ਵਿਚ ਸਮਰਥਨ ਦੇਣ ਲਈ ਪਹੁੰਚੇ। ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਥਾਪਰ ਕਲੋਨੀ ਦੇ ਨਗਰ ਕੌਂਸਲਰ ਰਵੀ ਸਿੱਧੂ ਨਵਲ ਕਿਸ਼ੋਰ ਸਿੰਘ ਨੇ ਦੱਸਿਆ ਕਿ ਖੇਤਰੀ ਪੀ.ਐਫ. ਦਫਤਰ ਜਲੰਧਰ ਦਸੰਬਰ-2022 ਤੋਂ ਹੁਣ ਤੱਕ ਜੇਸੀਟੀ ਮਿਲ ਮਾਲਕਾਂ ਵਿਰੁੱਧ ਕੋਈ ਕਾਰਵਾਈ ਕਰਨ ਵਿੱਚ ਅਸਫਲ ਰਿਹਾ ਹੈ। ਜੇਸੀਟੀ ਦੇ ਪੀ.ਐਫ. ਟਰੱਸਟ ਦਾ ਵਿਭਾਗ ਵਲੋਂ ਹਰ ਤਿੰਨ ਮਹੀਨੇ ਬਾਅਦ ਆਡਿਟ ਕੀਤਾ ਜਾਂਦਾ ਸੀ, ਫਿਰ ਵੀ 2022 ਤੋਂ ਉਨ੍ਹਾਂ ਦੁਆਰਾ ਕੋਈ ਸੁਧਾਰਾਤਮਕ ਉਪਾਅ ਨਹੀਂ ਕੀਤੇ ਗਏ। ਹਰ ਨਿਰੀਖਣ ਦੌਰੇ ਦੌਰਾਨ ਅਧਿਕਾਰੀਆਂ ਨੇ ਕੰਪਨੀ ਦੇ ਗੈਸਟ ਹਾਊਸਾਂ ਵਿੱਚ ਮਹਿਮਾਨ ਨਿਵਾਜ਼ੀ ਦਾ ਆਨੰਦ ਮਾਣਿਆ ਗਿਆ। ਇਸ ਪੀ.ਐਫ. ਘੁਟਾਲੇ ਵਿੱਚ ਵਿਭਾਗੀ ਅਧਿਕਾਰੀਆਂ ਦੀ ਮਿਲੀਭੁਗਤ ਦਾ ਦੋਸ਼ ਲਗਾਉਂਦੇ ਹੋਏ ਬੁਲਾਰਿਆਂ ਨੇ ਕਿਹਾ ਕਿ ਅਧਿਕਾਰੀ ਸਿਰਫ ਜਮ੍ਹਾਂ ਕਰਵਾਈ ਗਈ ਰਕਮ ਅਤੇ ਪੇਸ਼ ਕੀਤੇ ਗਏ ਚਲਾਨਾਂ ਦੇ ਅਧਾਰ ਤੇ ਭੁਗਤਾਨਾਂ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ, ਮਜਦੂਰਾਂ ਦੀਆਂ ਤਨਖਾਹਾਂ ਵਿੱਚੋਂ ਕੱਟੀਆਂ ਗਈਆਂ ਰਕਮਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਹਨਾਂ ਨੇ ਪੀ.ਐਫ. ਟਰੱਸਟ ਫੰਡਾਂ ਵਿੱਚੋਂ ਪੀ.ਐਫ. ਅਤੇ ਵੀ.ਪੀ.ਐਫ. ਦਾ ਪੂਰਾ ਅਤੇ ਅੰਤਿਮ ਨਿਪਟਾਰਾ ਕਰਨ ਦੀ ਮੰਗ ਵੀ ਕੀਤੀ ਅਤੇ ਕਿਹਾ ਕਿ ਸਾਰੇ ਮਜਦੂਰਾਂ ਦੇ ਦਾਅਵਿਆਂ ਦਾ ਨਿਪਟਾਰਾ ਕਰਨ ਲਈ ਕਾਫ਼ੀ ਫੰਡ ਉਪਲਬਧ ਹਨ। ਆਰ.ਪੀ.ਐਫ.ਓ. ਜਲੰਧਰ ਵਲੋਂ ਮਿਲ ਮਾਲਕ ਸਮੀਰ ਥਾਪਰ, ਮੁਕੁਲਿਕਾ ਸਿਨਹਾ ਅਤੇ ਹੋਰ ਟਰੱਸਟੀਆਂ ਤੋਂ ਰਕਮ ਵਸੂਲ ਕੀਤੀ ਜਾਵੇ। ਧਰਨੇ ਵਿਚ ਮੌਜੂਦ ਸਮੂਹ ਮਿਲ ਮਜਦੂਰਾਂ ਨੇ ਕਿਹਾ ਕਿ ਮਿਲ ਨੂੰ ਬੰਦ ਕਰਨਾ ਗੈਰ-ਕਾਨੂੰਨੀ ਹੈ ਪਰ ਨਾ ਤਾਂ ਰਾਜ ਸਰਕਾਰ, ਕਿਰਤ ਵਿਭਾਗ ਤੇ ਨਾ ਹੀ ਫੈਕਟਰੀ ਵਿਭਾਗ ਨੇ ਮਿਲ ਮਾਲਕਾਂ ਵਿਰੁੱਧ ਕੋਈ ਸਖ਼ਤ ਕਾਰਵਾਈ ਕੀਤੀ ਹੈ।ਪੁਲਸ ਨੇ ਵੀ ਐਫ.ਆਈ.ਆਰ. ਦਰਜ ਕਰਨ ਦੀ ਸਿਰਫ ਖਾਨਾਪੂਰਤੀ ਕੀਤੀ ਹੈ।ਇਸ ਦੌਰਾਨ ਡਿਊਟੀ ਮੈਜਿਸਟ੍ਰੇਟ ਰਾਜੀਵ ਉੱਪਲ ਅਤੇ ਐਸ.ਐਚ.ਓ. ਸਿਟੀ ਗੌਰਵ ਧੀਰ ਧਰਨਾਕਾਰੀਆਂ ਨਾਲ ਗੱਲਬਾਤ ਕਰਨ ਲਈ ਮੌਕੇ ਤੇ ਪੁੱਜੇ ਅਤੇ ਮੰਗ ਪੱਤਰ ਪ੍ਰਾਪਤ ਕਰਦਿਆਂ ਭਰੋਸਾ ਦਿੱਤਾ ਕਿ ਉਹ ਸਰਕਾਰ ਤੱਕ ਉਹਨਾਂ ਦੀਆਂ ਮੰਗਾਂ ਨੂੰ ਪਹੁੰਚਾਉਣਗੇ। ਕਮਲ ਸਰੋਜ ਨੇ ਚਿਤਾਵਨੀ ਦਿੱਤੀ ਕਿ ਜੇਕਰ ਪੀ.ਐਫ. ਵਿਭਾਗ ਨੇ ਦੋਸ਼ੀ ਮਿਲ ਮਾਲਕਾਂ, ਟਰੱਸਟੀਆਂ ਅਤੇ ਵਿਭਾਗੀ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਨਾ ਕੀਤੀ ਤਾਂ ਸ਼ਿਵ ਸੈਨਾ ਮਜਦੂਰਾਂ ਦੇ ਹੱਕ ਵਿਚ ਫਗਵਾੜਾ ਅਤੇ ਹੁਸ਼ਿਆਰਪੁਰ ਦੇ ਸਮੂਹ ਜੇਸੀਟੀ ਮਿਲ ਮਜਦੂਰਾਂ ਨੂੰ ਨਾਲ ਲੈ ਕੇ ਪੀ.ਐਫ. ਕਮਿਸ਼ਨਰ ਦਾ ਘੇਰਾਓ ਕਰੇਗੀ। ਇਸ ਮੌਕੇ ਉਮੇਸ਼ ਗਿਰੀ, ਮਦਨ ਮਿਸ਼ਰਾ, ਸਤਿਆ ਨਾਰਾਇਣ ਸਿੰਘ, ਬੱਚੂ ਸਿੰਘ, ਦੇਵਨਾਥ ਸਿੰਘ, ਧੀਰਜ ਉਪਾਧਿਆਏ, ਜਤਿੰਦਰ, ਰਾਮ ਈਸ਼ਵਰ, ਰਵਿੰਦਰ ਯਾਦਵ, ਰਘੁਨਾਥ, ਪਵਨ ਸਿੰਘ, ਰਾਜਿੰਦਰ ਵਰਮਾ, ਰਜਨੀਸ਼ ਕੰਡਾ, ਰਾਮ ਕੁਮਾਰ, ਅਨਿਲ ਮਿਸ਼ਰਾ, ਸੰਦੀਪ ਕੁਮਾਰ, ਰਾਮ ਪਰਵੇਸ਼ ਮਿਸ਼ਰਾ, ਸ਼ਿਵ ਨਾਰਾਇਣ, ਵਿਨੋਦ ਸਿੰਘ, ਰਿੱਧੀ, ਰੀਨਾ, ਮਮਤਾ ਸਿੱਧੂ, ਸ਼ਾਰਦਾ ਦੇਵੀ, ਮੀਨੂੰ ਪਾਲ, ਡਾ. ਸ਼ਿਲਪਾ, ਸੁਨੀਤਾ ਕੌਸ਼ਲ, ਗੀਤਾ ਤਿਵਾਰੀ ਆਦਿ ਹਾਜਰ ਸਨ।

## ਸਰਕਾਰ ਪੰਜਾਬ ਨੂੰ ਸ਼ਹੀਦਾਂ ਦੇ ਸੁਪਨਿਆਂ ਵਾਲਾ ਸੂਬਾ ਬਣਾਉਣ ਲਈ ਵਚਨਬੱਧ : ਡਾ. ਰਵਜੋਤ ਸਿੰਘ

**ਲੋਹੀਆਂ ਖਾਸ (ਰੀਨਾ ਸ਼ਰਮਾ, ਯੋਗੇਸ਼ਵਰ ਸ਼ਰਮਾ)** : ਸਰਕਾਰ ਵਲੋਂ ਪੰਜਾਬ ਨੂੰ ਸ਼ਹੀਦਾਂ ਦੇ ਸੁਪਨਿਆਂ ਵਾਲਾ ਸੂਬਾ ਬਣਾਉਣ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦਸਮੇਸ਼ ਪਾਰਕ, ਲੋਹੀਆਂ ਖਾਸ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਕੀਤਾ।ਇੱਥੇ ਮੁੱਖ ਮਹਿਮਾਨ ਵਜੋਂ ਪੁੱਜੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ.ਬੀ.ਆਰ.ਅੰਬੇਡਕਰ ਦੇ ਸੁਪਨਿਆਂ ਵਾਲਾ ਪੰਜਾਬ ਸਿਰਜ ਕੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਵਚਨਬੱਧ ਹੈ। ਮੰਤਰੀ ਵੱਲੋਂ ਲੋਹੀਆਂ ਖਾਸ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ ਦੇ ਪ੍ਰੋਜੈਕਟਾਂ ਲਈ 50 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਰਵਜੋਤ ਸਿੰਘ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਸਰਕਾਰ ਵਲੋਂ ਜਿੱਥੇ ਬਜ਼ੁਰਗਾਂ, ਵਿਧਵਾਵਾਂ, ਬੇਸਹਾਰਾ ਔਰਤਾਂ ਤੇ ਬੱਚਿਆਂ ਅਤੇ ਦਿਵਿਆਂਗਨਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ, ਉੱਥੇ ਸਿੱਖਿਆ ਦੇ ਖੇਤਰ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪ੍ਰਾਈਵੇਟ ਸਕੂਲਾਂ ਦੀ ਤਰਜ 'ਤੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ 118 ਨਵੇਂ ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ ਕੀਤੀ ਗਈ ਹੈ। ਸੂਬਾ ਵਾਸੀਆਂ ਨੂੰ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਸ਼ੁਰੂ ਕੀਤੇ ਗਏ ਆਮ ਆਦਮੀ ਕਲੀਨਿਕਾਂ ਤੋਂ ਹੁਣ ਤੱਕ 3 ਕਰੋੜ ਲੋਕ ਮੁਫ਼ਤ ਇਲਾਜ ਤੇ ਦਵਾਈਆਂ ਦਾ ਲਾਭ ਉਠਾ ਚੁੱਕੇ ਹਨ।ਨਾਗਰਿਕ ਸੇਵਾਵਾਂ ਘਰਾਂ ਦੀਆਂ ਬਰੂਹਾਂ 'ਤੇ ਮੁਹੱਈਆ ਕਰਵਾਉਣ ਲਈ ਡੋਰ ਸਟੈਪ ਡਿਲੀਵਰੀ ਸੇਵਾ ਤਹਿਤ ਸਰਕਾਰੀ ਸੇਵਾਵਾਂ ਦਾ ਲਾਭ ਘਰਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸੂਬੇ ਅੰਦਰ ਨਸ਼ਿਆਂ ਦੀ ਰੋਕਥਾਮ ਲਈ ਸੂਬਾ ਸਰਕਾਰ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦੇ ਬਹੁਤ ਹੀ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਇਸ ਮੌਕੇ ਉਘੇ ਵਾਤਾਵਰਣ ਪ੍ਰੇਮੀ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਆਜ਼ਾਦੀ ਸੰਗਰਾਮ ਵਿੱਚ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਚੇਅਰਮੈਨ ਫੂਡ ਕਮਿਸ਼ਨ, ਪੰਜਾਬ ਬਾਲ ਮੁਕੰਦ ਸ਼ਰਮਾ ਦੇ ਵਿਸ਼ੇਸ਼ ਉਪਰਾਲੇ ਸਦਕਾ 'ਅਦਾਕਾਰ ਮੰਚ ਮੋਹਾਲੀ' ਵਲੋਂ ਪੰਜਾਬੀ ਨਾਟਕ 'ਧਨੁ ਲੇਖਾਰੀ ਨਾਨਕਾ' ਦਾ ਸਫ਼ਲ ਮੰਚਨ ਕੀਤਾ ਗਿਆ। ਕੈਬਨਿਟ ਮੰਤਰੀ ਵਲੋਂ ਕਾਇਦਾ-ਏ-ਨੂਰ ਕਿਤਾਬ ਵੀ ਜਾਰੀ ਕੀਤੀ ਗਈ।ਇਸ ਮੌਕੇ ਪ੍ਰਸਿੱਧ ਗਾਇਕਾ ਤੇ ਅਭਿਨੇਤਰੀ ਅਮਰ ਨੂਰੀ, ਕਪਿਲ ਸ਼ਰਮਾ ਸ਼ੋ ਫੇਮ ਦੇ ਕਾਮੇਡੀ ਕਿੰਗ ਦੀਪਕ ਰਾਜਾ ਅਤੇ ਡਿਪਟੀ ਰਾਜਾ, ਚੇਅਰਮੈਨ ਫੂਡ ਕਮਿਸ਼ਨਰ ਪੰਜਾਬ ਬਾਲ ਮੁਕੰਦ ਸ਼ਰਮਾ, ਚੇਅਰਮੈਨ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਮੰਗਲ ਸਿੰਘ ਬਸੀ, ਪਰਵਿੰਦਰ ਕੌਰ ਪ੍ਰਧਾਨ ਐਨ.ਆਈ. ਸਭਾ ਪੰਜਾਬ), ਬੀਬੀ ਰਣਜੀਤ ਕੌਰ (ਡਾਇਰੈਕਟਰ ਇੰਫੋਟੈਕ ਚੰਡੀਗੜ੍ਹ ਪੰਜਾਬ), ਆਪ ਆਗੂ ਹਲਕਾ ਇੰਚਾਰਜ ਸ਼ਾਹਕੋਟ ਪਿੰਦਰ ਪੰਡੋਰੀ, ਏ.ਡੀ.ਸੀ ਜਲੰਧਰ ਬੁੱਧੀ ਰਾਜ ਸਿੰਘ, ਐੱਸ. ਡੀ.ਐੱਮ ਸ਼ਾਹਕੋਟ ਸ਼ੁਭੀ ਅੰਗਰਾ, ਡੀ.ਐਸ.ਪੀ ਸ਼ਾਹਕੋਟ ਓਂਕਾਰ ਸਿੰਘ ਬਰਾੜ, ਐੱਸ.ਐੱਚ.ਓ ਲੋਹੀਆਂ ਖਾਸ ਲਾਭ ਸਿੰਘ, ਸੰਤ ਸੁਰਜੀਤ ਸਿੰਘ ਸੀਚੇਵਾਲ, ਵਿਪਨ ਸ਼ਰਮਾ ਚੇਅਰਮੈਨ, ਸੱਤਿਅਮ ਗਰੁੱਪ ਆਫ ਇੰਸਟੀਚਿਊਸ਼ਨਜ਼, ਹਰਬੰਸ ਸਿੰਘ ਚੰਦੀ, ਇੰਸਟੀਟਿਊਟ ਅੰਗਰੇਜ਼ ਸਿੰਘ ਤਹਸੀਲਦਾਰ ਲੋਹੀਆ ਖਾਸ, ਭਾਈ ਸੁਖਦੇਵ ਸਿੰਘ ਜਰਮਨ, ਰਸ਼ਪਾਲ ਸਿੰਘ ਥਿੰਦ ਸਿਆਟਲ, ਅਮਰੀਕਾ ਵਾਲੇ ਓਕਾਰ ਸਿੰਘ ਅੰਕਾ ਕੰਗ ਕਲਾਂ, ਜਗਜੀਤ ਸਿੰਘ ਨੋਨੀ ਪ੍ਰਧਾਨ ਨਗਰ ਪੰਚਾਇਤ, ਬਲਵਿੰਦਰ ਸਿੰਘ ਟਿੱਡੂ, ਇੰਦਰਜੀਤ ਸਿੰਘ ਬਬਲਾ, ਸਰਪੰਚ ਜੋਗਾ, ਕੁਲਵੰਤ ਰਾਏ ਸ਼ਰਮਾ, ਮਾ. ਕਰਮ ਚੰਦ ਸ਼ਰਮਾ ਸਿੰਘ, ਰਵੀ ਸ਼ੰਕਰ, ਮਾ. ਧਰਮਪਾਲ ਤੋਂ ਇਲਾਵਾ ਵੱਖ-ਵੱਖ ਸਖਸ਼ੀਅਤਾਂ ਹਾਜ਼ਰ ਸਨ।



## ਬਿਹਾਰ ਦਿਵਸ ਮਨਾਇਆ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਡੇਰਾ ਬਸੀ ਵਿਖੇ ਭਾਰਤੀ ਜਨਤਾ ਪਾਰਟੀ ਜਿਲ੍ਹਾ ਮੋਹਾਲੀ ਵੱਲੋਂ, 'ਏਕ ਭਾਰਤ ਸ੍ਰੇਸ਼ਟ ਭਾਰਤ' ਪ੍ਰੋਗਰਾਮ ਤਹਿਤ ਬਿਹਾਰ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਦੇ ਕਨਵੀਨਰ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਲੀਡਰ ਮਨਪ੍ਰੀਤ ਸਿੰਘ ਬੰਨੀ ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਮਰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਸਾਡੇ ਇਹਨਾ ਵਿਰ ਸ਼ਹੀਦਾਂ ਦੀ ਮਹਾਨ ਸ਼ਹਾਦਤ ਦੇ ਕਾਰਨ ਹੀ ਅੱਜ ਅਸੀਂ ਅਜ਼ਾਦੀ ਦਾ ਆਨੰਦ ਮਾਣ ਰਹੇ ਹਾਂ ਤੇ ਆਪਣੇ ਤਿਓਹਾਰ ਸਵਤੰਤਰਤਾ ਨਾਲ ਮਨਾ ਰਹੇ ਹਾਂ। ਬਿਹਾਰ ਦਿਵਸ ਮਨਾਇਆ ਗਿਆ ਇਸ ਕਾਰਜ ਕਰਮ ਦੀ ਪ੍ਰਧਾਨਗੀ ਭਾਜਪਾ ਜਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਟ ਨੇ ਕੀਤੀ ਅਤੇ ਮੁੱਖ ਬੁਲਾਰੇ ਦੇ ਤੌਰ 'ਤੇ ਬਿਹਾਰ ਵਿਧਾਨ ਸਭਾ ਦੇ ਐਮ ਐਲ ਸੀ ਮੈਂਬਰ ਸਚੀਦਾਨੰਦ ਰਾਏ ਅਤੇ ਉਹਨਾਂ ਦੇ ਨਾਲ ਬਿਹਾਰ ਦੇ ਸਾਬਕਾ ਸੰਗਠਨ ਮੰਤਰੀ ਮ੍ਰਿਤਯੂੰਜ ਝਾ ਰਹੇ। ਇਸ ਮੌਕੇ ਸੂਬਾ ਉਪ ਪ੍ਰਧਾਨ ਉਬੀਸੀ ਮੋਰਚਾ ਰਵਿੰਦਰ ਵੈਸ਼ਨਵ, ਜਿਲ੍ਹਾ ਸਕੱਤਰ ਰਵਿੰਦਰ ਰਾਣਾ, ਚੰਦਰਮਾ ਮਿਸ਼ਰਾ, ਅਨਿਲ ਕੁਮਾਰ ਗੁੱਡੂ, ਜਤਿੰਦਰ ਸਿੰਘ, ਡੀਕੇ ਮਿਸ਼ਰਾ ਨੇ ਆਪਣੇ ਵਿਚਾਰ ਪ੍ਰਗਟਾਏ। ਇਸ ਮੌਕੇ ਡੇਰਾਬਸੀ ਹਲਕੇ ਦੇ ਮੰਡਲ ਪ੍ਰਧਾਨ-1 ਨਵੀਨ ਸਾਂਗਵਾਨ, ਜਗਜੀਵਨ ਮਹਿਤਾ, ਸੁਰੇਸ਼ ਖਟਕੜ-3, ਰਾਕੇਸ਼ ਸ਼ਰਮਾ ਸਾਬਕਾ ਮੰਡਲ ਪ੍ਰਧਾਨ , ਦਿਨੇਸ਼ ਵੈਸ਼ਨਵ ਸਕੱਤਰ ਓਬੀਸੀ ਮੋਰਚਾ, ਪਵਨ ਧੀਮਾਨ ਪੰਮਾ, ਸੁਨੀਲ ਕੁਮਾਰ ਮਿਸ਼ਰਾ, ਬ੍ਰਿਜ ਬਿਹਾਰੀ ਪਾਂਡੇ, ਆਨੰਦ ਝਾ, ਛੋਟੇ ਲਾਲ, ਲਲਨ ਸਿੰਘ, ਬੰਗਾਲੀ ਸਿੰਘ, ਸੰਤੋਸ਼ ਝਾ, ਮਨੋਜ ਸਿੰਘ, ਅਮਰਿੰਦਰ ਸ੍ਰੀਵਾਸਤਵ ਅਤੇ ਭਾਰੀ ਸੰਖਿਆ ਵਿੱਚ ਬਿਹਾਰ ਨਾਲ ਸੰਬੰਧਿਤ ਕਈ ਮਹਲਾ ਪੁਰਸ਼ ਅਤੇ ਨੌਜਵਾਨ ਹਾਜ਼ਰ ਸਨ।

## 10 ਮਈ ਨੂੰ ਲੱਗੇਗੀ ਕੌਮੀ ਲੋਕ ਅਦਾਲਤ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾਂ-ਨਿਰਦੇਸ਼ਾਂ ਅਤੇ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ ਨਗਰ ਦੇ ਪ੍ਰਾਪਤ ਹੁਕਮਾਂ ਤਹਿਤ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ 'ਤੇ ਆਏ ਰਾਜ਼ੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਜ਼ਿਲ੍ਹੇ ਵਿਚ 10 ਮਈ, 2025 ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ। ਜ਼ਿਲ੍ਹਾ ਅਤੇ ਸੈਸ਼ਨ ਜੱਜ ਸ਼ਹੀਦ ਭਗਤ ਸਿੰਘ ਨਗਰ ਮੈਡਮ ਪ੍ਰਿਆ ਸੂਦ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿਚ ਪੈਨਸ਼ਨ ਕੇਸਾਂ ਸਮੇਤ ਸੇਵਾਵਾਂ ਦੇ ਕੇਸ, ਜ਼ਮੀਨ ਗ੍ਰਹਿਣ ਦੇ ਕੇਸ, ਰੈਵੀਨਿਊ ਕੇਸ, ਬੀ.ਐਸ.ਐਨ.ਐਲ ਦੇ ਕੇਸ, ਬੀਮਾ ਕੰਪਨੀਆਂ ਨਾਲ ਸਬੰਧਤ ਕੇਸ, ਵਿੱਤੀ ਫਾਈਨਾਸ ਦੇ ਕੇਸ, ਬੈਂਕ ਲੋਨ ਨਾਲ ਸਬੰਧਤ ਕੇਸ, ਪਾਣੀ ਦੇ ਬਿੱਲ, ਕ੍ਰਿਮੀਨਲ ਕੰਪਾਉਂਡੇਬਲ ਕੇਸ, ਚੈਕ ਬਾਊਂਸ ਨਾਲ ਸਬੰਧਿਤ ਕੇਸ, ਮੋਟਰ ਐਕਸੀਡੈਂਟ ਕਲੇਮ ਕੇਸ, ਟ੍ਰਿਬਿਊਨਲ ਨਾਲ ਸਬੰਧਿਤ ਕੇਸ, ਵਿਵਾਹਿਕ ਝਗੜੇ, ਟ੍ਰੈਫਿਕ ਚਲਾਨ, ਲੇਬਰ ਝਗੜੇ, ਬਿਜਲੀ ਅਤੇ ਹੋਰ ਰਾਜ਼ੀਨਾਮਾ ਹੋਣ ਯੋਗ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੌਮੀ ਲੋਕ ਅਦਾਲਤ ਵਿਚ ਕੇਸ ਲਗਾਉਣ ਲਈ ਜੇਕਰ ਕੋਈ ਪ੍ਰੇਸ਼ਾਨੀ ਆਉਦੀ ਹੈ ਤਾਂ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਅਤੇ ਦਫ਼ਤਰ ਦੇ ਨੰਬਰ 01823-223511 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।